ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 37 | 18 September 2019 to 24 September 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪਾਕਿ ਵਲੋਂ 9 ਨਵੰਬਰ ਤੋਂ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਐਲਾਨ

**• ਰੋਜ਼ਾਨਾ ਲੰਗਰ 'ਤੇ ਆਵੇਗੀ 10 ਲੱਖ ਦੀ ਲਾਗਤ • ਪ੍ਰਤੀ ਸ਼ਰਧਾਲੂ 200 ਰੁਪਏ ਖ਼ਰਚ ਹੋਣ ਦੀ ਸੰਭਾਵਨਾ**

**ਸ੍ਰੀ ਕਰਤਾਰਪੁਰ ਸਾਹਿਬ/ਬਿਊਰੋ ਨਿਊਜ਼ :** ਪਾਕਿਸਤਾਨ ਨੇ ਨੌਂ ਨਵੰਬਰ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਹੈ। ਪ੍ਰਾਜੈਕਟ ਡਾਇਰੈਕਟਰ ਅਤੀਫ ਮਾਜਿਦ ਨੇ ਕਰਤਾਰਪੁਰ ਲਾਂਘੇ ਦੇ ਦੌਰੇ ਦੌਰਾਨ ਨਾਰੋਵਾਲ ਵਿੱਚ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲਾਂਘੇ ਦਾ 86 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਇਸ ਲਾਂਘੇ ਰਾਹੀਂ ਸ਼ਰਧਾਲੂ ਬਿਨਾ ਵੀਜ਼ੇ ਦੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕਣਗੇ। ਮਾਜਿਦ ਨੇ ਕਿਹਾ ਕਿ ਸ਼ੁਰੂਆਤ ਵਿੱਚ ਭਾਰਤ ਤੋਂ 5 ਹਜ਼ਾਰ ਸਿੱਖ ਸ਼ਰਧਾਲੂ ਰੋਜ਼ਾਨਾ ਇੱਥੇ ਆਉਣਗੇ ਤੇ ਮਗਰੋਂ ਗਿਣਤੀ ਨੂੰ 10 ਹਜ਼ਾਰ ਤਕ ਵਧਾਇਆ ਜਾਵੇਗਾ।




ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਖੋਲ੍ਹੇ ਜਾਣ ਵਾਲੇ ਕਰਤਾਰਪੁਰ ਲਾਂਘੇ ਲਈ ਪਾਕਿਸਤਾਨ ਸਰਕਾਰ ਦੇ ਨਿਰਦੇਸ਼ਾਂ ਹੇਠ ਵੱਖ-ਵੱਖ ਵਿਭਾਗਾਂ ਦੀਆਂ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ। ਜ਼ਿਲ੍ਹਾ ਨਾਰੋਵਾਲ ਵਿਚ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਸੂਬਾਈ ਸਰਕਾਰ ਅਤੇ ਸਬੰਧਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਹੋਈ ਬੈਠਕ ਵਿਚ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਡਾ: ਆਮਿਰ ਅਹਿਮਦ, ਸਕੱਤਰ ਤਾਰਿਕ ਵਜ਼ੀਰ, ਫ਼ਰੰਟੀਅਰ ਵਰਕਜ਼ ਆਰਗੇਨਾਈਜ਼ੇਸ਼ਨ ਦੇ ਸੈਕਟਰ ਕਮਾਂਡਰ ਬ੍ਰਿਗੇਡੀਅਰ ਆਸਿਫ਼, ਡਿਪਟੀ ਕਮਿਸ਼ਨਰ ਕਸਟਮ ਤੇ ਲਾਹੌਰ ਵਿਸ਼ੇਸ਼ ਬ੍ਰਾਂਚ ਦੇ ਪੁਲਿਸ ਅਧਿਕਾਰੀ ਸ਼ਾਮਿਲ ਹੋਏ। ਬੈਠਕ ਦੌਰਾਨ ਸ਼ਰਧਾਲੂਆਂ ਨੂੰ ਭਾਰਤੀ ਟਰਮੀਨਲ ਤੋਂ ਲੈ ਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਲਿਆਉਣ ਤੇ ਵਾਪਸ ਛੱਡਣ ਦੀ ਜ਼ਿੰਮੇਵਾਰੀ ਐਫ. ਡਬਲਯੂ. ਓ. ਦੀ ਹੀ ਗਲੋਬਲ ਨੋਬਲ ਨਾਮੀ ਕੰਪਨੀ ਨੂੰ ਸੌਂਪੀ ਗਈ ਹੈ। ਇਸ ਕੰਪਨੀ ਨੂੰ ਟਰਮੀਨਲ ਦੀ ਦੇਖ-ਭਾਲ ਅਤੇ ਮੁਰੰਮਤ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਸ਼ਰਧਾਲੂਆਂ ਦੇ ਪਾਸਪੋਰਟ ਦੀ ਜਾਂਚ ਕਰਨ ਉਪਰੰਤ ਪਾਸਪੋਰਟ ਲੈ ਕੇ ਉਨ੍ਹਾਂ ਨੂੰ ਰਾਹਦਾਰੀ ਦੇ ਦਸਤਾਵੇਜ਼ ਦੇਣ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਤੋਂ ਵਾਪਸੀ ਵੇਲੇ ਪਾਸਪੋਰਟ ਵਾਪਸ ਕਰਨ ਦੀ ਜ਼ਿੰਮੇਵਾਰੀ ਫੈਡਰਲ ਇੰਵੈਸਟੀਗੇਸ਼ਨ ਏਜੰਸੀ, ਨੈਸ਼ਨਲ ਡਾਟਾਬੇਸ ਐਂਡ ਰਜਿਸਟ੍ਰੇਸ਼ਨ ਅਥਾਰਿਟੀ ਤੇ ਕਸਟਮ ਨੂੰ ਸੌਂਪੀ ਗਈ ਹੈ। ਨਸ਼ੀਲੇ ਪਦਾਰਥਾਂ ਦੀ ਰੋਕਥਾਮ ਹਿਤ ਯਾਤਰੂ ਦੇ ਸਾਮਾਨ ਦੀ ਤਲਾਸ਼ੀ ਲਈ ਐਂਟੀ ਨਾਰਕੋਟਿਕਸ ਵਿਭਾਗ ਦਾ ਕਾਊਂਟਰ ਵੀ ਟਰਮੀਨਲ ਵਿਚ ਅਲੱਗ ਤੋਂ ਸਥਾਪਤ ਕੀਤਾ ਜਾਵੇਗਾ। ਯਾਤਰਾ 'ਤੇ ਰੋਜ਼ਾਨਾ ਆਉਣ ਵਾਲੇ 5000 ਭਾਰਤੀ ਸ਼ਰਧਾਲੂਆਂ ਨੂੰ ਲੰਗਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਹੱਈਆ ਕਰਵਾਏਗੀ। ਲੰਗਰ 'ਤੇ ਰੋਜ਼ਾਨਾ 10 ਲੱਖ ਰੁਪਏ ਦਾ ਖ਼ਰਚ ਆਵੇਗਾ। ਸ਼ਰਧਾਲੂਆਂ ਦੇ ਰਹਿਣ, ਖਾਣ-ਪੀਣ ਅਤੇ ਇਲਾਜ ਸੇਵਾਵਾਂ ਦਾ ਜ਼ਿੰਮਾ ਮਹਿਕਮਾ ਔਕਾਫ਼ ਦਾ ਹੋਵੇਗਾ। ਉਪਰੋਕਤ ਸਮੇਤ ਬਾਕੀ ਵਿਭਾਗਾਂ ਨੂੰ ਆਪਣੀਆਂ ਤਿਆਰੀਆਂ ਅਗਲੇ 48 ਦਿਨਾਂ ਵਿਚ ਮੁਕੰਮਲ ਕਰਨ ਦੇ ਹੁਕਮ ਦਿੱਤੇ ਗਏ। ਦੱਸਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੀ ਸੰਘੀ ਜਾਂਚ ਏਜੰਸੀ ਨੇ ਕਰਤਾਰਪੁਰ ਲਾਂਘੇ ਲਈ ਪਾਕਿ ਸਰਕਾਰ ਪਾਸੋਂ ਨਵੰਬਰ 2019 ਤੋਂ ਪਹਿਲਾਂ-ਪਹਿਲਾਂ ਬਣਦੇ ਫ਼ੰਡ ਜਾਰੀ ਕਰਨ ਲਈ ਅਪੀਲ ਕੀਤੀ ਹੈ।

## ਭਾਰਤੀ ਪ੍ਰਧਾਨ ਮੰਤਰੀ ਮੋਦੀ ਦਾ ਅਮਰੀਕਾ ਦੌਰਾ 21 ਤੋਂ

**ਹਿਊਸਟਨ/ਏਟੀ ਨਿਊਜ਼ :** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 21 ਤੋਂ 27 ਸਤੰਬਰ ਤਕ ਅਮਰੀਕਾ ਦੇ ਦੌਰੇ 'ਤੇ ਰਹਿਣਗੇ। ਇਸ ਦੌਰਾਨ 22 ਸਤੰਬਰ ਨੂੰ ਹਿਊਸਟਨ 'ਚ ਮੋਦੀ ਅਤੇ ਟਰੰਪ ਇਕੱਠੇ ਮੰਚ ਸਾਂਝਾ ਕਰਨਗੇ ਤੇ ਭਾਰਤੀ-ਅਮਰੀਕੀ ਲੋਕਾਂ ਨੂੰ ਸੰਬੋਧਨ ਕਰਨਗੇ। ਇਸ ਦੀ ਜਾਣਕਾਰੀ ਵ੍ਹਾਇਟ ਹਾਉਸ ਨੇ ਦਿੱਤੀ। ਵ੍ਹਾਇਟ ਹਾਉਸ ਦੇ ਪ੍ਰੈਸ ਸਕਤੱਰ ਨੇ ਇੱਕ ਬਿਆਨ 'ਚ ਕਿਹਾ ਕਿਅਮਰੀਕਾ ਦੇ ਦੌਰੇ 'ਤੇ ਆਏ ਭਾਰਤੀ ਪੀਐਮ ਮੋਦੀ ਸੰਯੁਕਤ ਰਾਸ਼ਟਰ ਮਹਾਸਭਾ ਦੇ ਸਾਲਾਨਾ ਸੈਸ਼ਨ ਨੂੰ ਵੀ ਸੰਬੋਧਨ ਕਰਨਗੇ ਅਤੇ ਨਿਊਯਾਰਕ 'ਚ ਦੋ-ਪੱਖੀ ਅਤੇ ਬਹੁਪੱਖੀ ਵਾਰਤਾ 'ਚ ਸ਼ਾਮਲ ਹੋਣਗੇ। ਸੰਯੁਕਤ ਰਾਸ਼ਟਰ ਮਹਾਸਭਾ ਦੇ 74ਵੇਂ ਸੈਸ਼ਨ 'ਚ ਸੂਤਰਾਂ ਮੁਤਾਬਕ ਮੋਦੀ ਦਾ ਭਾਸ਼ਣ 27 ਸਤੰਬਰ ਦੀ ਸਵੇਰ ਦਾ ਹੋਵੇਗਾ। ਮਈ 'ਚ ਦੁਬਾਰਾ ਚੋਣ ਜਿੱਤਣ ਤੋਂ ਬਾਅਦ ਮੋਦੀ ਦਾ ਸੰਯੁਕਤ ਰਾਸ਼ਟਰ 'ਚ ਇਹ ਪਹਿਲਾ ਭਾਸ਼ਣ ਹੋਵੇਗਾ।



# ਵਿਦੇਸ਼ੀ ਸਿੱਖਾਂ ਦੀ ਕਾਲੀ ਸੂਚੀ ਨੂੰ ਖਤਮ ਕਰਨ ਦੀ ਅਸਲੀਅਤ

**ਪਟਿਆਲਾ/ਏਟੀ ਨਿਊਜ਼ :** ਲੰਘੀ 13 ਸਤੰਬਰ ਨੂੰ ਕੇਂਦਰ ਸਰਕਾਰ ਨੇ ਉਸ ਕਾਲੀ ਸੂਚੀ ਨੂੰ ਖਤਮ ਕਰਨ ਦਾ ਐਲਾਨ ਕਰ ਦਿੱਤਾ, ਜਿਸ ਰਾਹੀਂ ਉਨ੍ਹਾਂ 314 ਸਿੱਖਾਂ ਦੇ ਭਾਰਤ ਆਉਣ 'ਤੇ ਰੋਕ ਲਾਈ ਗਈ ਸੀ, ਜਿਨ੍ਹਾਂ ਨੇ ਸਾਲ 1980 ਤੋਂ 1990 ਦੇ ਦਹਾਕੇ ਦੌਰਾਨ ਭਾਰਤ ਸਰਕਾਰ ਨਾਲ ਨਾਰਾਜ਼ ਹੋ ਕੇ ਜਾਂ ਸਰਕਾਰੀ ਭੈਅ ਕਾਰਨ ਵਿਦੇਸ਼ਾਂ 'ਚ ਸਿਆਸੀ ਸ਼ਰਨ ਲੈ ਲਈ ਸੀ। ਭਾਰਤ ਸਰਕਾਰ ਦਾ ਇਹ ਦੋਸ਼ ਸੀ ਕਿ ਇਹ ਲੋਕ ਦੇਸ਼ ਪ੍ਰਤੀ ਮਾੜਾ ਪ੍ਰਚਾਰ ਕਰ ਰਹੇ ਹਨ ਤੇ ਭਾਰਤ ਨੂੰ ਵੰਡਣ ਦੀ ਸੋਚ ਰੱਖਦੇ ਹਨ, ਇਸ ਲਈ ਇਨ੍ਹਾਂ ਲੋਕਾਂ ਦੇ ਭਾਰਤ ਆਉਣ 'ਤੇ ਪਾਬੰਦੀ ਲਗਾਉਂਦਿਆਂ ਸਰਕਾਰ ਨੇ ਇਨ੍ਹਾਂ ਦੇ ਨਾਂਅ ਉਸ ਕਾਲੀ ਸੂਚੀ 'ਚ ਪਾ ਦਿੱਤੇ ਜਿਨ੍ਹਾਂ ਨੂੰ ਭਾਰਤ ਆਉਣ ਦੀ ਆਗਿਆ ਨਹੀਂ ਸੀ। ਸਮੇਂ-ਸਮੇਂ 'ਤੇ ਇਨ੍ਹਾਂ ਸਿੱਖਾਂ 'ਚੋਂ ਕਈਆਂ ਦੇ ਨਾਂਅ ਸੂਚੀ 'ਚੋਂ ਕੱਢੇ ਜਾਂਦੇ ਰਹੇ ਤੇ ਸਾਲ 2016 ਤਕ ਇਸ ਸੂਚੀ 'ਚ 314 ਨਾਂਅ ਹੀ ਬਾਕੀ ਬਚੇ ਸਨ। ਇਹ ਉਹ ਨਾਂਅ ਸਨ ਜਿਸ ਬਾਰੇ ਕਿਹਾ ਜਾ ਰਿਹਾ ਸੀ, ਇਨ੍ਹਾਂ ਦਾ ਇਸ ਸੂਚੀ 'ਚੋਂ ਨਿਕਲਣਾ ਸੰਭਵ ਨਹੀਂ ਹੈ, ਪਰ ਸਮੇਂ ਨੇ ਕਰਵਟ ਖਾਧੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੋਂ ਪਹਿਲਾਂ ਭਾਰਤ ਸਰਕਾਰ ਨੇ ਇਸ ਪੂਰੀ ਕਾਲੀ ਸੂਚੀ 'ਚੋਂ 312 ਬੰਦਿਆਂ ਦੇ ਨਾਂਅ ਬਾਹਰ ਕੱਢ ਦਿੱਤੇ ਤੇ ਹੁਣ ਸਿਰਫ 2 ਨਾਂਅ ਹੀ ਬਾਕੀ ਬਚੇ ਹਨ। ਇਥੇ ਸਵਾਲ ਇਹ ਪੈਦਾ ਹੋਇਆ ਕਿ ਇਹ ਲਿਸਟ ਹੁਣ ਹੀ ਕਿਉਂ ਖਤਮ




ਕੀਤੀ ਗਈ।ਜਿਹੜੀਆਂ ਪਾਰਟੀਆਂ ਇਸ ਸੂਚੀ ਨੂੰ ਖਤਮ ਕਰਾਉਣ ਦੀ ਦੌੜ ਵਿਚ ਲੱਗੀਆਂ ਹੋਈਆਂ ਹਨ ਉਨ੍ਹਾਂ ਦੇ ਦਾਅਵਿਆਂ 'ਚ ਕਿੰਨੀ ਕੁ ਸਚਾਈ ਹੈ ?

ਸਰਕਾਰ ਦੇ ਇਸ ਫੈਸਲੇ ਤੋਂ ਤੁਰੰਤ ਬਾਅਦ ਪੰਜਾਬ ਦੀਆਂ ਦੋ ਪ੍ਰਮੁੱਖ ਪਾਰਟੀਆਂ ਵਿਚਕਾਰ ਇਸ ਸੂਚੀ ਨੂੰ ਖਤਮ ਕਰਵਾਉਣ ਦਾ ਸਿਹਰਾ ਲੈਣ ਦੀ ਹੋੜ ਲੱਗੀ ਹੋਈ ਹੈ। ਜਿੱਥੇ ਅਕਾਲੀਆਂ ਦਾ ਇਹ ਦਾਅਵਾ ਹੈ ਕਿ ਇਹ ਸੂਚੀ ਉਨ੍ਹਾਂ ਨੇ ਖਤਮ ਕਰਵਾਈ ਹੈ, ਉਥੇ ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਇਸ ਨੂੰ ਆਪਣੇ ਯਤਨਾਂ ਦੀ ਸਫਲਤਾ ਕਰਾਰ ਦੇ ਰਹੇ ਹਨ। 'ਅੰਮ੍ਰਿਤਸਰ ਟਾਈਮਜ਼' ਨੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਇਸ ਸੂਚੀ ਨੂੰ ਖਤਮ ਕੀਤੇ ਜਾਣ ਦੀ ਪ੍ਰਕਿਰਿਆ ਕੀ ਹੁੰਦੀ ਹੈ ?

ਇਨ੍ਹਾਂ 'ਚੋਂ ਸੂਹੀਆ ਏਜੰਸੀਆਂ ਦੇ ਕੁਝ ਸੂਤਰਾਂ ਅਨੁਸਾਰ ਕੇਂਦਰ ਸਰਕਾਰ ਨੇ ਜਦੋਂ ਕਦੀ ਵੀ ਇਸ ਸੂਚੀ ਨੂੰ ਖਤਮ ਕੀਤੇ ਜਾਣ ਦਾ ਫੈਸਲਾ ਕੀਤਾ ਤਾਂ ਕੇਂਦਰ ਨੇ ਸੂਬਾ ਸਰਕਾਰ ਨੂੰ ਲਿਖਤੀ ਤੌਰ 'ਤੇ ਪੁੱਛਿਆ ਕਿ ਤੁਸੀਂ ਸੂਚੀ 'ਚ ਸ਼ਾਮਲ ਲੋਕਾਂ ਬਾਰੇ ਆਪਣੀਆਂ ਟਿੱਪਣੀਆਂ ਲਿਖ ਕੇ ਭੇਜੋ ਕਿ ਇਨ੍ਹਾਂ ਦੇ ਨਾਂਅ ਕਾਲੀ ਸੂਚੀ 'ਚੋਂ ਕੱਢੇ ਜਾ ਸਕਦੇ ਹਨ ਜਾਂ ਨਹੀਂ ? ਸੂਤਰਾਂ ਅਨੁਸਾਰ ਅਜਿਹੇ 'ਚ ਨਾ ਤਾਂ ਪੰਜਾਬ ਦੇ ਜ਼ਿਲ੍ਹਿਆਂ 'ਚ ਲੱਗੇ ਪੁਲਿਸ ਅਧਿਕਾਰੀਆਂ ਤੇ ਨਾ ਹੀ ਸਰਕਾਰ ਦੇ ਨੁਮਾਇੰਦਿਆਂ ਨੇ ਉਸ 'ਤੇ ਕੋਈ ਇਮਾਨਦਾਰਾਨਾ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ ਹੈ। ਇਸ ਦਾ ਕਾਰਨ ਦੱਸਦਿਆਂ ਸੂਤਰ ਦੋਸ਼ ਲਾਉਂਦਿਆਂ ਕਹਿੰਦੇ ਹਨ ਕਿ ਇਸ ਦੌਰਾਨ ਨਾ ਤਾਂ ਪੁਲਿਸ

ਬਾਕੀ ਸਫ਼ਾ 35 'ਤੇ

## ਯੁਨੈਸਕੋ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਜੀ ਦੀ ਬਾਣੀ ਨੂੰ ਆਲਮੀ ਬੋਲੀਆਂ ਵਿਚ ਛਾਪੇਗੀ

**ਚੰਡੀਗੜ੍ਹ/ਏਟੀ ਨਿਊਜ਼ :** ਪਹਿਲੇ ਪਾਤਿਸ਼ਾਹ ਗੁਰੂ ਨਾਨਕ ਜੀ ਦਾ 550 ਸਾਲਾ ਪ੍ਰਕਾਸ਼ ਗੁਰਪੁਰਬ ਦੁਨੀਆ ਭਰ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਪਾਵਨ ਦਿਹਾੜੇ ਸਬੰਧੀ ਜਿੱਥੇ ਸਿੱਖ ਜਗਤ ਵਲੋਂ ਵੀ ਬਹੁਭਾਂਤੀ ਸਮਾਗਮ ਉਲੀਕੇ ਗਏ ਹਨ, ਓਥੇ ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਿਆ ਜਾ ਰਿਹਾ ਹੈ ਅਤੇ ਅਮਰੀਕਾ ਦੇ ਸੂਬੇ ਨਿਊ ਜਰਸੀ ਵੱਲੋਂ ਗੁਰੂ ਸਾਹਿਬ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਨੂੰ 'ਆਲਮੀ ਬਰਾਬਰੀ ਦਿਹਾੜੇ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਸੇ ਦੌਰਾਨ ਆਲਮੀ ਅਦਾਰੇ ਯੁਨਾਇਟਡ ਨੇਸ਼ਨਜ਼ ਐਜੂਕੇਸ਼ਨਲ, ਸਾਇੰਟਿਫਿਕ ਐਂਡ ਕਲਚਰਲ ਆਰਗੇਨਾਈਜ਼ੇਸ਼ਨ (ਯੁਨੈਸਕੋ) ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਇਹ ਅਦਾਰਾ ਗੁਰੂ ਨਾਨਕ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਗੁਰੂ ਸਾਹਿਬ ਦੀ ਬਾਣੀ ਦਾ ਆਲਮੀ ਬੋਲੀਆਂ ਵਿਚ ਉਲੱਥਾ ਛਾਪ ਕੇ ਮਨਾਏਗਾ।











# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,
Total 8 APN number, one lot,
7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**

**$4,399,000**



Ranjit S Mangat
(Lic: 01922089)

## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

# Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਅਰਬ ਦੇਸ਼ਾਂ 'ਚ ਪੰਜਾਬੀ ਲੜਕੀਆਂ ਦਾ ਹੋ ਰਿਹਾ ਸ਼ੋਸ਼ਣ

## ਕੁਵੈਤ ਦੇ ਨੌਜਵਾਨਾਂ ਵਲੋਂ ਅਪੀਲ ਕਿ ਏਜੰਟਾਂ ਰਾਹੀਂ ਆਪਣੀਆਂ ਧੀਆਂ-ਭੈਣਾਂ ਨੂੰ ਵਿਦੇਸ਼ ਨਾ ਭੇਜੋ

**ਸਮਾਲਸਰ/ਏਟੀ ਨਿਊਜ਼ :**
"ਪੰਜਾਬੀਓ ਏਜੰਟਾਂ ਦੇ ਧੋਖੇ ਵਿਚ ਆ ਕੇ ਆਪਣੀਆਂ ਧੀਆਂ ਭੈਣਾਂ ਨੂੰ ਅਰਬ ਦੇਸ਼ਾਂ ਵਿਚ ਨਾ ਭੇਜੋ। ਇੱਥੇ ਉਨ੍ਹਾਂ ਦੇ ਕਰਨ ਲਈ ਕੋਈ ਕੰਮ ਨਹੀਂ ਹੈ।" ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੁਵੈਤ ਵਿਚ ਲੰਮੇ ਸਮੇਂ ਤੋਂ ਕੰਮ ਕਰਦੇ ਹੋਏ ਸਮਾਜ ਸੇਵੀ ਨੌਜਵਾਨ ਜੱਸੀ ਰਾਏਪੁਰੀਆ ਨੇ ਕੀਤਾ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਧੋਖੇਬਾਜ਼ ਏਜੰਟ ਪੰਜਾਬੀਆਂ ਦੀਆਂ ਗਰੀਬ ਧੀਆਂ ਨੂੰ ਵੱਡੇ-ਵੱਡੇ ਸ਼ਾਜਬਾਗ ਦਿਖਾ ਕੇ ਅਰਬ ਦੇਸ਼ਾਂ ਵਿਚ ਇਹ ਕਹਿ ਕੇ ਭੇਜ ਦਿੰਦੇ ਹਨ ਕਿ ਉੱਥੇ ਬਿਊਟੀ ਪਾਰਲਰ ਜਾਂ ਫੂਡ ਪੈਕਿੰਗ ਕੰਪਨੀ ਵਿਚ ਕੰਮ ਦਿੱਤਾ ਜਾਵੇਗਾ ਪਰ ਇੱਥੇ ਅਜਿਹਾ ਕੁਝ ਵੀ ਨਹੀਂ ਹੈ। ਇੱਥੇ ਲੜਕੀਆਂ ਨੂੰ ਏਜੰਟ ਧੋਖੇ ਨਾਲ ਲੈ ਜਾ ਕੇ ਵੇਚ ਦਿੰਦੇ ਹਨ ਤੇ ਅਮੀਰ ਘਰਾਂ ਦੇ ਸ਼ੇਖ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਤਾਂ ਕਰਦੇ ਹੀ ਹਨ, ਨਾਲ ਹੀ ਗੁਲਾਮਾਂ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਤੋਂ ਜਬਰਦਸਤੀ ਘਰਾਂ ਦਾ ਕੰਮ ਕਰਵਾਇਆ ਜਾਂਦਾ ਹੈ। ਇਸ ਦੀ ਉਦਾਹਰਨ ਹੈ ਉਨ੍ਹਾਂ ਵੱਲੋਂ ਪੰਜਾਬ ਬਚਾ ਕੇ ਭੇਜੀ ਗਈ ਪੂਜਾ (ਕਲਪਨਿਕ ਨਾਮ) ਨਾਮ ਦੀ ਲੜਕੀ ਜੋ ਕਿ ਧੋਖੇਬਾਜ਼ ਏਜੰਟਾਂ ਰਾਹੀਂ ਕੁਵੈਤ ਲੈ ਜਾ ਕੇ ਇੱਕ ਅਮੀਰਜ਼ਾਦੇ ਨੂੰ ਵੇਚੀ ਗਈ ਸੀ, ਜਿਸ ਦੀ ਉਨ੍ਹਾਂ ਭਿਨਕ ਪੈ ਗਈ ਤੇ ਉਸ ਨੇ ਆਪਣੇ ਸਾਥੀਆਂ ਤੇ ਕੁਵੈਤ ਵਿਚ ਸਥਿਤ ਭਾਰਤੀ ਅੰਬੈਂਸੀ ਦੇ ਅਧਿਕਾਰੀਆਂ ਦੀ ਮਦਦ ਨਾਲ ਉਸ ਭੈਣ ਨੂੰ ਨਰਕ ਭਰੀ ਜ਼ਿੰਦਗੀ ਵਿਚੋਂ ਕੱਢ ਕੇ ਵਾਪਸ ਪੰਜਾਬ ਭੇਜਿਆ ਹੈ।

BERKSHIRE HATHAWAY Home Services
Elite Real Estate

Gurdip Kaur
M.A. B.Ed.
Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641 7412 Elsie Ave. Sacramento 95828
A member of the franchise system of BHH Affiliates. LLC

# ਆਪਣੇ ਨਿੱਜੀ ਮੁਫ਼ਾਦਾਂ ਤੋਂ ਉੱਪਰ ਉੱਠਕੇ 550 ਸਾਲਾ ਸ਼ਤਾਬਦੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਮਨਾਈਏ : ਸਿੱਖ ਪੰਚਾਇਤ

**ਫਿਰ ਉੱਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ**

ਸਾਹਿਬੇ ਕਮਾਲ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਇਸ ਸਾਲ ਸਮੁੱਚਾ ਸਿੱਖ ਜਗਤ ਦੇਸ਼ਾਂ ਵਿਦੇਸ਼ਾਂ ਦੀ ਧਰਤੀ 'ਤੇ ਬਹੁਤ ਹੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਮਨਾ ਰਿਹਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਦੁਨੀਆ ਦੀਆਂ ਹੋਰਨਾਂ ਕੌਮਾਂ ਤਕ ਪਹੁੰਚਾਉਣ ਦਾ ਯਤਨ ਕਰ ਰਿਹਾ ਹੈ। ਅਸੀਂ ਉਹ ਖ਼ੁਸ਼ਕਿਸਮਤ ਤੇ ਸੁਭਾਗੇ ਲੋਕ ਹਾਂ ਜਿਨ੍ਹਾਂ ਨੂੰ ਆਪਣੀ ਜਿੰਦਗੀ ਵਿਚ ਇਹ ਸ਼ਤਾਬਦੀ ਦਿਹਾੜਾ ਮਨਾਉਣ ਦਾ ਸੁਭਾਗਾ ਸਮਾਂ ਪ੍ਰਾਪਤ ਹੋਇਆ ਹੈ। ਜਿੱਥੇ ਅਸੀਂ ਸਮੁੱਚੀ ਲੋਕਾਈ ਨੂੰ 'ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਉ' ਦਾ ਸਿਧਾਂਤ ਦ੍ਰਿੜ ਕਰਾਉਣਾ ਹੈ, ਉਥੇ ਕੁਝ ਸਾਨੂੰ ਆਪਣੇ ਅੰਦਰ ਵੀ ਝਾਤੀ ਮਾਰਨ ਦੀ ਲੋੜ ਹੈ ਕਿ ਦੂਜੀਆਂ ਕੌਮਾਂ ਨੂੰ ਆਪਣੇ ਗੁਰੂ ਦਾ ਸਿਧਾਂਤ ਦ੍ਰਿੜ ਕਰਾਉਣ ਵਾਲੇ ਅਸੀਂ ਆਪ ਕਿੰਨੇ ਕੁ ਉਸ ਸਿਧਾਂਤ 'ਤੇ ਪਹਿਰਾ ਦਿੰਦੇ ਹਨ। ਅੱਜ ਬੇਸ਼ੱਕ ਸਾਡੇ ਬਾਹਰੀ ਅਤੇ ਅੰਦਰੂਨੀ, ਚਾਹੇ ਉਹ ਦੇਸ਼ ਵਿਚ ਹਨ ਜਾਂ ਵਿਦੇਸ਼ਾਂ ਵਿਚ, ਉਨ੍ਹਾਂ ਸਾਰੇ ਵਿਚਾਰਾਂ ਨੂੰ, ਮਤਭੇਦਾਂ ਨੂੰ ਇਕ ਪਾਸੇ ਰੱਖੀਏ, ਘੱਟੋ ਘੱਟ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਪ੍ਰਕਾਸ਼ ਸ਼ਤਾਬਦੀ ਮੌਕੇ, ਜੋ ਕਿ ਨਵੰਬਰ ਵਿਚ ਮਨਾਈ ਜਾ ਰਹੀ ਹੈ। ਸਮੁੱਚਾ ਪੰਥ ਜਿੱਥੇ ਵੀ ਸ਼ਤਾਬਦੀ ਸਮਾਰੋਹ ਹੋ ਰਹੇ ਹਨ, ਵੱਧ ਚੜ੍ਹਕੇ ਸ਼ਮੂਲੀਅਤ ਕਰੇ, ਵੱਧ ਤੋਂ ਵੱਧ ਸਹਿਜ ਪਾਠ, ਜਪੁਜੀ ਸਾਹਿਬ ਦੇ ਪਾਠ ਅਤੇ ਆਪਣੇ ਬੱਚਿਆਂ ਤੋਂ ਮੂਲ ਮੰਤਰ ਦੇ ਪਾਠ ਕਰਾਏ ਜਾਣ। ਪੰਜਾਬ ਦੀ ਧਰਤੀ ਨੇ ਅਜੇ ਹੁਣੇ ਹੀ ਹੜ੍ਹਾਂ ਦਾ ਪ੍ਰਕੋਪ ਝੱਲਿਆ, ਦੁਨੀਆ ਦੇ ਕੋਨੇ ਕੋਨੇ ਵਿਚ ਬੈਠਾ ਨਾਨਕ ਨਾਮਲੇਵਾ ਸਿੱਖ ਤੜਫਿਆ ਅਤੇ ਆਪਣੀਆਂ ਕਿਰਤ ਕਮਾਈਆਂ ਵਿਚੋਂ ਤਿਲ ਫੁੱਲ ਭੇਟਾ ਕਰਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿਧਾਂਤ 'ਵੰਡ ਛਕੋ'ਦਾ ਹੋਕਾ ਦਿੱਤਾ। 550 ਸਾਲਾਂ ਤੋਂ ਲੈ ਕੇ ਹੁਣ ਤਕ ਵਕਤ ਦੇ ਹਾਕਮ ਕਿਸੇ ਨਾ ਕਿਸੇ ਰੂਪ ਵਿਚ ਧੰਨ ਗੁਰੂ ਨਾਨਕ ਦੇਵ ਜੀ ਦੇ ਨਿਰਮਲ ਪੰਥ ਨੂੰ ਢਾਹ ਲਾਉਣ ਲਈ ਹਮੇਸ਼ਾ ਯਤਨਸ਼ੀਲ ਹਨ। ਯਾਦ ਰੱਖਿਓ ਅੱਜ ਦਾ ਹਾਕਮ ਗੁਰੂ ਪਾਤਸ਼ਾਹ ਵਲੋਂ ਅਪਣਾਈ ਗੁਰਮੁਖੀ ਲਿੱਪੀ ਨੂੰ ਮਿਟਾਉਣ ਲਈ ਯਤਨਸ਼ੀਲ ਹੈ। ਜਿਸ ਦੀ ਉਦਾਹਰਣ ਤੁਹਾਡੇ ਸਾਹਮਣੇ ਹੈ, ਅੱਜ ਲੋੜ ਹੈ ਜਿੱਥੇ ਗੁਰੂ ਨਾਨਕ ਸਾਹਿਬ ਦੇ ਵਿਲੱਖਣ ਧਰਮ ਨੂੰ ਦੁਨੀਆ ਦੇ ਲੋਕਾਂ ਨਾਲ ਸਾਂਝਾ ਕਰਨਾ ਹੈ ਉਥੇ ਹੀ ਗੁਰਮੁਖੀ ਲਿੱਪੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨ ਕਰਨੇ ਚਾਹੀਦੇ ਹਨ। ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ ਅਤੇ ਸਿੱਖ ਪੰਚਾਇਤ ਦੇ ਸਮੂਹ ਸੇਵਾਦਾਰ ਸਮੁੱਚੇ ਸਿੱਖ ਜਗਤ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ ਕਿ ਆਪਣੇ ਨਿੱਜੀ, ਈਰਖਾ, ਹਾਉਮੈ ਨੂੰ ਇਕ ਪਾਸੇ ਰੱਖਦੇ ਹੋਏ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ 550 ਸਾਲਾ ਸ਼ਤਾਬਦੀ ਸ਼ਰਧਾ ਭਾਵਨਾ ਤੇ ਸਤਿਕਾਰ ਸਹਿਤ ਮਨਾਈਏ। ਗੁਰਮਤਿ ਅਤੇ ਗੁਰਬਾਣੀ ਦੀ ਰੋਸ਼ਨੀ ਵਿਚ ਇਹ ਸ਼ਤਾਬਦੀ ਮਨਾਉਂਦੇ ਹੋਏ ਆਪਣਾ ਜੀਵਨ ਸਫ਼ਲ ਕਰਨ ਦਾ ਯਤਨ ਕਰੀਏ।



**ਸਤਿਕਾਰ ਸਹਿਤ ਜੋਦੜੀ ਕਰਤਾ :**
**ਸਿੱਖ ਪੰਚਾਇਤ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ**

GLOBAL ALLIANZ
LAW FIRM LLP
US IMMIGRATION MADE EASY
ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ


Atul Kapoor
CEO
Neat Allen Sawyer
Attorney at Law
US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

## ਬਾਬਾ ਫਰੀਦ ਜੀ ਦੀ ਪਵਿੱਤਰ ਧਰਤੀ ਫਰੀਦਕੋਟ ਦੇ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਵਲੋਂ

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ





ਮਹਾਨ ਸੂਫ਼ੀ ਬਾਬਾ ਸ਼ੇਖ ਫਰੀਦ (1173-1266 ਈਸਵੀ) ਦਾ ਆਗਮਨ ਪੁਰਬ
**ਗੁਰਦੁਆਰਾ ਸਾਹਿਬ ਫਰੀਮਾਂਟ 300 ਗੁਰਦੁਆਰਾ ਰੋਡ, ਫਰੀਮਾਂਟ (ਕੈਲੀਫੋਰਨੀਆ) 94536 ਵਿਖੇ**
ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ

**ਪ੍ਰੋਗਰਾਮ**

**20 ਸਤੰਬਰ 2019 (ਸ਼ੁੱਕਰਵਾਰ)** ਆਰੰਭ ਸ੍ਰੀ ਆਖੰਡ ਪਾਠ ਸਾਹਿਬ : ਸਵੇਰੇ 10:00 ਵਜੇ
**22 ਸਤੰਬਰ 2019 ( ਐਤਵਾਰ)** ਭੋਗ ਸ੍ਰੀ ਆਖੰਡ ਪਾਠ ਸਾਹਿਬ : ਸਵੇਰੇ 10.00 ਵਜੇ

ਪੰਥ ਪ੍ਰਸਿੱਧ ਜਥਿਆਂ ਵਲੋਂ ਗੁਰਬਾਣੀ ਕੀਰਤਨ ਉਪਰੰਤ ਬਾਬਾ ਫਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਜਾਵੇਗਾ।
***ਆਪ ਸਮੂਹ ਸੰਗਤ ਨੂੰ ਇਸ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ***

ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਤੇ ਵਿਸ਼ੇਸ਼ ਤੌਰ 'ਤੇ ਪੰਥ ਪ੍ਰਸਿੱਧ ਰਾਗੀ ਜਥਾ ਭਾਈ ਨਾਇਬ ਸਿੰਘ ਨਿਮਾਣਾ ਬਾਬਾ ਫ਼ਰੀਦ ਸੰਗੀਤ ਅਕੈਡਮੀ ਵਾਲਿਆਂ ਦਾ ਜਥਾ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰੇਗਾ ਅਤੇ ਬਾਬਾ ਫ਼ਰੀਦ ਜੀ ਨੂੰ ਸਮਰਪਿਤ ਇਕ ਸੀ.ਡੀ. ਰਿਲੀਜ਼ ਕੀਤੀ ਜਾ ਰਹੀ ਹੈ। 'ਬੋਲੈ ਸ਼ੇਖ ਫ਼ਰੀਦ' ਜਿਸ ਵਿਚ 4 (ਚਾਰ) ਸ਼ਬਦ ਅਤੇ ਸਲੋਕ ਹਨ।


ਰਾਗੀ ਜਥਾ ਭਾਈ ਨਾਇਬ ਸਿੰਘ ਨਿਮਾਣਾ

**ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ :**
ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143
ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702
ਤਰਸੇਮ ਭਲਵਾਨ ਫਰੀਦਕੋਟ 510-258-9266
ਜਸਵੀਰ ਸਿੰਘ ਸੰਧੂ ਫਰੀਦਕੋਟ 510-303-8789
ਕਮਲ ਸਿੱਧੂ (ਦੌਧਰੀਆ) 510-717-9555


Star Alliance BROKERAGE



**Indianapolis, Indiana...**
**ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**ONE OF THE FASTEST GROWING CITY IN AMERICA AND BEST SCHOOL SYSTEM...**


Manjit Singh Nagra

**Manjit Singh Nagra**
Realtor/Broker
**Cell 317-750-1900**

**Gurdeep (Garry) Chhokar**
Realtor/Broker
**Cell 317-500-1247**


Gurdeep (Garry) Chhokar

**We do all type of Home and Commercial Loans, Same day loan approval...**

**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**

**6979 Hillsdale Court, Indianapolis, Indiana 46250**

5TH ANNUAL BUYER'S TRADE SHOW IN PASADENA

**FREE** ADMISSION & FOOD

# APCA

AMERICAN PETROLEUM AND CONVENIENCE STORE ASSOCIATION

## Wednesday, September 25, 2019
## 1:00 PM to 6 PM

Pasadena Convention Center
300 E Green Street
Pasadena, CA 91101

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਇਸ ਵਾਰ ਪੰਜਵਾਂ ਸਾਲਾਨਾ ਟਰੇਡ ਸ਼ੋਅ ਲਾਸ ਏਂਜਲਸ ਵਿਖੇ ਹੋਵੇਗਾ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।



**Special Vendor Deals + New Items**

100+ Vendor Booths And 400+ Retailers From All Over California

Hourly Cash Prizes A GRAND PRIZE And Free Raffle Prizes Are Being Given Away!












Designed By Punjab Mail USA

# ਸਾਰਾ ਕਸ਼ਮੀਰ ਦੁਨੀਆ ਦੀ ਵੱਡੀ ਜੇਲ੍ਹ ਵਿਚ ਤਬਦੀਲ : ਸਿੱਖ ਚਿੰਤਕ



**ਚੰਡੀਗੜ੍ਹ/ਏਟੀ ਨਿਊਜ਼ :** ਸਿੱਖ ਚਿੰਤਕਾਂ ਨੇ ਕਿਹਾ ਹੈ ਕਿ ਕਸ਼ਮੀਰ ਨੂੰ ਦੁਨੀਆ ਦੀ ਵੱਡੀ ਜੇਲ੍ਹ ਵਿਚ ਬਦਲ ਦਿੱਤਾ ਗਿਆ ਹੈ, ਜਿੱਥੇ 80 ਲੱਖ ਘੱਟ-ਗਿਣਤੀ ਲੋਕ ਘਰਾਂ ਵਿਚ ਡੱਕੇ ਹੋਏ ਹਨ ਅਤੇ ਉਨ੍ਹਾਂ ਨੂੰ ਪਿਛਲੇ 42 ਦਿਨਾਂ ਤੋਂ ਹਰ ਕਿਸਮ ਦੀ ਸੂਚਨਾ ਤੋਂ ਵਿਰਵੇ ਰੱਖਿਆ ਹੋਇਆ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਵਿਚ ਹੋਈ ਮੀਟਿੰਗ ਵਿੱਚ ਸਿੱਖ ਚਿੰਤਕਾਂ ਨੇ ਕਿਹਾ ਕਿ ਤਕਰੀਬਨ ਸਾਰਾ ਭਾਰਤੀ ਮੀਡੀਆ ਸਰਕਾਰ ਦੇ ਪ੍ਰਾਪੇਗੰਡੇ ਦਾ ਜ਼ਰੀਆ ਬਣ ਗਿਆ ਹੈ। ਕਸ਼ਮੀਰੀਆਂ ਦੇ ਦੁੱਖ ਦਰਦ ਅਤੇ ਧੱਕੇਸ਼ਾਹੀ ਬਾਰੇ ਖਬਰਾਂ ਸਿਰਫ ਬੀਬੀਸੀ ਅਤੇ ਹੋਰ ਵਿਦੇਸ਼ੀ ਮੀਡੀਆ ਰਾਹੀਂ ਬਾਹਰ ਆ ਰਹੀਆਂ ਹਨ। ਅਜਿਹੀ ਕਾਰਵਾਈ ਰਾਹੀਂ ਨਵੀਂ ਦਿੱਲੀ ਸਰਕਾਰ ਨੇ ਆਪਣੇ ਆਪ ਨੂੰ ਦੁਨੀਆਂ ਦੇ ਸਾਹਮਣੇ ਫਾਸ਼ਿਸ਼ਟ ਫਿਰਕਾਪ੍ਰਸਤ ਅਤੇ ਗੈਰ ਜ਼ਮਹੂਰੀ ਪੇਸ਼ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਦੀ ਸੰਵਿਧਾਨਕ ਪੁਜ਼ੀਸ਼ਨ ਨੂੰ ਬਦਲਣਾ, ਭਾਜਪਾ ਵੱਲੋਂ ਘੱਟ-ਗਿਣਤੀ ਵਿਰੁੱਧ ਬਦਲਾਖੋਰੀ ਦੀ ਕਾਰਵਾਈ ਹੈ, ਕਿਉਂਕਿ ਦਰਜਨ ਹੋਰ ਸੂਬੇ ਵੀ ਆਰਟੀਕਲ 371 ਥੱਲੇ ਸਪੈਸ਼ਲ ਦਰਜਾ ਮਾਣ ਰਹੇ ਹਨ।

ਸਿੱਖ ਚਿੰਤਕਾਂ ਨੇ ਕਿਹਾ ਕਿ ਸਰਕਾਰ ਨੇ ਅਜਿਹਾ ਧੱਕੇਸ਼ਾਹੀ ਵਾਲਾ ਕਦਮ ਚੁੱਕ ਕੇ ਭਾਰਤ- ਪਾਕਿਸਤਾਨ ਵਿਚ ਆਪਸੀ ਜੰਗ ਦਾ ਮਹੌਲ ਖੜ੍ਹਾ ਕਰ ਦਿੱਤਾ ਹੈ। ਭਾਰਤ ਅਤੇ ਪਾਕਿਸਤਾਨ ਦੋਹਾਂ ਕੋਲ ਐਟਮੀ ਹਥਿਆਰ ਹਨ, ਜਿਸ ਕਰਕੇ ਇਸ ਖਿੱਤੇ ਵਿਚ ਵੱਡੀ ਤਬਾਹੀ ਦੇ ਬੱਦਲ ਮੰਡਰਾ ਰਹੇ ਹਨ।

ਸਿੱਖ ਚਿੰਤਕਾਂ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਕੋਸ਼ਮੀਰੀਆਂ ਦੇ ਹੱਕ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਕੀਤੇ ਮੁਜ਼ਾਹਰਿਆਂ ਉਤੇ ਪਾਬੰਦੀਆਂ ਲਾਉਣ ਦਾ ਵਿਰੋਧ ਕੀਤਾ ਹੈ। ਉਹਨਾਂ ਕਿਹਾ ਕਿ ਸਪਸ਼ਟ ਹੈ ਕਿ ਕੈਪਟਨ ਦੋਗਲੀਆਂ ਚਾਲਾਂ ਚੱਲ ਰਿਹਾ ਹੈ ਅਤੇ ਉਸਦਾ ਅੰਦਰੋਂ-ਅੰਦਰੀਂ ਪ੍ਰਧਾਨ ਮੰਤਰੀ ਮੋਦੀ ਨਾਲ ਗਠ-ਜੋੜ ਹੈ। ਜਦੋਂ ਕਾਂਗਰਸ ਭਾਜਪਾ ਸਰਕਾਰ ਵੱਲੋਂ ਕਸ਼ਮੀਰ ਵਿਚ ਲਿਆਂਦੀਆਂ ਤਬਦੀਲੀਆਂ ਦਾ ਵਿਰੋਧ ਕਰਦੀ ਹੈ ਤਾਂ ਕੈਪਟਨ ਕਿਉਂ ਪੰਜਾਬ ਵਿਚ ਕਸ਼ੀਮੀਰੀਆਂ ਦੇ ਹੱਕ ਵਿਚ ਮੁਜ਼ਾਹਰੇ ਨਹੀਂ ਕਰਨ ਦਿੰਦਾ।

ਇਸ ਮੀਟਿਗ ਵਿਚ ਗੁਰਤੇਜ ਸਿੰਘ ਆਈਏਐਸ, ਗੁਰਦਰਸ਼ਨ ਸਿੰਘ ਢਿੱਲੋਂ, ਜਸਪਾਲ ਸਿੰਘ ਸਿੱਧੂ, ਗੁਰਪ੍ਰੀਤ ਸਿੰਘ, ਸੁਰਿੰਦਰ ਸਿੰਘ ਕਿਸ਼ਨਪੁਰਾ ਅਤੇ ਖੁਸ਼ਹਾਲ ਸਿੰਘ ਸ਼ਾਮਲ ਹੋਏ।

# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਕਾਰਸੇਵਾ ਸ਼ੁਰੂ







**ਸ਼ਿਕਾਗੋ/ਮੱਖਣ ਸਿੰਘ ਕਲੇਰ :**
ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ ਸੰਗਤਾਂ ਵਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਬੜੀ ਧੂਮਧਾਮ ਨਾਲ ਮਨਾਉਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ।ਕਾਰਸੇਵਕਾਂ ਵਿਸ਼ੇਸ਼ ਤੌਰ ਤੇ ਸ. ਸਤਨਾਮ ਸਿੰਘ ਔਲਖ, ਉਕਾਰ ਸਿੰਘ ਢਿੱਲੋਂ ਤੇ ਉਕਾਰ ਸਿੰਘ ਲਾਲ ਤੇ ਸਾਥੀਆਂ ਨੇ ਹਫਤੇ ਦੇ ਹਰ ਆਖਰੀ ਦਿਨ 'ਤੇ ਗੁਰਦੁਆਰਾ ਸਾਹਿਬ ਨੂੰ ਬਾਹਰੋਂ ਅਤੇ ਅੰਦਰੋਂ ਬੜਾ ਹੀ ਸੁੰਦਰ ਬਣਾਉਣ ਲਈ ਜੰਗੀ ਪੱਧਰ 'ਤੇ ਸੇਵਾ ਸ਼ੁਰੂ ਕੀਤੀ ਹੋਈ ਹੈ। ਹਰ ਤਰ੍ਹਾਂ ਦੀ ਲੈਂਡਸਕੇਪਿੰਗ ਕੀਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਦੇ ਸਾਰੇ ਕਮਰਿਆਂ ਨੂੰ ਅੰਦਰੋਂ ਬਾਹਰੋਂ ਰੰਗ ਰੋਗਨ ਕੀਤਾ ਜਾ ਰਿਹਾ ਹੈ।ਇਸ ਤੋਂ ਇਲਾਵਾ ਸੰਗਤਾਂ ਵਿੱਚੋਂ ਕੁਝ ਨੌਜਵਾਨਾਂ ਵਲੋਂ ਇਕੱਠੇ ਹੋ ਕੇ ਨਵੰਬਰ ਦੇ ਪੂਰੇ ਮਹੀਨੇ ਵਿੱਚ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਅਲੱਗ ਅਲੱਗ ਪ੍ਰੋਗਰਾਮ ਉਲੀਕੇ ਜਾ ਰਹੇ ਹਨ, ਜਿਨ੍ਹਾਂ ਵਿੱਚ ਨਾਮੀਂ ਕੀਰਤਨੀਏ ਜਥੇ, ਕਥਾਵਾਚਕ ਤੇ ਢਾਡੀ ਜਥੇ ਸੱਦੇ ਜਾ ਰਹੇ ਹਨ। ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ ।ਇਸ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਅਮਰੀਕਨ ਭਾਈਚਾਰੇ ਵਿੱਚ ਗੁਰੂ ਨਾਨਕ ਦੇਵ ਜੀ ਦਾ ਸਭਨਾਂ ਵਾਸਤੇ ਸਾਂਝੀਵਾਲਤਾ ਦਾ ਸੁਨੇਹਾ ਦੇਣ ਲਈ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਕਾਰਜ ਵਿੱਚ ਵਿਸ਼ੇਸ਼ ਤੌਰ 'ਤੇ ਜੈਰਾਮ ਸਿੰਘ ਕਾਹਲੋਂ, ਅੱਛਰ ਸਿੰਘ ਤੇ ਹਰਿੰਦਰਪਾਲ ਸਿੰਘ ਤੇ ਉਨਾਂ ਦੇ ਸਾਥੀ ਰਲ ਮਿਲਕੇ ਸੇਵਾਵਾਂ ਨਿਭਾਅ ਰਹੇ ਹਨ।

# ਖ਼ੁਦਕੁਸ਼ੀ ਪੀੜਤ ਪਰਿਵਾਰ ਦੀ ਮਦਦ ਲਈ ਸਰਕਾਰ ਤੋਂ ਪਹਿਲਾਂ ਪੁੱਜੇ ਸਮਾਜ ਸੇਵੀ

**ਸੰਗਰੂਰ/ਟੱਲੇਵਾਲ :**
ਪਿੰਡ ਭੋਤਨਾ ਵਿਚ ਖ਼ੁਦਕੁਸ਼ੀ ਪੀੜਤ ਪਰਿਵਾਰ ਦੇ ਨੌਜਵਾਨ ਲਵਪ੍ਰੀਤ ਦੀ ਮੌਤ ਦੇ ਛੇ ਦਿਨ ਬਾਅਦ ਵੀ ਸੂਬਾ ਸਰਕਾਰ ਵਲੋਂ ਠੰਢੀ ਹਵਾ ਦਾ ਕੋਈ ਬੁੱਲ੍ਹਾ ਨਹੀਂ ਆਇਆ ਅਤੇ ਕਰਜ਼ਾ ਮੁਆਫ਼ੀ ਜਾਂ ਹੋਰ ਸਹਾਇਤਾ ਦਾ ਐਲਾਨ ਵੀ ਨਹੀਂ ਹੋਇਆ ਜਦੋਂਕਿ ਸਮਾਜ ਸੇਵੀ ਸੰਸਥਾਵਾਂ ਪਰਿਵਾਰ ਦੀ ਮਦਦ ਲਈ ਅੱਗੇ ਆਉਣ ਲੱਗੀਆਂ ਹਨ। ਲੁਧਿਆਣਾ ਦੀ ਇਕ ਸਮਾਜ ਸੇਵੀ ਸੰਸਥਾ ਨੇ ਪਰਿਵਾਰ ਦੀ ਆਰਥਿਕ ਮਦਦ ਕੀਤੀ ਹੈ।

ਬੱਗਾ ਸਿੰਘ ਭੋਤਨਾ ਅਤੇ ਕਿਸਾਨ ਆਗੂ ਬਿੰਦਰ ਭੋਤਨਾ ਨੇ ਦੱਸਿਆ ਕਿ ਸਿੱਖ ਵੈੱਲਫ਼ੇਅਰ ਕੌਂਸਲ ਲੁਧਿਆਣਾ ਦੇ ਮੈਂਬਰਾਂ ਨੇ ਪੀੜਤ ਪਰਿਵਾਰ ਨੂੰ 50 ਹਜ਼ਾਰ ਦੀ ਸਹਾਇਤਾ ਰਾਸ਼ੀ ਦਿੱਤੀ ਹੈ। ਸੰਸਥਾ ਦੇ ਆਗੂ ਪਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਅਤੇ ਖ਼ਬਰਾਂ ਰਾਹੀਂ ਇਸ ਪਰਿਵਾਰ ਬਾਰੇ ਪਤਾ ਲੱਗਿਆ, ਜਿਸ ਮਗਰੋਂ ਉਨ੍ਹਾਂ ਦੀ ਟੀਮ ਪਰਿਵਾਰ ਦੀ ਮਦਦ ਲਈ ਪੀੜਤ ਪਰਿਵਾਰ ਦੇ ਘਰ ਪੁੱਜੀ ਹੈ। ਕਰਜ਼ੇ ਕਾਰਨ ਪਰਿਵਾਰ ਦੇ ਪੰਜ ਜੀਆਂ ਵਲੋਂ ਖ਼ੁਦਕੁਸ਼ੀ ਕਰਨਾ ਦੁੱਖਦਾਈ ਹੈ। ਉਨ੍ਹਾਂ ਨੇ 50 ਹਜ਼ਾਰ ਦੀ ਰਾਸ਼ੀ ਦਾ ਚੈੱਕ ਪਰਿਵਾਰ ਨੂੰ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਜੇ ਲਵਪ੍ਰੀਤ ਦੀ ਭੈਣ ਅੱਗੇ ਪੜ੍ਹਾਈ ਕਰਨਾ ਚਾਹੁੰਦੀ ਹੈ ਤਾਂ ਉਹ ਹਰ ਮਦਦ ਦੇਣਗੇ। ਲੜਕੀ ਦੇ ਵਿਆਹ ਲਈ ਵੀ ਮਦਦ ਕੀਤੀ ਜਾਵੇਗੀ।

ਉਨ੍ਹਾਂ ਨੇ ਪੰਜਾਬ ਦੀਆਂ ਹੋਰ ਦਾਨੀ ਸੰਸਥਾਵਾਂ ਅਤੇ ਪਰਵਾਸੀ ਪੰਜਾਬੀਆਂ ਨੂੰ ਪਰਿਵਾਰ ਦੀ ਮਦਦ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਸ ਮੌਕੇ ਸੰਸਥਾ ਦੇ ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਕੁਲਬੀਰ ਸਿੰਘ, ਅਮਰਜੀਤ ਸਿੰਘ, ਬਲਵੀਰ ਸਿੰਘ, ਜਗਜੀਤ ਸਿੰਘ, ਮੋਹਨ ਸਿੰਘ ਅਤੇ ਤਰਨਜੋਤ ਸਿੰਘ ਹਾਜ਼ਰ ਸਨ। ਉਨ੍ਹਾਂ ਸਰਕਾਰ ਤੋਂ ਪਰਿਵਾਰ ਦਾ ਸਾਰਾ ਕਰਜ਼ਾ ਮੁਆਫ਼ ਕਰਨ ਅਤੇ ਪਰਿਵਾਰ ਦੀ ਲੜਕੀ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਕੀਤੀ ਹੈ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਬੱਚਿਆਂ ਵਲੋਂ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਗਾਇਣ

## ਪੰਜਾਬੀ ਕਲਚਰਲ ਸੈਂਟਰ ਤੇ ਪੰਜਾਬੀ ਰੇਡੀਓ ਯੂਐਸਏ ਵਲੋਂ ਬਾਲ ਕਵੀ ਦਰਬਾਰ

**ਫਰਿਜ਼ਨੋ/ਏਟੀ ਨਿਊਜ਼ :**

ਪੰਜਾਬੀ ਕਲਚਰਲ ਸੈਂਟਰ ਯੂਐਸਏ.ਅਤੇ ਪੰਜਾਬੀ ਰੇਡੀਓ ਯੂਐਸਏ. ਵਲੋਂ ਗੁਰੂ ਨਾਨਕਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਬਾਲ ਕਵੀ ਦਰਬਾਰ ਵਿੱਚ ਵੱਖ-ਵੱਖ ਉਮਰ ਦੇ ਬੱਚਿਆਂ ਨੇ ਕਵਿਤਾਵਾਂ ਦੇ ਗਾਇਣ ਰਾਹੀਂ ਪਹਿਲੇ ਪਾਤਸ਼ਾਹ ਪ੍ਰਤੀ ਅਪਣੀ ਸ਼ਰਧਾ ਅਤੇ ਆਸਥਾ ਬਾਖੂਬੀ ਪ੍ਰਗਟਾਈ।



ਕਰਮਨ ਵਾਸੀ ਸਮਾਜ ਸੇਵੀ ਸ. ਸਰਬਜੀਤ ਸਿੰਘ ਸਰਾਂ ਦੇ ਸਹਿਯੋਗ ਨਾਲ ਕਰਵਾਏ ਬਾਲ ਕਵੀ ਦਰਬਾਰ ਵਿੱਚ ਲਗਭਗ 6 ਸਾਲ ਤੋਂ ਲੈ ਕੇ ਲੈ ਕੇ 16 ਸਾਲ ਤੱਕ ਦੇ ਸਕੂਲੀ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫ਼ੇ ਸਬੰਧੀ ਕਵਿਤਾਵਾਂ ਪੇਸ਼ ਕਰਕੇ ਸਰੋਤਿਆਂ ਤੋਂ ਸ਼ਾਬਾਸ਼ ਲਈ।

ਪੰਜਾਬੀ ਰੇਡੀਓ ਯੂਐਸਏ. ਦੇ ਸਟੂਡੀਓ 2125 ਐਨ ਬਾਰਟਨ ਐਵੇਨਿਊ ਫਰਿਜ਼ਨੋਂ (2125 N Barton Ave Fresno CA 93703) ਦੇ ਮੁੱਖ ਹਾਲ ਵਿੱਚ ਲੰਘੇ ਸ਼ਨਿਚਰਵਾਰ ਨੂੰ ਕਰਵਾਏ ਇਸ ਕਵੀ ਦਰਬਾਰ 'ਚ ਸ਼ਾਮਲ ਹੋਣ ਲਈ ਫਰਿਜ਼ਨੋ ਤੇ ਨੇੜਲੇ ਸ਼ਹਿਰਾਂ ਤੋਂ ਇਲਾਵਾ ਦੂਰ ਦੁਰਾਡੀਆਂ ਥਾਵਾਂ ਔਰਵਿਲ ਤੇ ਸੈਕਰਾਮੈਂਟੋ ਤੋਂ ਬੱਚੇ ਅਪਣੇ ਮਾਪਿਆਂ ਸਮੇਤ ਪਹੁੰਚੇ ਹੋਏ ਸਨ।

14 ਸਤੰਬਰ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ ਤੋਂ 5:00 ਵਜੇ ਤੱਕ ਕਰਵਾਏ ਇਸ ਆਪਣੀ ਕਿਸਮ ਦੇ ਪਹਿਲੇ ਕਵੀ ਦਰਬਾਰ ਵਿੱਚ ਗੁਰਵਿੰਦਰਪਾਲ ਸਿੰਘ ਰਾਠੌੜ, ਕਰਨਪਾਲ ਸਿੰਘ ਪਰਮਾਰ, ਸਿਮਰਜੋਤ ਕੌਰ ਭੰਘਾਣੀਆਂ, ਗੁਰਮਨਦੀਪ ਸਿੰਘ ਲੋਪੋਂ, ਸ਼ੁਭਰੀਤ ਕੌਰ, ਅਸ਼ਲੀਨ ਕੌਰ, ਅਨਮੋਲ ਕੌਰ, ਮਸਕੀਨ ਕੌਰ, ਗੁਰਚਰਨ ਸਿੰਘ, ਪ੍ਰਭਜੋਤ ਕੌਰ ਅਤੇ ਜਗਜੋਤ ਸਿੰਘ ਮਨੇਸ ਨੇ ਵੱਖ-ਵੱਖ ਸ਼ਾਇਰਾਂ ਦੀਆਂ ਰਚਨਾਵਾਂ ਸਵੈ ਭਰੋਸੇ ਨਾਲ ਬਹੁਤ ਸੋਹਣੇ ਅੰਦਾਜ਼ ਵਿੱਚ ਸੁਣਾਈਆਂ। ਬਹੁਤੇ ਬੱਚਿਆਂ ਨੇ ਪੰਜਾਬੀ ਪਰ ਕੁਝ ਨੇ ਅੰਗਰੇਜ਼ੀ ਵਿੱਚ ਕਲਾਮ ਪੇਸ਼ ਕੀਤੇ। ਹਰਗੁਣ ਕੌਰ ਮਨੇਸ ਨੇ ਸ਼ਰਧਾ ਪੂਰਬਕ ਜਪੁਜੀ ਸਾਹਿਬ ਦੀਆਂ ਛੇ ਪੌੜੀਆਂ ਦੇ ਉਚਾਰਣ ਨਾਲ ਬਾਲ ਕਵੀ ਦਰਬਾਰ ਦੀ ਸਮਾਪਤੀ ਕੀਤੀ।

ਬਾਅਦ ਵਿੱਚ ਉੱਘੇ ਸ਼ਾਇਰ ਲਛਮਣ ਸਿੰਘ ਰਾਠੌੜ, ਸੈਕਰਾਮੈਂਟੋ ਤੋਂ ਆਏ ਦਲਜੀਤ ਸਿੰਘ ਲੋਪੋਂ ਨੇ ਬੜੇ ਮਿੱਠੇ ਲਹਿਜ਼ੇ ਵਿੱਚ ਕਵੀਸ਼ਰੀ ਪ੍ਰੰਪਰਾ ਰਚਨਾ ਪੇਸ਼ ਕੀਤੀ। ਜਾਣੀ ਪਛਾਣੀ ਗਾਇਕਾ ਜੋਤ ਰਣਜੀਤ ਕੌਰ ਨੇ ਅਖ਼ੀਰ ਵਿੱਚ ਬਾਬਾ ਨਾਨਕ ਬਾਰੇ ਬਾਬੂ ਫਿਰੋਜ਼ਦੀਨ ਸ਼ਰਫ਼ ਦੀ ਰਚਨਾ ਦੇ ਗਾਇਣ ਨਾਲ ਰੰਗ ਬੰਨ੍ਹਿਆ।

ਪੰਜਾਬੀ ਕਲਚਰਲ ਸੈਂਟਰ ਯੂਐਸਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਦੇ ਰੂਪ ਵਿੱਚ ਕਰਵਾਏ ਜਾ ਰਹੇ ਇਸ ਕਵੀ ਦਰਬਾਰ ਦਾ ਮਕਸਦ ਸਾਡੀ ਨਵੀਂ ਪੀੜ੍ਹੀ ਨੂੰ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਨਾਲ ਲਗਾਤਾਰ ਜੋੜੀ ਰੱਖਣਾ ਹੈ। ਉਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਪਾਂਸਰ ਕਰਨ ਬਦਲੇ ਸ. ਸਰਬਜੀਤ ਸਿੰਘ ਸਰਾਂ ਕਰਮਨ ਪਰਿਵਾਰ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਨੂੰ ਅਜਿਹੇ ਸਮਾਜ ਸੇਵੀ ਪਰਿਵਾਰ ਦੇ ਸਾਡੇ ਨਾਲ ਜੁੜੇ ਹੋਣ ਉੱਤੇ ਮਾਣ ਹੈ। ਉਨ੍ਹਾਂ ਨੇ ਪ੍ਰੋਗਰਾਮ ਵਿੱਚ ਪਹੁੰਚੇ ਸਭਨਾਂ ਸਰੋਤਿਆਂ, ਬੱਚਿਆਂ ਖ਼ਾਸ ਕਰ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਸ਼ਾਇਰ ਸੰਤੋਖ ਮਿਨਹਾਸ ਨੇ ਪੰਜਾਬੀ ਕਲਚਰਲ ਸੈਂਟਰ ਯੂਐਸਏ. ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉੱਘੇ ਵਿਦਵਾਨ ਡਾ. ਗੁਰਮੇਲ ਸਿੱਧੂ ਨੇ ਪ੍ਰਧਾਨਗੀ ਭਾਸ਼ਨ ਵਿੱਚ ਬੱਚਿਆਂ ਨੂੰ ਵਧਾਈ ਦਿੰਦਿਆਂ ਗੁਰੂ ਸਾਹਿਬਾਨ ਦੇ ਫਲਸਫ਼ੇ, ਸਿੱਖ ਸਿਧਾਂਤਾਂ, ਪੰਜਾਬੀ ਵਿਰਸੇ ਸਮੇਤ ਅਪਣੀ ਜਨਮ ਭੂਮੀ ਨਾਲ ਜੁੜੇ ਰਹਿਣ ਲਈ ਪ੍ਰੇਰਿਆ।

ਅਖ਼ੀਰ ਵਿੱਚ ਸ. ਸਰਬਜੀਤ ਸਿੰਘ ਸਰਾਂ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਜਸਵਿੰਦਰ ਕੌਰ ਸਰਾਂ ਵਲੋਂ ਡਾ. ਗੁਰੂਮੇਲ ਸਿੱਧੂ, ਕਹਾਣੀਕਾਰ ਕਰਮ ਸਿੰਘ ਮਾਨ, ਸ਼ਾਇਰ ਸੰਤੋਖ ਸਿੰਘ ਮਿਨਹਾਸ, ਹਰਜੋਤ ਸਿੰਘ ਖਾਲਸਾ ਅਤੇ ਬੀਬੀ ਬਲਵਿੰਦਰ ਕੌਰ ਦੀ ਸਟੇਜ ਉੱਤੇ ਹਾਜ਼ਰੀ 'ਚ ਸਾਰੇ ਬੱਚਿਆਂ ਨੂੰ ਪਲੈਕ, ਪੰਜਾਬੀ ਰੇਡੀਓ ਦੀਆਂ ਟੀ ਸ਼ਰਟਾਂ, ਕੈਂਡੀਆਂ ਅਤੇ ਨਗਦ ਇਨਾਮ ਵੰਡੇ ਗਏ।

# ਜਸਵੰਤ ਸਿੰਘ ਖਾਲੜਾ ਨੇਬਰਹੁੱਡ ਪਾਰਕ ਵਿਖੇ ਸ਼ਰਧਾਂਜਲੀ ਸਮਾਗਮ

## ਭਾਈ ਖਾਲੜਾ ਦੀ ਸਿੱਖ ਸੰਘਰਸ਼ ਦੌਰਾਨ ਮਹਾਨ ਕੁਰਬਾਨੀ ਨੂੰ ਯਾਦ ਕੀਤਾ

**ਫਰਿਜ਼ਨੋ/ਏਟੀ ਨਿਊਜ਼ :**

ਪੰਜਾਬ ਦੇ ਸਿੱਖ ਸੰਘਰਸ਼ ਦੌਰਾਨ ਮਨੁੱਖੀ ਅਧਿਕਾਰਾਂ ਦੇ ਮੁੱਦਈ ਸ. ਜਸਵੰਤ ਸਿੰਘ ਖਾਲੜਾ ਦੀ ਮਹਾਨ ਕੁਰਬਾਨੀ ਨੂੰ ਸਿਜਦਾ ਕਰਨ ਲਈ ਸ਼ਹੀਦੀ ਸਮਾਗਮ 7 ਸਤੰਬਰ ਸ਼ਨਿਚਰਵਾਰ ਨੂੰ ਇੱਥੋਂ ਦੇ ਜਸਵੰਤ ਸਿੰਘ ਖਾਲੜਾ ਨੇਬਰਹੁੱਡ ਪਾਰਕ ਵਿਖੇ ਕੀਤਾ ਗਿਆ। ਸ਼ਹੀਦ ਖਾਲੜਾ ਦੀ ਬਰਸੀ ਦੇ ਸਬੰਧ ਵਿੱਚ ਕੀਤੇ ਇਸ ਸੰਖੇਪ ਪਰ ਪ੍ਰਭਾਵਸ਼ਾਲੀ ਸ਼ਰਧਾਂਜ਼ਲੀ ਸਮਾਗਮ ਦੀ ਸ਼ੁਰੂਆਤ ਸ੍ਰੀ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਜਪੁਜੀ ਸਾਹਿਬ ਦਾ ਪਾਠ ਸ. ਮਹਿੰਗਾ ਸਿੰਘ ਗਿੱਲ ਵਲੋਂ ਕੀਤਾ ਗਿਆ, ਇਸ ਤੋਂ ਬਾਅਦ ਦੇਗ ਵਰਤਾਈ ਗਈ। ਬੁਲਾਰਿਆਂ ਨੇ ਸ. ਖਾਲੜਾ ਵਲੋਂ ਸਿੱਖ ਸੰਘਰਸ਼ ਦੌਰਾਨ ਪੁਲੀਸ ਵਲੋਂ ਹਜ਼ਾਰਾਂ ਨੌਜਵਾਨਾਂ ਦੇ ਅੰਨ੍ਹੇ ਕਤਲਾਂ ਅਤੇ ਬੇਪਛਾਣੀਆਂ ਲਾਸ਼ਾਂ ਕਹਿ ਕੇ ਕੀਤੇ ਸਸਕਾਰਾਂ ਦੀ ਸੂਹ ਲਾਉਣ ਸਦਕਾ ਦੁਨੀਆ ਸਾਹਮਣੇ ਸਰਕਾਰ ਦੇ ਜ਼ੁਲਮਾਂ
ਦਾ ਭਾਂਡਾ ਭੰਨ ਕੇ ਸੱਚ ਸਾਹਮਣੇ ਲਿਆਉਣ ਬਦਲੇ ਦਿੱਤੀ ਸ਼ਹਾਦਤ ਨੂੰ ਭਰੇ ਮਨਾਂ ਨਾਲ ਯਾਦ ਕੀਤਾ। ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਤੇ ਪੰਜਾਬੀ ਰੇਡੀਓ ਯੂਐੱਸਏ. ਦੀ ਤਰਫੋਂ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮਹਾਨ ਕੁਰਬਾਨੀਆਂ ਨਾਲ ਭਰੇ ਸਿੱਖ ਇਤਿਹਾਸ ਵਿੱਚ ਸ. ਜਸਵੰਤ ਸਿੰਘ ਖਾਲੜਾ ਦਾ ਵਿਸ਼ੇਸ਼






ਸਥਾਨ ਹੈ। ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਧੱਜੀਆਂ ਉਡਾਏ ਜਾਣ ਦਾ ਪਰਦਾਫਾਸ਼ ਕਰਕੇ ਉਨ੍ਹਾਂ ਨੇ ਭਾਰਤੀ ਨਿਆਂਪਾਲਿਕਾ ਨੂੰ ਕੁੰਭਕਰਨੀ ਨੀਂਦ 'ਚੋਂ ਉਠਾਉਣ ਦਾ ਵੱਡਾ ਕਾਰਜ ਕੀਤਾ। ਖਾਲੜਾ ਪਰਿਵਾਰ ਨਾਲ ਨਿੱਜੀ ਸਬੰਧਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਖਾਲੜਾ ਪਰਿਵਾਰ ਉਨ੍ਹਾਂ ਦੀ ਧਰਮਪਤਨੀ ਬੀਬੀ ਪਰਮਜੀਤ ਕੌਰ ਖਾਲੜਾ, ਧੀ ਬੀਬੀ ਨਵਕਿਰਨ ਕੌਰ ਖਾਲੜਾ ਅਤੇ ਪੁੱਤਰ ਜਨਮੀਤ ਸਿੰਘ ਖਾਲੜਾ ਵਲੋਂ ਮੌਜੂਦਾ ਸਮੇਂ 'ਚ ਵੀ ਪੰਜਾਬ ਅਤੇ ਸਿੱਖਾਂ ਲਈ ਨਿਆਂ ਵਾਸਤੇ ਘਾਲੀ ਜਾ ਰਹੀ ਘਾਲਣਾ ਵੀ ਸਰਾਹੁਣਯੋਗ ਹੈ।

ਸ਼ਹੀਦੀ ਸਮਾਗਮ ਦੇ ਪ੍ਰਬੰਧਕਾਂ ਦੇ ਯਤਨ ਦੀ ਦਾਦ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਯਾਦਗਾਰੀ ਪਾਰਕ ਵਿੱਚ ਅੱਗੋਂ ਅਜਿਹਾ ਸਮਾਗਮ ਵੱਡੀ ਪੱਧਰ ਉੱਤੇ ਕਰਵਾਉਣ ਲਈ ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਤੇ ਪੰਜਾਬੀ ਰੇਡੀਓ ਯੂਐੱਸਏ. ਵੱਧ ਸਹਿਯੋਗ ਦੇਵੇਗਾ। ਮੁੱਖ ਪ੍ਰਬੰਧਕ ਹਰਦੇਵ ਸਿੰਘ ਸਿੱਧੂ ਦੇ ਉੱਦਮ ਅਤੇ ਅਗਵਾਈ ਹੇਠ ਹੋਏ ਇਸ ਸ਼ਰਧਾਂਜਲੀ ਸਮਾਗਮ ਵਿੱਚ ਪੁੱਜਣ ਵਾਲਿਆਂ ਵਿੱਚ ਸੁਲੱਖਣ ਸਿੰਘ ਗਿੱਲ, ਹਰਦੀਪ ਸਿੰਘ (ਪੱਪੂ) ਬਰਾੜ, ਅਵਤਾਰ ਸਿੰਘ ਸਰਪੰਚ, ਗੁਰਮੀਤ ਸਿੰਘ ਅਟਵਾਲ, ਬਿੱਲੂ ਢੀਂਡਸਾ, ਦਵਿੰਦਰ ਸਿੰਘ ਗਰੇਵਾਲ, ਮਨਜੀਤ ਸਿੰਘ ਦੀਵਾਨਾ, ਸਰਵਨ ਸਿੰਘ, ਪ੍ਰੀਤਮ ਸਿੰਘ ਸਿੱਧੂ, ਬੀਬੀ ਹਰਜਿੰਦਰ ਕੌਰ ਅਤੇ ਇੰਦਰਜੀਤ ਸਿੰਘ ਬਰਾੜ ਸ਼ਾਮਲ ਸਨ। ਪ੍ਰਬੰਧਕਾਂ ਦੀ ਤਰਫੋਂ ਸਾਰਿਆਂ ਦਾ ਧੰਨਵਾਦ ਕਰਦਿਆਂ ਸ. ਕੁਲਵੰਤ ਸਿੰਘ ਖਹਿਰਾ ਨੇ ਕਿਹਾ ਕਿ ਸ. ਖਾਲੜਾ ਨੇ ਆਪਣਿਆਂ ਨੂੰ ਇਨਸਾਫ਼ ਦਿਵਾਉਣ ਲਈ ਵੱਡੀ ਘਾਲਣਾ ਘਾਲੀ। ਦੁੱਖ ਹੈ ਕਿ ਉਨ੍ਹਾਂ ਦੇ ਕਾਤਲ ਵੀ ਅਪਣੀ ਹੀ ਕੌਮ ਵਿੱਚੋਂ ਸਨ। ਸ. ਖਾਲੜਾ ਸਮੇਤ ਸਮੂਹ ਸ਼ਹੀਦਾਂ ਦੇ ਨਿਸ਼ਾਨੇ ਦੀ ਪੂਰਤੀ ਲਈ ਕੌਮ ਲਈ ਇੱਕਮੁੱਠ ਤੇ ਸੁਚੇਤ ਹੋਣਾ ਜ਼ਰੂਰੀ ਹੈ। ਸ਼ਰਧਾਂਜਲੀ ਸਮਾਗਮ ਦੇ ਅਖ਼ੀਰ ਉੱਤੇ ਪ੍ਰਣ ਅਤੇ ਐਲਾਨ ਕੀਤਾ ਗਿਆ ਕਿ ਅਗਾਂਹ ਤੋਂ ਹਰ ਸਾਲ ਸ. ਖਾਲੜਾ ਦੀ ਬਰਸੀ ਵਾਲੇ ਹਫ਼ਤੇ ਦੇ ਸ਼ਨਿਚਰਵਾਰ ਨੂੰ ਪਾਰਕ ਵਿੱਚ ਅਤੇ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿੱਚ ਵੱਡੀ ਪੱਧਰ ਉੱਤੇ ਸ਼ਹੀਦੀ ਸਮਾਗਮ ਕੀਤਾ ਜਾਇਆ ਕਰੇਗਾ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਬੜੀ ਦੁਖਾਂਤਕ ਕਹਾਣੀ ਹੈ ਖੁਦਕੁਸ਼ੀ ਕਰ ਗਏ ਕਿਸਾਨ ਲਵਪ੍ਰੀਤ ਤੇ ਉਸ ਦੇ ਪਰਿਵਾਰ ਦੀ

## ਆਪਣੇ ਟੱਬਰ ਦੀਆਂ 4 ਪੀੜ੍ਹੀਆਂ ਵਿਚ 5ਵੀਂ ਖ਼ੁਦਕੁਸ਼ੀ ਦਾ ਦੁੱਖ ਹੰਢਾ ਰਹੀ ਏ ਗੁਰਦੇਵ ਕੌਰ

**ਬਰਨਾਲਾ/ਏਟੀ ਨਿਊਜ਼ :**
ਬਰਨਾਲਾ ਜ਼ਿਲ੍ਹੇ ਦੇ ਪਿੰਡ ਭੋਤਨਾ ਦਾ 22 ਸਾਲਾ ਕਿਸਾਨ ਲਵਪ੍ਰੀਤ ਸਿੰਘ ਆਪਣੇ ਪਿਓ-ਦਾਦੇ-ਪੜਦਾਦੇ ਦੀਆਂ ਪੈੜਾਂ ਉੱਤੇ ਤੁਰਦਿਆਂ 10 ਸਤੰਬਰ ਨੂੰ ਖ਼ੁਦਕੁਸ਼ੀ ਕਰ ਗਿਆ। ਪੰਜਾਬ ਵਿੱਚ 'ਪਿਓ-ਦਾਦੇ ਦੇ ਕਦਮਾਂ ਉੱਤੇ ਚੱਲੀਂ' ਦਿੱਤੀ ਜਾਂਦੀ ਅਸੀਸ ਭੋਤਨਾ ਪਿੰਡ ਦੇ ਇਸ ਘਰ ਵਿੱਚ ਪਹੁੰਚ ਕੇ ਕੂਕ ਬਣ ਜਾਂਦੀ ਹੈ। ਸਵਾ ਕੁ ਸਾਲ ਪਹਿਲਾਂ ਲਵਪ੍ਰੀਤ ਦੇ ਪਿਤਾ ਦੀ ਮੌਤ ਤੋਂ ਬਾਅਦ ਇਸ ਘਰ ਵਿੱਚ ਜਾਣ ਦਾ ਸਬੱਬ ਬਣਿਆ ਸੀ। ਇਸ ਪਰਿਵਾਰ ਦੇ ਦੁੱਖ ਦਾ ਅੰਦਾਜ਼ਾ ਕੌਣ ਲਗਾਵੇ, ਘਰ ਦੇ ਹਾਲਾਤ ਉਦੋਂ ਵੀ ਅਜਿਹੇ ਸਨ ਕਿ ਚੰਗਾ ਭਲਾ ਬੰਦਾ ਸੁਣ ਕੇ ਬੁੱਤ ਹੋ ਜਾਵੇ।
ਹਰਪਾਲ ਕੌਰ ਨੇ ਦੱਸਿਆ ਸੀ ਕਿ ਉਸ ਦੇ ਪਤੀ ਦੀ ਖ਼ੁਦਕੁਸ਼ੀ ਤੋਂ ਬਾਅਦ ਉਸ ਦੇ ਪੁੱਤ (ਲਵਪ੍ਰੀਤ) ਦੀ ਪੜ੍ਹਾਈ ਛੁੱਟ ਗਈ ਸੀ। ਲਵਪ੍ਰੀਤ ਉਸ ਦਿਨ ਘਰ ਨਹੀਂ ਸੀ ਪਰ ਮਾਂ ਨੇ ਦੱਸਿਆ ਸੀ ਕਿ ਉਹ ਗਿਆਰਵੀਂ ਦੇ ਇਮਤਿਹਾਨ ਪ੍ਰਾਈਵੇਟ ਵਿਦਿਆਰਥੀ ਵਜੋਂ ਦੇ ਰਿਹਾ ਹੈ। ਮਾਂ ਨੂੰ ਆਪਣੇ ਪੁੱਤ ਦੀ ਪੜ੍ਹਾਈ ਛੁੱਟ ਜਾਣ ਦਾ ਅਤੇ ਛੋਟੀ ਉਮਰ ਵਿੱਚ ਵੱਡੀਆਂ ਜ਼ਿੰਮੇਵਾਰੀ ਉਸ ਦੇ ਸਿਰ ਪੈ ਜਾਣ ਦਾ ਝੋਰਾ ਸੀ। ਇਹ ਕਹਿਣਾ ਮੁਸ਼ਕਲ ਹੈ ਕਿ ਹਰਪਾਲ ਕੌਰ ਦੇ ਦਿਲ-ਦਿਮਾਗ ਵਿੱਚ ਆਪਣੇ ਪਤੀ, ਸਹੁਰੇ ਅਤੇ ਦਾਦਾ-ਸਹੁਰਾ ਦੀਆਂ ਖ਼ੁਦਕੁਸ਼ੀਆਂ ਦਾ ਹੌਲ ਨਹੀਂ ਪੈਂਦਾ ਸੀ।
ਇਸ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਕਰਜ਼ੇ ਦੇ ਬੋਝ ਨੇ ਨਿਗਲ ਲਈਆਂ ਹਨ। ਕਰਜ਼ੇ ਦੇ ਦੈਂਤ ਨੇ 65 ਸਾਲਾ ਬਜ਼ੁਰਗ ਕਿਸਾਨ ਤੋਂ ਲੈ ਕੇ 22 ਸਾਲਾ ਨੌਜਵਾਨ ਨੂੰ ਨਿਗਲ ਲਿਆ ਹੈ ਪਰ ਇਸ ਪਰਿਵਾਰ ਦਾ ਕਰਜ਼ਾ ਜਿਉਂ ਦਾ ਤਿਉਂ ਖੜ੍ਹਾ ਹੈ।
ਪਹਿਲਾਂ ਲਵਪ੍ਰੀਤ ਦੇ ਪਿਤਾ ਕੁਲਵੰਤ ਸਿੰਘ ਨੇ ਵੀ ਕਰਜ਼ੇ ਦੇ ਬੋਝ ਕਰਕੇ ਖ਼ੁਦਕੁਸ਼ੀ ਕਰ ਲਈ ਸੀ। ਉਸ ਤੋਂ ਪਹਿਲਾਂ ਕੁਲਵੰਤ ਸਿੰਘ ਜਦੋਂ ਵੀਹ ਕੁ ਸਾਲ ਦਾ ਸੀ ਤਾਂ ਉਸ ਦੇ ਪਿਓ ਨਾਹਰ ਸਿੰਘ ਨੇ ਵੀ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ ਅਤੇ ਉਸ ਤੋਂ ਪਹਿਲਾਂ ਉਸ ਦੇ ਦਾਦੇ ਨੇ ਵੀ ਆਰਥਿਕ ਸੰਕਟ ਕਰਕੇ ਮੌਤ ਦਾ ਰਾਹ ਚੁਣ ਲਿਆ ਸੀ।
ਇਸ ਪਰਿਵਾਰ ਦੀ ਜਾਣੂ ਸੁਚਿਆਰ ਕੌਰ ਨਾਂ ਦੀ ਬਜ਼ੁਰਗ ਔਰਤ ਪਰਿਵਾਰ ਦੀ ਹੋਣੀ ਦੱਸਦੀ ਆਖਦੀ ਹੈ, "ਪਹਿਲਾਂ ਸੋਲਾਂ-ਸਤਾਰਾਂ ਕਿੱਲੇ ਜ਼ਮੀਨ ਸੀ। ਜਿਉਂ-ਜਿਉਂ ਗ਼ਰੀਬੀ ਵਧਦੀ ਗਈ ਕਰਜ਼ਾ ਵੀ ਵਧੀ ਗਿਆ। ਹੁਣ ਇੱਕ ਕਿੱਲਾ ਜ਼ਮੀਨ ਬਚੀ ਹੈ ਕਰਜ਼ਾ ਅੱਠ ਲੱਖ ਤੋਂ ਉੱਤੇ ਹੈ।" ਲਵਪ੍ਰੀਤ ਠੇਕੇ ਉੱਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ ਅਤੇ ਉਸ ਨੇ ਠੇਕੇ ਵਾਲੇ ਖੇਤ ਵਿੱਚ ਜਾ ਕੇ ਸਪਰੇਅ ਪੀ ਲਈ। ਸਚਿਆਰ ਕੌਰ ਦੱਸਦੀ ਹੈ, "ਪਹਿਲਾਂ ਲਵਪ੍ਰੀਤ ਦੇ ਪਿਓ ਨੇ ਵੀ ਚੌਦਾਂ ਕਿੱਲੇ ਜ਼ਮੀਨ ਠੇਕੇ ਉੱਤੇ ਲਈ ਸੀ। ਗੜੇਮਾਰੀ ਕਰਕੇ ਸਾਰੀ ਫ਼ਸਲ ਖ਼ਰਾਬ ਹੋ ਗਈ ਸੀ। ਉਹ ਨੂੰ ਵੀ ਇਹੀ ਝੋਰਾ ਖਾ ਗਿਆ ਸੀ।"
ਸਚਿਆਰ ਕੌਰ ਸ਼ਰੀਕੇ ਵਿੱਚੋਂ ਲਵਪ੍ਰੀਤ ਦੀ ਦਾਦੀ ਲਗਦੀ ਹੈ। ਉਹ ਆਖਦੀ ਹੈ, 'ਪਹਿਲਾਂ ਲਵਪ੍ਰੀਤ ਦੇ ਪੜਦਾਦੇ ਨੇ ਕਰਜ਼ੇ ਕਰਕੇ ਖ਼ੁਦਕੁਸ਼ੀ ਕੀਤੀ। ਫਿਰ ਇਸ ਦਾ ਦਾਦਾ ਨਾਹਰ ਸਿੰਘ ਤੇ ਦਾਦੇ ਦਾ ਭਰਾ ਭਗਵਾਨ ਸਿੰਘ ਕਰਜ਼ੇ ਕਾਰਨ ਖੁਦਕੁਸ਼ੀ ਕਰ ਗਏ। ਡੇਢ ਕੁ ਸਾਲ ਪਹਿਲਾਂ ਇਹਦਾ ਪਿਓ ਫਾਹਾ ਲੈ ਗਿਆ। ਫਿਰ ਇਹਦੇ ਚਾਚੇ ਦੀ ਬੀਮਾਰੀ ਕਾਰਨ ਮੌਤ ਹੋ ਗਈ। ਹੁਣ ਇਹ ਵੀ ਉਸੇ ਰਾਹ ਚਲਾ ਗਿਆ।"
ਮਨਜੀਤ ਕੌਰ ਨਾਲ ਦੇ ਪਿੰਡ ਚੁੰਘਾਂ ਤੋਂ ਹੈ। ਮਨਜੀਤ ਕੌਰ ਦੱਸਦੀ ਹੈ, "ਲਵਪ੍ਰੀਤ ਮੇਰੇ ਬੇਟੇ ਨਾਲ ਪੜ੍ਹਦਾ ਸੀ। ਇਨ੍ਹਾਂ ਦੀ ਬਹੁਤ ਦੋਸਤੀ ਸੀ। ਉਹ ਗੱਲ ਅੱਗੇ ਤੋਰਦੀ ਹੈ, "ਲਵਪ੍ਰੀਤ ਪੈਸਾ ਟਕਾ ਵੀ ਲੋੜ ਵੇਲੇ ਮੈਥੋਂ ਲੈ ਜਾਂਦਾ ਸੀ। ਅਕਸਰ ਕਹਿੰਦਾ ਰਹਿੰਦਾ ਸੀ ਕਿ ਸਾਡੇ ਘਰ ਦਾ ਕੁੱਝ ਨਹੀਂ ਬਚਿਆ। ਪਰਸੋਂ ਹੀ ਸਾਡੇ ਘਰ ਹੋ ਕੇ ਆਇਆ ਸੀ। ਮੈਨੂੰ ਆਪਣੀ ਭੈਣ ਦਾ ਰਿਸ਼ਤਾ ਕਰਵਾਉਣ ਲਈ ਕਹਿ ਕਿ ਆਇਆ ਸੀ। ਮੇਰੇ ਲਈ ਤਾਂ ਉਹ ਦੂਜਾ ਪੁੱਤ ਸੀ।'
ਲਵਪ੍ਰੀਤ ਦੀ ਦਾਦੀ ਗੁਰਦੇਵ ਕੌਰ ਕੋਲ ਸਰਕਾਰ ਕੋਲ ਕਰਨ ਨੂੰ ਫਰਿਆਦ ਹੀ ਹੈ, "ਮੇਰੇ ਸਹੁਰੇ ਦੇ ਮਰਨ ਤੋਂ ਲੈ ਕੇ ਮਾੜੇ ਸਮੇਂ ਨੇ ਸਾਡੇ ਘਰ ਦਾ ਖਹਿੜਾ ਹੀ ਨਹੀਂ ਛੱਡਿਆ। ਮੇਰਾ ਪੋਤਾ ਵੀ ਚਲਾ ਗਿਆ। ਘਰ ਵਿੱਚ ਹੁਣ ਮੇਰੀ ਨੂੰਹ ਅਤੇ ਪੋਤੀ ਹੀ ਬਚੀਆਂ ਹਨ। ਮੇਰੀ ਇੱਕੋ ਅਰਜ ਹੈ ਕਿ ਸਰਕਾਰ ਮੇਰੀ ਪੋਤੀ ਨੂੰ ਸਰਕਾਰੀ ਨੌਕਰੀ ਦੇਵੇ। ਘੱਟੋ-ਘੱਟ ਇਹਦੀ ਜ਼ਿੰਦਗੀ ਤਾਂ ਸੌਖੀ ਹੋਵੇ।"





ਹਰਪਾਲ ਕੌਰ ਲਵਪ੍ਰੀਤ ਦੀ ਮਾਤਾ ਆਪਣੇ ਬੇਟੇ ਦੀ ਮੌਤ ਦੇ ਸੋਗ 'ਚ (ਇਨਸੈਟ) ਲਵਪ੍ਰੀਤ ਤੇ ਲਵਪ੍ਰੀਤ ਦੀ ਦਾਦੀ ਗੁਰਦੇਵ ਕੌਰ

**ਕਰਜ਼ਾ ਮੁਆਫ਼ੀ-**
ਪੰਜਾਬ ਸਰਕਾਰ ਦੀ ਕਰਜ਼ਾ ਮੁਆਫ਼ੀ ਯੋਜਨਾ ਤਹਿਤ ਹਰਪਾਲ ਕੌਰ ਦੇ ਪਰਿਵਾਰ ਦਾ 53,000 ਰੁਪਈਆ ਮੁਆਫ਼ ਹੋਇਆ ਸੀ ਜੋ ਸਹਿਕਾਰੀ ਸਭਾ ਤੋਂ ਲਿਆ ਕਰਜ਼ਾ ਸੀ। ਲਵਪ੍ਰੀਤ ਸਿੰਘ ਦੇ ਦਾਦਾ ਨਾਹਰ ਸਿੰਘ ਦੀ ਖ਼ੁਦਕੁਸ਼ੀ ਤੋਂ ਬਾਅਦ ਦੋ ਲੱਖ ਸਰਕਾਰੀ ਮੁਆਵਜ਼ਾ ਮਿਲਿਆ ਸੀ। ਲਵਪ੍ਰੀਤ ਸਿੰਘ ਦੇ ਪਿਤਾ ਕੁਲਵੰਤ ਸਿੰਘ ਦੀ ਖ਼ੁਦਕੁਸ਼ੀ ਤੋਂ ਬਾਅਦ ਸਰਕਾਰੀ ਮੁਆਵਜ਼ਾ ਨਹੀਂ ਮਿਲਿਆ।
ਇਸ ਵੇਲੇ ਲਵਪ੍ਰੀਤ ਸਿੰਘ ਦੇ ਪਰਿਵਾਰ ਉੱਤੇ ਬੈਂਕ ਦਾ ਡੇਢ ਲੱਖ ਰੁਪਏ ਦਾ ਕਰਜ਼ਾ ਹੈ। ਇਸ ਤੋਂ ਬਿਨਾਂ ਤਿੰਨ ਲੱਖ ਰੁਪਏ ਸੱਤ ਕਨਾਲਾਂ ਜ਼ਮੀਨ ਗਹਿਣੇ ਹੈ ਅਤੇ ਇਹੋ ਉਨ੍ਹਾਂ ਦੀ ਬਚੀ ਹੋਈ ਜ਼ਮੀਨ ਹੈ। ਇਸ ਤੋਂ ਬਿਨਾਂ ਸ਼ਾਹੂਕਾਰਾ ਕਰਜ਼ਾ ਰਲਾ ਕੇ ਕੁੱਲ ਅੱਠ ਲੱਖ ਰੁਪਏ ਦਾ ਕਰਜ਼ਾ ਬਣਦਾ ਹੈ।

**ਖ਼ੁਦਕੁਸ਼ੀਆਂ ਦੀ ਮਰਦਮਸ਼ੁਮਾਰੀ-**
ਪੰਜਾਬ ਸਰਕਾਰ ਨੇ ਸਮੁੱਚੇ ਸੂਬੇ ਦੇ ਖ਼ੁਦਕੁਸ਼ੀ ਕਰਨ ਵਾਲੇ ਜੀਆਂ ਦੇ ਪਰਿਵਾਰਾਂ ਦੀ ਮਰਦਮਸ਼ੁਮਾਰੀ ਕਰਵਾਈ ਹੈ। ਸੂਬੇ ਵਿੱਚ ਸਰਕਾਰੀ ਅੰਕੜਿਆਂ ਮੁਤਾਬਕ 2000-2015 ਦੌਰਾਨ 16606 ਖ਼ੁਦਕੁਸ਼ੀਆਂ ਦਰਜ ਹੋਈਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਕੀਤੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਦੇ ਛੇ ਜ਼ਿਲਿਆਂ ਦੀਆਂ 14,667 ਕੇਸਾਂ ਵਿੱਚੋਂ ਲੁਧਿਆਣਾ ਵਿੱਚ 1238, ਮੋਗਾ ਵਿੱਚ 1423, ਬਰਨਾਲਾ ਵਿੱਚ 1706, ਬਠਿੰਡਾ ਵਿੱਚ 3094, ਸੰਗਰੂਰ ਵਿੱਚ 3818 ਅਤੇ ਮਾਨਸਾ ਵਿੱਚ 3338 ਕੇਸ ਸਾਹਮਣੇ ਆਏ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਪ੍ਰੋ. ਸੁਖਪਾਲ ਸਿੰਘ ਨੇ ਦੱਸਿਆ ਸੀ, "ਖੁਦਕੁਸ਼ੀਆਂ ਕਰਨ ਵਾਲੇ 16606 ਲੋਕਾਂ ਵਿੱਚੋਂ 9243 ਕਿਸਾਨ ਅਤੇ 7363 ਮਜ਼ਦੂਰ ਹਨ। ਸੂਬੇ ਵਿੱਚ ਸਾਲਾਨਾ 1038 ਅਤੇ ਰੋਜ਼ਾਨਾ ਤਿੰਨ ਖੁਦਕੁਸ਼ੀਆਂ ਹੋ ਰਹੀਆਂ ਹਨ।"

### ਭੈਣ ਦੇ ਵਿਆਹ ਤੋਂ ਫ਼ਿਕਰਮੰਦ ਕਿਸਾਨ ਗੱਭਰੂ ਵੱਲੋਂ ਖ਼ੁਦਕੁਸ਼ੀ

**ਸ਼ਹਿਣਾ/ਏਟੀ ਨਿਊਜ਼ :** ਉਗੋਕੇ ਵਿਚ ਜ਼ਹਿਰਲੀ ਦਵਾਈ ਪੀਣ ਵਾਲੇ ਨੌਜਵਾਨ ਕਿਸਾਨ ਜਗਸੀਰ ਸਿੰਘ (25) ਦੀ ਬਠਿੰਡਾ ਦੇ ਹਸਪਤਾਲ ਵਿਚ ਮੌਤ ਹੋ ਗਈ ਹੈ। ਕਰਜ਼ੇ ਅਤੇ ਭੈਣ ਦੇ ਵਿਆਹ ਦੀ ਚਿੰਤਾ ਵਿਚ ਉਸ ਨੇ 9 ਸਤੰਬਰ ਨੂੰ ਜ਼ਹਿਰੀਲੀ ਦਵਾਈ ਪੀ ਲਈ ਸੀ। ਜਗਸੀਰ ਸਿੰਘ ਦਾ ਸਾਲ ਭਰ ਪਹਿਲਾਂ ਵਿਆਹ ਹੋਇਆ ਸੀ। ਉਸ ਨੂੰ ਤੀਸਰੀ ਭੈਣ ਦੇ ਵਿਆਹ ਦੀ ਚਿੰਤਾ ਸੀ ਅਤੇ ਉਸ ਕੋਲ ਖ਼ਰਚੇ ਆਦਿ ਲਈ ਪੈਸੇ ਨਹੀਂ ਸਨ। ਉਸ ਦੇ ਸਿਰ 8 ਲੱਖ ਦੇ ਕਰੀਬ ਕਰਜ਼ਾ ਸੀ ਅਤੇ 2 ਕਿੱਲੇ ਜ਼ਮੀਨ 'ਤੇ ਖੇਤੀ ਕਰਦਾ ਸੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸਿਮਰਜੀਤ ਸਿੰਘ ਬੈਂਸ ਦੀਆਂ ਵਧੀਆਂ ਮੁਸ਼ਕਲਾਂ, ਹੋ ਸਕਦੇ ਹਨ ਗ੍ਰਿਫਤਾਰ

**ਗੁਰਦਾਸਪੁਰ/ਏਟੀ ਨਿਊਜ਼ :** ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਵਿਪੁਲ ਉਜਵਲ ਨਾਲ ਬਦਸਲੂਕੀ ਮਾਮਲੇ 'ਚ ਸੈਸ਼ਨ ਜੱਜ ਰਮੇਸ਼ ਕੁਮਾਰੀ ਨੇ ਬੈਂਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਜ਼ਮਾਨਤ ਅਰਜ਼ੀ ਰੱਦ ਹੋਣ ਤੋਂ ਬਾਅਦ ਇਹ ਚਰਚਾ ਹੈ ਕਿ ਹੁਣ ਬੈਂਸ ਨੂੰ ਪੁਲਿਸ ਕਿਸੇ ਵੀ ਸਮੇਂ ਗ੍ਰਿਫਤਾਰ ਕਰ ਸਕਦੀ ਹੈ। ਦੂਜੇ ਪਾਸੇ ਇਹ ਖ਼ਬਰਾਂ ਵੀ ਆਈਆਂ ਸਨ ਕਿ ਬੈਂਸ ਅਰਜ਼ੀ ਰੱਦ ਹੋਣ ਤੋਂ ਬਾਅਦ ਹਾਈ ਕੋਰਟ ਅੰਦਰ ਅਪੀਲ ਕਰਨ ਜਾ ਰਹੇ ਹਨ।



ਜਾਣਕਾਰੀ ਮੁਤਾਬਿਕ ਜਿਲ੍ਹਾ ਅਟਾਰਨੀ ਵੱਲੋਂ ਆਪਣਾ ਪੱਖ ਰੱਖਦਿਆਂ ਇਹ ਕਿਹਾ ਗਿਆ ਸੀ ਕਿ ਬੈਂਸ ਵੱਲੋਂ ਡੀਸੀ ਨਾਲ ਬਦਸਲੂਕੀ ਮਾਮਲੇ 'ਚ ਉਨ੍ਹਾਂ ਦੀ ਗ੍ਰਿਫਤਾਰੀ ਬੇਹੱਦ ਜ਼ਰੂਰੀ ਹੈ। ਸੂਤਰਾਂ ਅਨੁਸਾਰ ਉਨ੍ਹਾਂ ਇਹ ਵੀ ਕਿਹਾ ਕਿ ਘਟਨਾ ਸਮੇਂ ਬੈਂਸ ਨਾਲ ਵੱਡੀ ਤਦਾਦ ਵਿਚ ਲੋਕ ਮੌਜੂਦ ਸਨ ਅਤੇ ਉਨ੍ਹਾਂ ਦਾ ਇਰਾਦਾ ਠੀਕ ਨਹੀਂ ਸੀ, ਇਸ ਲਈ ਬੈਂਸ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ ਪੁੱਛ ਗਿੱਛ ਕੀਤੀ ਜਾਵੇ ਤਾਂ ਜੋ ਮਾਮਲੇ ਦੀ ਸਹੀ ਛਾਣਬੀਣ ਹੋ ਸਕੇ। ਦੂਜੇ ਪਾਸੇ ਬੈਂਸ ਦੇ ਵਕੀਲਾਂ ਨੇ ਸਰਕਾਰੀ ਪੱਖ ਵੱਲੋਂ ਲਾਏ ਗਏ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਬੈਂਸ ਨਾਲ ਉਸ ਦਿਨ ਜੋ ਵੀ ਡਿਪਟੀ ਕਮਿਸ਼ਨਰ ਦੇ ਦਫਤਰ ਅੰਦਰ ਗਏ ਸਨ, ਉਹ ਬਟਾਲਾ ਫੈਕਟਰੀ ਧਮਾਕੇ 'ਚ ਲਾਪਤਾ ਹੋਏ ਵਿਅਕਤੀ ਦਾ ਭਰਾ ਸਤਨਾਮ ਸਿੰਘ ਅਤੇ ਹੋਰ ਰਿਸ਼ਤੇਦਾਰ ਸਨ ਅਤੇ ਉਹ ਸਥਾਨਕ ਵਸਨੀਕ ਹੀ ਸਨ। ਪਤਾ ਇਹ ਵੀ ਲੱਗਾ ਹੈ ਕਿ ਇਸ ਬਹਿਸ ਦੌਰਾਨ ਮੁੱਖ ਮੰਤਰੀ ਦੇ ਉਸ ਬਿਆਨ ਦਾ ਵੀ ਹਵਾਲਾ ਦਿੱਤਾ ਗਿਆ ਜਿਸ ਵਿਚ ਉਹ ਇਹ ਕਹਿੰਦੇ ਨਜ਼ਰ ਆ ਰਹੇ ਹਨ ਕਿ ਇਹ ਪਰਚਾ ਉਨ੍ਹਾਂ ਦੇ ਕਹਿਣ 'ਤੇ ਹੀ ਦਰਜ ਹੋਇਆ ਹੈ। ਬੈਂਸ ਪੱਖ ਦੇ ਵਕੀਲਾਂ ਨੇ ਕਿਹਾ ਕਿ ਇਸ ਤੋਂ ਸਾਫ ਪਤਾ ਚਲਦਾ ਹੈ ਕਿ ਬੈਂਸ ਸਿਰਫ 'ਤੇ ਸਿਰਫ ਰਾਜਨੀਤੀ ਦਾ ਸ਼ਿਕਾਰ ਹੋ ਰਹੇ ਹਨ।

ਦੱਸਣਯੋਗ ਹੈ ਕਿ ਵਿਧਾਇਕ ਬੈਂਸ ਖਿਲਾਫ ਬਟਾਲਾ ਪੁਲਿਸ ਵੱਲੋਂ ਲੰਘੀ 7 ਸਤੰਬਰ ਨੂੰ ਆਈਪੀਸੀ ਦੀ ਧਾਰਾ 353, 186, 451, 177, 505, 506 ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪ੍ਰਾਪਤ ਜਾਣਕਾਰੀ ਮੁਤਾਬਿਕ ਇਹ ਮਾਮਲਾ ਬਟਾਲਾ ਦੇ ਐਸਡੀਐਮ ਬਲਬੀਰ ਰਾਜ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਸੀ। ਇਸ ਸ਼ਿਕਾਇਤ ਵਿਚ ਇਹ ਦੋਸ਼ ਲਾਇਆ ਗਿਆ ਸੀ ਕਿ ਬੈਂਸ ਆਪਣੇ ਹੋਰਨਾਂ ਸਾਥੀਆਂ ਸਮੇਤ ਜ਼ਬਰਦਸਤੀ ਦਾਖਲ ਹੋਏ ਅਤੇ ਉਨ੍ਹਾਂ ਨੇ ਡਿਪਟੀ ਕਮਿਸ਼ਨਰ ਨਾਲ ਬਦਸਲੂਕੀ ਕੀਤੀ।

### *ਮਾਮਲਾ ਸਵਿਸ ਬੈਂਕ ਨਾਲ ਜੁੜੀਆਂ ਖ਼ਬਰਾਂ ਲਗਾਉਣ ਦਾ*

# ਕੈਪਟਨ ਅਮਰਿੰਦਰ ਸਿੰਘ ਮੀਡੀਆ ਨਾਲ ਕਾਨੂੰਨੀ ਲੜਾਈ ਹਾਰੇ

**ਚੰਡੀਗੜ੍ਹ/ਏਟੀ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਏਬੀਪੀ ਨਿਊਜ਼ ਦੇ ਨਾਲ ਆਪਣੀ ਪਹਿਲੀ ਕਾਨੂੰਨੀ ਲੜਾਈ ਹਾਰ ਗਏ ਹਨ। ਅੰਮ੍ਰਿਤਸਰ ਅਦਾਲਤ ਨੇ ਕੈਪਟਨ ਤੇ ਉਨ੍ਹਾਂ ਦੇ ਪਰਿਵਾਰ ਦੇ ਸਵਿਸ ਬੈਂਕ ਖ਼ਾਤਿਆਂ ਨਾਲ ਜੁੜੀਆਂ ਖ਼ਬਰਾਂ ਚਲਾਉਣ 'ਤੇ ਲੱਗੀ ਰੋਕ ਹਟਾਉਣ ਦੇ ਹੁਕਮ ਦੇ ਦਿੱਤੇ ਹਨ। ਦੱਸ ਦੇਈਏ ਏਬੀਪੀ ਨਿਊਜ਼ ਨੇ ਪਿਛਲੇ ਸਾਲ 3 ਮਈ, 2018 ਕੈਪਟਨ ਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਦੇ ਵਿਦੇਸ਼ੀ ਖ਼ਾਤਿਆਂ ਤੇ ਵਿਦੇਸ਼ੀ ਟਰੱਸਟ ਦੀ ਜਾਇਦਾਦ 'ਤੇ ਇਨਵੈਸਟੀਗੇਟਿਵ ਰਿਪੋਰਟ ਕੀਤੀ ਸੀ। ਇਸ ਖ਼ਬਰ ਦੇ ਖ਼ਿਲਾਫ਼ ਕੈਪਟਨ ਨੇ ਅੰਮ੍ਰਿਤਸਰ ਅਦਾਲਤ ਦਾ ਰੁਖ਼ ਕੀਤਾ, ਜਿਸ ਤੋਂ ਬਾਅਦ ਅਦਾਲਤ ਨੇ ਮੁੱਖ ਮੰਤਰੀ ਦੇ ਪੱਖ ਵਿੱਚ ਇੰਜਕਸ਼ਨ ਆਰਡਰ ਜਾਰੀ ਕੀਤਾ ਸੀ।



ਇੰਜਕਸ਼ਨ ਆਰਡਰ ਦਾ ਮਤਲਬ ਸੀ ਕਿ ਅਦਾਲਤ ਦੇ ਅਗਲੇ ਹੁਕਮ ਤਕ ਏਬੀਪੀ ਨਿਊਜ਼ ਕੈਪਟਨ ਤੇ ਉਨ੍ਹਾਂ ਦੇ ਪਰਿਵਾਰ ਦੇ ਕਾਲੇ ਧਨ ਨਾਲ ਸਬੰਧਿਤ ਕੋਈ ਖ਼ਬਰ ਨਹੀਂ ਦਿਖਾਏਗਾ। ਏਬੀਪੀ ਨਿਊਜ਼ ਨੇ ਅਦਾਲਤ ਦੇ ਹੁਕਮ ਦੀ ਤਾਮੀਲ ਕਰਦਿਆਂ ਅੰਮ੍ਰਿਤਸਰ ਅਦਾਲਤ ਵਿੱਚ ਕੇਸ ਲੜਿਆ ਤੇ ਸ਼ੁੱਕਰਵਾਰ ਨੂੰ ਅਦਾਲਤ ਨੇ ਇਸ ਕੇਸ ਦੀ ਕਵਰੇਜ 'ਤੇ ਲੱਗੀ ਰੋਕ ਹਟਾ ਦਿੱਤੀ। ਅਦਾਲਤ ਨੇ ਕਿਹਾ ਕਿ ਏਬੀਪੀ ਨਿਊਜ਼ ਦੀ ਰਿਪੋਰਟ ਪਬਲਿਕ ਡੋਮੇਨ ਦੇ ਕਾਗਜ਼ਾਂ ਦੇ ਆਧਾਰ ਤੇ ਇਨਕਮ ਟੈਕਸ ਵਿਭਾਗ ਦੇ ਰਿਕਾਰਡ 'ਤੇ ਕੀਤੀ ਗਈ ਸੀ ਨਾ ਕਿ ਆਪਣੇ ਵੱਲੋਂ। ਇਸ ਤੋਂ ਇਲਾਵਾ ਏਬੀਪੀ ਨਿਊਜ਼ ਨੇ ਮੁੱਖ ਮੰਤਰੀ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਵੀ ਦਿੱਤਾ ਸੀ। ਮੁੱਖ ਮੰਤਰੀ ਨੂੰ ਬਕਾਇਦਾ ਪ੍ਰਸ਼ਨ ਪੱਤਰ ਵੀ ਭੇਜੇ ਗਏ, ਜਿਸ ਦਾ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਆਇਆ। ਇਸ ਲਈ ਅਦਾਲਤ ਨੇ ਏਬੀਪੀ ਦੇ ਪੱਖ ਵਿੱਚ ਫੈਸਲਾ ਸੁਣਾਇਆ। ਅਦਾਲਤ ਦੇ 16 ਪੇਜਾਂ ਦੇ ਫੈਸਲੇ ਤੋਂ ਵੀ ਸਾਫ ਹੈ ਕਿ ਏਬੀਪੀ ਨਿਊਜ਼ ਦੀ ਮੁੱਖ ਮੰਤਰੀ ਦੇ ਸਵਿੱਸ ਖ਼ਾਤਿਆਂ ਦੀ ਖ਼ਬਰ ਵੀ ਪੱਤਰਕਾਰੀ ਦੇ ਪੈਮਾਨਿਆਂ 'ਤੇ ਖਰੀ ਹੈ।

# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਗੁਰੂ ਗਰੰਥ ਸਾਹਿਬ ਦੇ ਸਰੂਪਾਂ ਦੀ ਸਾਂਭ ਸੰਭਾਲ ਬਾਰੇ ਵਿਚਾਰ ਚਰਚਾ ਛੇੜੀ

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :** ਪੱਛਮੀ ਅਮਰੀਕਾ ਵਿਚ ਸਿੱਖਾਂ ਦੇ ਮੀਰੀ-ਪੀਰੀ ਦੇ ਵਿਲੱਖਣ ਸਿੱਖ ਸਿਧਾਂਤ ਦੀ ਸਰਵਉਚਤਾ ਲਈ ਸੇਵਦਾਰਾਂ ਵਜੋਂ ਕਾਰਜ ਕਰ ਰਹੀ ਜਥੇਬੰਦੀ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋ ਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਵੱਲੋਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਭਾਈ ਹਿੰਮਤ ਸਿੰਘ ਵੱਲੋਂ ਕੀਤੇ ਸਾਂਝੇ ਯਤਨਾਂ ਸਦਕਾ ਇਕ ਵੱਡੀ ਕਾਨਫਰੰਸ ਕਾਲ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਅਮਰੀਕਾ ਭਰ ਵਿਚੋਂ ਲਗਪਗ ਡੇਢ ਸੌ ਸਰਗਰਮ ਸਿੱਖਾਂ ਨੇ ਹਿੱਸਾ ਲਿਆ। ਇਨ੍ਹਾਂ ਵਿਚ ਵੱਖ ਵੱਖ ਰਾਜਾਂ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ, ਪੰਥਕ ਜਥੇਬੰਦੀਆਂ ਦੇ ਅਹੁਦੇਦਾਰਾਂ ਤੇ ਹੋਰ ਸਰਗਰਮੀ ਵਾਲੇ ਫਿਕਰਵਾਨ ਸਿੱਖਾਂ ਨੇ ਹਿੱਸਾ ਲਿਆ। ਇਹ ਕਾਨਫਰੰਸ ਕਾਲ ਦੋ ਘੰਟੇ ਜਾਰੀ ਰਹੀ। ਹੰਗਾਮੀ ਹਾਲਤ ਵਿਚ ਸਾਰੇ ਮੁਹਤਬਰ ਸਿੱਖਾਂ, ਜਥੇਬੰਦੀਆਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਫੋਨ ਦੁਆਲੇ ਇਕੱਠਾ ਕਰਨ ਦਾ ਇਕਦਮ ਕਾਰਨ ਬਣੀ ਟਾਕਿੰਗ ਪੰਜਾਬ ਖਬਰ ਏਜੰਸੀ ਦੇ ਨਿਰਮਾਤਾ ਨਿਰਦੇਸ਼ਕ ਸੁਰਿੰਦਰ ਸਿੰਘ ਦੁਆਰਾ ਜਾਰੀ ਕੀਤੀ ਗਈ ਇਕ ਵੀਡੀਓ ਨੇ ਸੋਸ਼ਲ ਮੀਡੀਆ ਉਤੇ ਸਨਸਨੀ ਪੈਦਾ ਕਰ ਦਿੱਤੀ। ਇਸ ਵੀਡੀਓ ਦਾ ਨਾਮ ਹੈ, "ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਤੇ ਖਾਤਮੇ ਦੀ ਕਹਾਣੀ"। ਇਸ ਵੀਡੀਓ ਵਿਚ ਸੁਰਿੰਦਰ ਸਿੰਘ ਨੇ ਬਹੁਤ ਵਿਸਥਾਰ ਵਿਚ ਇਹ ਚਾਨਣਾ ਪਾਇਆ ਹੈ ਕਿ ਗੁਰੂ ਗਰੰਥ ਸਾਹਿਬ ਦੀ ਨਸਲਕੁਸ਼ੀ ਦੀ ਤਿਆਰੀ ਬੜੀ ਹੌਲੀ-ਹੌਲੀ ਕੀਤੀ ਗਈ ਸੀ, ਪਰ ਹੁਣ ਇਸ ਵਿਚ ਤੇਜ਼ੀ ਲਿਆਂਦੀ ਗਈ ਹੈ। ਨਸਲਕੁਸ਼ੀ ਦਾ ਢੰਗ ਬਹੁਤ ਪੇਚੀਦਾ ਹੈ। ਪਹਿਲਾਂ ਤਾਂ ਸਾਰੀ ਦੁਨੀਆ ਵਿਚੋਂ ਗੁਰੂ ਸਾਹਿਬ ਦੇ ਪੁਰਾਤਨ ਸਰੂਪ ਇਕੱਠੇ ਕੀਤੇ ਜਾ ਰਹੇ ਹਨ ਤੇ ਅੰਤਿਮ ਸੰਸਕਾਰ ਲਈ ਭਾਰਤ ਭੇਜੇ ਜਾ ਰਹੇ ਹਨ। ਸਭ ਤੋਂ ਤਾਜ਼ਾ ਘਟਨਾ ਸੈਨ ਫਰਾਂਸਿਸਕੋ ਦੇ ਹਵਾਈ ਅੱਡੇ ਉਤੇ ਵਾਪਰੀ ਹੈ, ਜਿਸ ਵਿਚ ਗੁਰੂ ਸਾਹਿਬ ਦੇ ਸਰੂਪ ਬੜੇ ਬੇਧਿਆਨੇ ਢੰਗ ਨਾਲ ਭਾਰਤ ਭੇਜੇ ਗਏ, ਜਿਸ ਨਾਲ ਬੇਅਦਬੀ ਹੋਈ। ਪੰਜਾਬ ਵਿਚੋਂ ਵੀ ਘਰਾਂ ਵਿਚੋਂ ਸਰੂਪ ਇਕੱਠੇ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾ ਰਿਹਾ ਹੈ। ਇਸ ਵੀਡੀਓ ਨੇ ਸਭ ਪੰਥਕ ਹਲਕਿਆਂ ਦੇ ਸਾਹ ਸੂਤ ਦਿੱਤੇ ਹਨ। ਦੋ ਘੰਟੇ ਚੱਲੀ ਇਸ ਵਾਰਤਾਲਾਪ ਤੇ ਵਿਚਾਰ ਚਰਚਾ ਵਿਚ ਗੁਰੂ ਸਾਹਿਬ ਦੀ ਬੇਅਦਬੀ ਤੇ ਖਾਤਮੇ ਉਤੇ ਡਾਢੇ ਫਿਕਰ ਦਾ ਪ੍ਰਗਟਾਵਾ ਕੀਤਾ ਗਿਆ ਤੇ ਇਸ ਵਾਸਤੇ ਬੜੇ ਉਚ ਪੱਧਰ ਦੇ ਸੁਝਾਅ ਦਿੱਤੇ ਗਏ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਕਟਰ ਪ੍ਰਿਤਪਾਲ ਸਿੰਘ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਪ੍ਰਧਾਨ ਭਾਈ ਹਿੰਮਤ ਸਿੰਘ ਨੇ ਫੈਸਲਾ ਕੀਤਾ ਹੈ ਕਿ ਛੇਤੀ ਹੀ ਇਸੇ ਮਾਮਲੇ ਉਤੇ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ। ਸੈਨ ਫਰਾਂਸਿਸਕੋ ਦੇ ਹਵਾਈ ਅੱਡੇ 'ਤੇ ਵਾਪਰੀ ਘਟਨਾ ਦੀ ਪੂਰੀ ਜਾਂਚ ਪੜਤਾਲ ਕਰਕੇ ਮਾਮਲਾ ਸੰਗਤਾਂ ਸਨਮੁਖ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਗਤਾਂ ਨੂੰ ਬੇਨਤੀ ਹੈ ਕਿ ਸਾਨੂੰ ਘੱਟੋ ਘੱਟ ਇਹ ਸੂਚਨਾ ਪੁੱਜਦੀ ਕਰਨ ਕਿ ਕੀ ਕਦੇ ਕੋਈ ਉਨ੍ਹਾਂ ਕੋਲੋਂ ਗੁਰੂ ਮਹਾਰਾਜ ਦੇ ਸਰੂਪ ਲੈ ਕੇ ਗਿਆ ਹੋਵੇ ਤੇ ਬਦਲੇ ਵਿਚ ਨਵਾਂ ਸਰੂਪ ਦੇ ਕੇ ਗਿਆ ਹੋਵੇ। ਇਸ ਦੀ ਸੂਚਨਾ ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੂੰ ਫੋਨ ਨੰ : 40889-87056 ਉਤੇ ਦਿੱਤੀ ਜਾਵੇ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993

www.caials.com rosy@caials.com

# ਆਵਾਰਾ ਪਸ਼ੂਆਂ ਦੀ ਸਮੱਸਿਆ ਦਾ ਹੱਲ ਨਹੀਂ ਕਰ ਰਹੀ ਪੰਜਾਬ ਸਰਕਾਰ

## *ਗਊ ਰੱਖਿਅਕਾਂ ਦੀ ਗੁੰਡਾਗਰਦੀ ਨੇ ਪੰਜਾਬ ਦੇ ਪਸ਼ੂ ਵਪਾਰ ਨੂੰ ਠੱਪ ਕੀਤਾ ਤੇ ਡੇਅਰੀ ਧੰਦਾ ਬਰਬਾਦੀ ਦੇ ਕੰਢੇ 'ਤੇ*

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਵਿੱਚ ਆਵਾਰਾ ਪਸ਼ੂਆਂ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ ਤੇ ਸੜਕਾਂ 'ਤੇ ਘੁੰਮਦੇ ਇਹ ਆਵਾਰਾ ਪਸ਼ੂ ਲੋਕਾਂ ਦੀ ਜਾਨ ਦਾ ਖੌਅ ਬਣੇ ਹੋਏ ਹਨ। ਸਨਅਤੀ ਸ਼ਹਿਰ ਲੁਧਿਆਣੇ ਦੀਆਂ ਸੜਕਾਂ 'ਤੇ ਸਵੇਰੇ ਤੇ ਸ਼ਾਮ ਆਵਾਰਾ ਪਸ਼ੂ ਯਮਦੂਤ ਬਣ ਕੇ ਘੁੰਮਦੇ ਹਨ, ਜਿਨ੍ਹਾਂ ਵਿੱਚ ਆਵਾਰਾ ਸਾਨ੍ਹਾਂ ਦੇ ਨਾਲ ਨਾਲ ਲਾਵਾਰਸ ਗਊਆਂ ਵੀ ਸ਼ਾਮਲ ਹਨ। ਪੰਜਾਬ ਵਿੱਚ ਆਵਾਰਾ ਪਸ਼ੂਆਂ ਖ਼ਾਸ ਤੌਰ 'ਤੇ ਢੱਠਿਆਂ ਤੇ ਗਊਆਂ ਦੀ ਦਹਿਸ਼ਤ ਸਿਰ ਚੜ੍ਹ ਕੇ ਬੋਲ ਰਹੀ ਹੈ। ਕਿਸਾਨਾਂ ਦੀਆਂ ਫ਼ਸਲਾਂ ਦਾ ਉਜਾੜਾ, ਸੜਕਾਂ 'ਤੇ ਹਾਦਸਿਆਂ ਵਿੱਚ ਜਾ ਰਹੀਆਂ ਜਾਨਾਂ, ਖ਼ਾਸ ਤੌਰ 'ਤੇ ਹਿੰਸਕ ਹੋ ਰਹੇ ਢੱਠਿਆਂ ਨੇ ਕਈ ਸ਼ਹਿਰਾਂ ਵਿੱਚ ਲੋਕਾਂ ਨੂੰ ਅੰਦੋਲਨ ਕਰਨ ਲਈ ਮਜਬੂਰ ਕੀਤਾ ਹੈ। ਮਾਨਸਾ ਜ਼ਿਲ੍ਹੇ ਵੱਖ-ਵੱਖ ਪੁਲੀਸ ਥਾਣਿਆਂ ਤੋਂ ਪ੍ਰਾਪਤ ਹੋਈ ਜਾਣਕਾਰੀ ਮੁਤਾਬਕ ਮਾਨਸਾ, ਭੀਖੀ, ਸਰਦੂਲਗੜ੍ਹ, ਬੁਢਲਾਡਾ ਤੇ ਝੁਨੀਰ ਪੁਲੀਸ ਸਟੇਸ਼ਨਾਂ ਦੇ ਘੇਰੇ ਅੰਦਰ ਆਉਂਦੇ ਪਿੰਡਾਂ ਤੇ ਕਸਬਿਆਂ ਵਿਚ ਪਸ਼ੂਆਂ ਕਾਰਨ ਹੋਏ ਹਾਦਸਿਆਂ ਦੀ ਗਿਣਤੀ ਵਧੀ ਹੈ। ਇੱਕ ਅਨੁਮਾਨ ਅਨੁਸਾਰ ਸਵਾ ਲੱਖ ਆਵਾਰਾ ਪਸ਼ੂ ਸੜਕਾਂ 'ਤੇ ਹਨ।

ਗਊ ਪਾਲਕਾਂ ਖ਼ਿਲਾਫ਼ ਕਥਿਤ ਗਊ ਰੱਖਿਅਕਾਂ ਦੀ ਗੁੰਡਾਗਰਦੀ ਵੀ ਲੁਕੀ ਹੋਈ ਨਹੀਂ ਹੈ। ਕਿਸਾਨਾਂ ਵੱਲੋਂ ਆਪਣੇ ਦੁਧਾਰੂ ਪਸ਼ੂਆਂ ਨੂੰ ਵੀ ਦੂਜੇ ਰਾਜਾਂ ਵਿੱਚ ਵੇਚਣ ਦੇ ਰਾਹ ਵਿੱਚ ਖੜ੍ਹੀਆਂ ਕਾਨੂੰਨੀ ਅੜਚਨਾਂ ਨੇ ਪੰਜਾਬ ਤੋਂ ਹੋਰਾਂ ਰਾਜਾਂ ਵਿਚਲਾ ਵਪਾਰ ਲਗਪਗ ਠੱਪ ਕਰ ਦਿੱਤਾ ਹੈ। ਡੀਸੀ ਜਾਂ ਉਸ ਦੇ ਨੁਮਾਇੰਦੇ ਤੋਂ ਲੈਣ ਵਾਲੀ ਮਨਜ਼ੂਰੀ ਤੇ ਜਾਅਲੀ ਗਊ ਰੱਖਿਅਕਾਂ ਦੀ ਖ਼ੁਆਰੀ ਕਰ ਕੇ ਬਾਹਰਲਾ ਵਪਾਰੀ ਪੰਜਾਬ ਤੋਂ ਮੂੰਹ ਮੋੜ ਗਿਆ ਹੈ, ਡੇਅਰੀ ਬਰਬਾਦੀ ਕੰਢੇ ਹੈ। ਆਵਾਰਾ ਪਸ਼ੂਆਂ ਕਾਰਨ ਹਰ ਸਾਲ ਸੌ ਤੋਂ ਵੱਧ ਹੋਣ ਵਾਲੀਆਂ ਸੜਕ ਦੁਰਘਟਨਾਵਾਂ ਵਾਪਰ ਰਹੀਆਂ ਹਨ। ਜ਼ਿਆਦਾਤਰ ਕਿਸਾਨ ਜਥੇਬੰਦੀਆਂ ਆਵਾਰਾ ਪਸ਼ੂਆਂ ਦੇ ਪੱਕੇ ਹੱਲ ਲਈ 'ਸਲਾਟਰ ਹਾਊਸ' ਖੋਲ੍ਹਣ ਦੇ ਹੱਕ ਵਿੱਚ ਹਨ। ਕਿਸਾਨ ਆਵਾਰਾ ਪਸ਼ੂਆਂ ਦੀਆਂ ਟਰਾਲੀਆਂ ਭਰ ਕੇ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਦੇ ਬੂਹੇ ਤੱਕ ਪੁੱਜ ਚੁੱਕੇ ਹਨ। ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਕਈ ਵਾਰ ਆਵਾਰਾ ਪਸ਼ੂ ਲੈ ਕੇ ਕਿਸਾਨ ਦੁਹਾਈ



ਪਾ ਚੁੱਕੇ ਹਨ ਪਰ ਭਰੋਸਿਆਂ ਤੋਂ ਬਗੈਰ ਕੁਝ ਨਹੀਂ ਮਿਲਿਆ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਜਦੋਂ ਤੱਕ ਡੇਰਾਬੱਸੀ ਵਾਲਾ ਸਲਾਟਰ ਹਾਊਸ ਚਾਲੂ ਨਹੀਂ ਹੁੰਦਾ ਤੇ ਪੰਜਾਬ ਵਿੱਚ ਚਾਰ-ਪੰਜ ਹੋਰ ਸਲਾਟਰ ਹਾਊਸ ਨਹੀਂ ਖੋਲ੍ਹੇ ਜਾਂਦੇ, ਉਦੋਂ ਤੱਕ ਇਹ ਸਮੱਸਿਆ ਹੱਲ ਨਹੀਂ ਹੋਣੀ। ਮਾਨਸਾ ਦੀਆਂ ਸ਼ਹਿਰੀ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਹ ਦੇਸੀ ਗਊ ਨੂੰ ਹੀ ਮਾਤਾ ਮੰਨਦੇ ਹਨ, ਪਰ ਦੋਗਲੀ ਨਸਲ ਦੇ ਅਮਰੀਕੀ ਢੱਠਿਆਂ ਅਤੇ ਗੋਕਿਆਂ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਹੈ। ਲੋਕਾਂ ਦੀ ਮੰਗ ਹੈ ਕਿ ਸਰਕਾਰ ਇਨ੍ਹਾਂ ਦੀ ਖ਼ਰੀਦ-ਵੇਚ ਅਤੇ ਟਰਾਂਸਪੋਰਟ 'ਤੇ ਲਾਈਆਂ ਰੋਕਾਂ ਖ਼ਤਮ ਕਰੇ ਤੇ ਜ਼ਰੂਰਤ ਮੁਤਾਬਕ ਹੋਰ ਮੀਟ ਪਲਾਂਟ ਲਾਵੇ।

ਮਾਨਸਾ ਖੇਤਰ ਦੀ ਸ਼ਿਵ ਸੈਨਾ ਇਕਾਈ ਨੇ ਆਵਾਰਾ ਪਸ਼ੂਆਂ ਨੂੰ ਬੱਕਰਿਆਂ, ਮੁਰਗਿਆਂ ਵਾਂਗ ਵੇਚਣ ਦੀ ਖੁੱਲ੍ਹ ਦੇਣ ਦਾ ਬਿਆਨ ਮਹੱਤਵਪੂਰਨ ਹੈ। ਆਵਾਰਾ ਪਸ਼ੂਆਂ ਨੂੰ ਲੈ ਕੇ ਸੂਬੇ ਦੇ ਜ਼ਿਲ੍ਹਿਆਂ ਵਿੱਚ ਸੰਘਰਸ਼ ਕਰ ਚੁੱਕੇ ਸ਼ਿਵ ਸੈਨਾ ਪੰਜਾਬ ਦੇ ਕੌਮੀ ਚੇਅਰਮੈਨ ਰਾਜੀਵ ਟੰਡਨ ਨੇ ਦੱਸਿਆ ਕਿ ਸਰਕਾਰ ਗਊ ਸੈੱਸ ਦੇ ਨਾਂ 'ਤੇ ਲੱਖਾਂ ਕਰੋੜਾਂ ਰੁਪਏ ਇਕੱਠੇ ਕਰ ਰਹੀ ਹੈ ਪਰ ਲਾਵਾਰਸ ਗਊਆਂ ਦੇ ਰੱਖ ਰਖਾਓ ਲਈ ਕੁਝ ਨਹੀਂ ਕੀਤਾ ਜਾ ਰਿਹਾ।

ਆਵਾਰਾ ਪਸ਼ੂ ਸੜਕਾਂ 'ਤੇ ਲੋਕਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ। ਹੁਣ ਉਹ ਜ਼ਿਲ੍ਹਾ ਪੱਧਰ 'ਤੇ ਪਹਿਲਾਂ ਵਿਧਾਇਕ, ਫਿਰ ਮੰਤਰੀ ਤੇ ਫਿਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਟਿਆਲਾ ਦੇ ਮੋਤੀ ਮਹਿਲ ਨੂੰ ਘੇਰਨਗੇ।

### ਸਰਕਾਰ ਨੇ ਕੀਤਾ ਲੋਕਾਂ ਨਾਲ ਧੋਖਾ-

ਪੰਜਾਬ ਸਰਕਾਰ ਨੇ 2014 ਵਿੱਚ ਗਊ ਸੇਵਾ ਕਮਿਸ਼ਨ ਬਣਾਇਆ ਸੀ। ਆਵਾਰਾ ਪਸ਼ੂਆਂ ਦੀ ਸੰਭਾਲ ਲਈ 22 ਜ਼ਿਲ੍ਹਿਆਂ ਵਿੱਚ ਗਊਸ਼ਾਲਾਵਾਂ ਬਣਾਉਣ ਲਈ ਪੰਚਾਇਤਾਂ ਨੂੰ 25-25 ਏਕੜ ਜ਼ਮੀਨ ਦੇਣ ਦਾ ਹੁਕਮ ਦੇ ਦਿੱਤਾ। ਪੰਚਾਇਤਾਂ ਤੋਂ ਮੁਫ਼ਤ ਵਿੱਚ ਲਗਪਗ 325 ਏਕੜ ਜ਼ਮੀਨ ਲੈ ਲਈ ਗਈ। ਪਰ ਸਰਕਾਰ ਨੇ ਇਹ ਗਊਸ਼ਾਲਾਵਾਂ ਚੱਲਣਗੀਆਂ ਕਿਵੇਂ ਇਸ ਵਾਸਤੇ ਨੋਟੀਫਿਕੇਸ਼ਨ ਵਿੱਚ ਪੈਸਾ ਦਾਨੀਆਂ ਵੱਲੋਂ ਲੈ ਲੈਣ ਦੀ ਨਸੀਹਤ ਦੇ ਦਿੱਤੀ। 2015 ਵਿੱਚ ਗਊ ਸੈੱਸ ਲਗਾਉਣ ਦਾ ਫ਼ੈਸਲਾ ਕਰ ਲਿਆ। ਪਰ 1 ਅਪਰੈਲ 2018 ਤੱਕ ਸ਼ਰਾਬ ਉੱਤੇ ਗਊ ਸੈੱਸ ਉਗਰਾਹਿਆ ਹੀ ਨਹੀਂ ਗਿਆ। ਇੱਕ ਅਪਰੈਲ ਤੋਂ ਉਗਰਾਹੇ ਗਊ ਸੈੱਸ ਦੇ ਲਗਪਗ 60 ਕਰੋੜ ਰੁਪਏ ਸਰਕਾਰ ਨੇ ਗਊ ਸੰਭਾਲ ਲਈ ਜਾਰੀ ਨਹੀਂ ਕੀਤੇ।

ਗਊ ਸੇਵਾ ਕਮਿਸ਼ਨ ਨਾਲ 423 ਰਜਿਸਟਰਡ ਗਊਸ਼ਾਲਾਵਾਂ ਹਨ। ਇਨ੍ਹਾਂ ਵਿੱਚ ਪੌਣੇ ਦੋ ਲੱਖ ਪਸ਼ੂ ਹਨ। ਦੋ ਦਰਜਨ ਤੋਂ ਵੱਧ ਅਣਰਜਿਸਟਰਡ ਗਊਸ਼ਾਲਾਵਾਂ ਵੀ ਹਨ। ਸਰਕਾਰ ਵੱਲੋਂ ਬਣਾਏ 22 ਆਵਾਰਾ ਪਸ਼ੂਆਂ ਦੇ ਵਾੜਿਆਂ ਵਿੱਚ ਹਰ ਇੱਕ ਵਿੱਚ 2-2 ਹਜ਼ਾਰ ਪਸ਼ੂ ਰੱਖਣ ਦੀ ਤਜਵੀਜ਼ ਸੀ। ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਦੇ ਪਸ਼ੂ ਵਾੜੇ ਜ਼ਮੀਨੀ ਵਿਵਾਦ ਕਾਰਨ ਅਜੇ ਤੱਕ ਕੰਮ ਹੀ ਨਹੀਂ ਕਰਨ ਲੱਗੇ। ਕੇਵਲ ਮਾਨਸਾ ਜ਼ਿਲ੍ਹੇ ਦੇ ਖੋਖਰ ਕਲਾਂ ਪਿੰਡ ਦੇ ਦਸ ਏਕੜ ਵਾਲੇ ਵਾੜੇ ਵਿੱਚ 1935 ਅਤੇ ਫ਼ਰੀਦਕੋਟ ਦੇ ਪਿੰਡ ਗੋਲੇਵਾਲਾ ਵਿਚ 1050 ਪਸ਼ੂ ਹਨ। ਬਾਕੀ ਸਭ ਵਿਚ ਨੌਂ ਸੌ ਤੋਂ ਵੀ ਹੇਠਾਂ ਹਨ। ਇਨ੍ਹਾਂ ਨੂੰ ਚਲਾਉਣ ਦੀ ਜ਼ਿੰਮੇਵਾਰੀ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਾਲੀਆਂ ਕਮੇਟੀਆਂ ਹਵਾਲੇ ਹੈ, ਡਿਪਟੀ ਕਮਿਸ਼ਨਰਾਂ ਦੀ ਇਹ ਤਰਜੀਹੀ ਸੂਚੀ ਵਿੱਚ ਹੀ ਨਹੀਂ ਕਿਉਂਕਿ ਫੰਡਾਂ ਦੀ ਕਮੀ ਅਤੇ ਹੋਰ ਪ੍ਰਬੰਧਾਂ ਕਰਕੇ ਇਨ੍ਹਾਂ ਵਿੱਚ ਪਸ਼ੂਆਂ ਦਾ ਇੰਤਜ਼ਾਮ ਹੀ ਨਹੀਂ ਕੀਤਾ ਜਾ ਰਿਹਾ।

ਹਾਈ ਕੋਰਟ ਦੀ ਹਦਾਇਤ 'ਤੇ ਸੂਬੇ ਦੇ ਮੁੱਖ ਸਕੱਤਰ ਵੱਲੋਂ ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ ਦੀ ਅਗਵਾਈ ਵਿੱਚ 22 ਫਰਵਰੀ 2019 ਨੂੰ ਇੱਕ ਸਬ-ਕਮੇਟੀ ਬਣਾਈ ਗਈ ਸੀ। ਕਮੇਟੀ ਵੱਲੋਂ ਲਗਾਏ ਅਨੁਮਾਨ ਅਨੁਸਾਰ ਆਵਾਰਾ ਪਸ਼ੂਆਂ ਨੂੰ ਫੜ ਕੇ ਨੇੜਲੀਆਂ ਗਊਸ਼ਾਲਾਵਾਂ ਵਿਚ ਛੱਡਣ 'ਤੇ ਪ੍ਰਤੀ ਪਸ਼ੂ 450 ਰੁਪਏ ਖ਼ਰਚ ਹੋਣਗੇ। ਸਵਾ ਲੱਖ ਪਸ਼ੂ ਨੂੰ ਫੜਨ ਦਾ ਮਤਲਬ ਹੈ 5.63 ਕਰੋੜ ਰੁਪਏ ਚਾਹੀਦੇ ਹਨ। ਇਨ੍ਹਾਂ ਨੂੰ ਰੱਖਣ 'ਤੇ ਚਾਰੇ, ਦਵਾਈ, ਬਿਜਲੀ ਚਾਰਜ ਤੇ ਲੇਬਰ ਦੇ ਖ਼ਰਚੇ 50 ਰੁਪਏ ਪ੍ਰਤੀ ਪਸ਼ੂ ਰੋਜ਼ਾਨਾ ਦੀ ਲੋੜ ਹੈ। ਆਵਾਰਾ ਪਸ਼ੂਆਂ ਨੂੰ ਰੱਖਣ ਲਈ 228 ਕਰੋੜ ਰੁਪਏ ਸਾਲਾਨਾ ਚਾਹੀਦੇ ਹਨ। ਗਊ ਸੇਵਾ ਕਮਿਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਐੱਚ.ਐੱਸ. ਸੇਖੋਂ ਨੇ ਕਿਹਾ ਕਿ ਜੇ ਢੱਠਿਆਂ ਨੂੰ ਪਹਿਲਾਂ ਵਾੜਿਆਂ ਵਿੱਚ ਰੱਖਿਆ ਜਾਵੇ ਤਾਂ ਬਹੁਤ ਸਾਰੀ ਸਮੱਸਿਆ ਹੱਲ ਹੋ ਸਕਦੀ ਹੈ। ਇਹ ਹੀ ਜ਼ਿਆਦਾ ਨੁਕਸਾਨ ਦਾ ਕਾਰਨ ਹਨ। ਪੰਜਾਬ ਦੇ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਨੇ ਕਿਹਾ ਕਿ ਇਸ ਸਬੰਧੀ ਨਿਯਮਾਂ ਵਿੱਚ ਲੋੜੀਂਦੀ ਸੋਧ ਦੀ ਤਜਵੀਜ਼ ਬਣ ਚੁੱਕੀ ਹੈ। ਜਲਦ ਹੀ ਪਸ਼ੂਆਂ ਨੂੰ ਬਾਹਰ ਵੇਚਣ ਦਾ ਰਾਹ ਖੁੱਲ੍ਹ ਜਾਣ ਦੀ ਉਮੀਦ ਹੈ।

### ਹਾਈ ਕੋਰਟ ਵਿਚ ਚੱਲ ਰਹੇ ਨੇ ਮੁਆਵਜ਼ੇ ਦੇ 30 ਕੇਸ-

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਐੱਚ.ਐੱਸ. ਅਰੋੜਾ ਨੇ ਸੁਨਾਮ ਤੋਂ ਸਮਾਜਿਕ ਕਾਰਕੁਨ ਜਤਿੰਦਰ ਜੈਨ ਦੇ ਨਾਂ 'ਤੇ ਜਨਹਿੱਤ ਪਟੀਸ਼ਨ ਪਾਈ ਹੈ। ਇਸ ਮੁਤਾਬਕ ਕੈਟਲ ਪਾਊਂਡ ਸਹੀ ਰੂਪ ਵਿੱਚ ਚਾਲੂ ਕੀਤੇ ਜਾਣ। ਅਰੋੜਾ ਨੇ ਦੱਸਿਆ ਕਿ ਉਨ੍ਹਾਂ ਨੇ ਹਾਈ ਕੋਰਟ ਵਿੱਚ ਲਗਪਗ 30 ਕੇਸ ਅਜਿਹੇ ਪਾਏ ਹਨ ਜਿਨ੍ਹਾਂ ਪਰਿਵਾਰਾਂ ਦੇ ਕਮਾਊ ਬੰਦੇ ਆਵਾਰਾ ਪਸ਼ੂਆਂ ਕਾਰਨ ਸੜਕ ਹਾਦਸਿਆਂ ਵਿੱਚ ਮਾਰੇ ਗਏ ਹਨ। ਮੋਟਰ ਵਹੀਕਲ ਕਾਨੂੰਨ ਮੁਤਾਬਕ ਅਨੁਮਾਨ ਲਗਾਉਣ ਨਾਲ ਪੀੜਤ ਪਰਿਵਾਰ ਨੂੰ ਘੱਟੋ-ਘੱਟ ਤੀਹ ਲੱਖ ਰੁਪਏ ਮੁਆਵਜ਼ੇ ਵਜੋਂ ਮਿਲਣੇ ਚਾਹੀਦੇ ਹਨ। ਇਹ ਸਥਾਨਕ ਸਰਕਾਰਾਂ ਵਿਭਾਗ ਤੇ ਪਿੰਡਾਂ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਜ਼ਿੰਮੇਵਾਰੀ ਹੈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਇਮਰਾਨ ਨੇ ਕਿਹਾ ਕਿ ਭਾਰਤ ਨਾਲ ਯੁੱਧ ਦੀ ਸੰਭਾਵਨਾ

**ਇਸਲਾਮਾਬਾਦ/ਏਟੀ ਨਿਊਜ਼ :** ਅਲ ਜਜ਼ੀਰਾ ਨੂੰ ਦਿੱਤੇ ਇੱਕ ਇੰਟਰਵਿਊ ਵਿਚ ਇਮਰਾਨ ਖਾਨ ਨੇ ਸਵੀਕਾਰ ਕੀਤਾ ਕਿ ਪਾਕਿਸਤਾਨ ਭਾਰਤ ਨਾਲ ਇੱਕ ਪਰੰਪਰਿਕ ਯੁੱਧ ਵਿਚ ਹਾਰ ਸਕਦਾ ਹੈ ਅਤੇ ਇਸ ਮਾਮਲੇ ਵਿਚ ਨਤੀਜੇ ਖ਼ਤਰਨਾਕ ਹੋ ਸਕਦੇ ਹਨ। ਇਮਰਾਨ ਨੇ ਚੈਨਲ ਨੂੰ ਕਿਹਾ ਪਾਕਿਸਤਾਨ ਕਦੀ ਵੀ ਪ੍ਰਮਾਣੂ ਯੁੱਧ ਸ਼ੁਰੂ ਨਹੀਂ ਕਰੇਗਾ। ਮੈਂ ਸ਼ਾਂਤੀਵਾਦੀ ਹਾਂ, ਮੈਂ ਯੁੱਧ ਵਿਰੋਧੀ ਹਾਂ। ਮੇਰਾ ਮੰਨਣਾ ਹੈ ਕਿ ਯੁੱਧ ਨਾਲ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ। ਯੁੱਧ ਦੇ ਘਾਤਕ ਨਤੀਜੇ ਹੁੰਦੇ ਹਨ। ਵੀਅਤਨਾਮ ਤੇ ਇਰਾਕ ਦੇ ਯੁੱਧ ਨੂੰ ਦੇਖੋ, ਇਨ੍ਹਾਂ ਯੁੱਧਾਂ ਨਾਲ ਹੋਰ ਸਮੱਸਿਆਵਾਂ ਪੈਦਾ ਹੋਈਆਂ, ਜੋ ਸ਼ਾਇਦ ਉਸ ਕਾਰਨ ਤੋਂ ਜ਼ਿਆਦਾ ਗੰਭੀਰ ਹਨ, ਜਿਸ ਨੂੰ ਲੈ ਕੇ ਯੁੱਧ ਸ਼ੁਰੂ ਕੀਤੇ ਗਏ ਸਨ।' ਉਹਨਾ ਕਿਹਾ, 'ਇਹੀ ਕਾਰਨ ਹੈ ਕਿ ਅਸੀਂ ਸੰਯੁਕਤ ਰਾਸ਼ਟਰ ਨਾਲ ਸੰਪਰਕ ਕੀਤਾ ਅਤੇ ਹਰ ਅੰਤਰਰਾਸ਼ਟਰੀ ਮੰਚ ਨਾਲ ਸੰਪਰਕ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਹੁਣ ਇਸ 'ਤੇ ਫੈਸਲਾ ਲੈਣਾ ਚਾਹੀਦਾ ਹੈ।' ਕਸ਼ਮੀਰ ਲਈ ਭਾਰਤ ਦੇ ਵਿਸ਼ੇਸ਼ ਦਰਜਾ ਖ਼ਤਮ ਕਰਨ 'ਤੇ ਉਨ੍ਹਾ ਕਿਹਾ, 'ਭਾਰਤ ਨੇ ਕਸ਼ਮੀਰ 'ਤੇ ਗੈਰ-ਕਾਨੂੰਨੀ ਕਬਜ਼ਾ ਕਰ ਲਿਆ ਹੈ ਅਤੇ ਅੰਤਰਰਾਸ਼ਟਰੀ ਕਾਨੂੰਨੀ ਦਾ ਉਲੰਘਣ ਕੀਤਾ ਹੈ।'



## ਪ੍ਰਵਾਸੀ ਭਾਰਤੀਆਂ ਵਲੋਂ ਭਾਰਤ ਭੇਜੇ ਜਾਂਦੇ ਪੈਸਿਆਂ 'ਤੇ ਟੈਕਸ ਲਗਾਉਣ ਉਤੇ ਮੋਦੀ ਸਰਕਾਰ ਦੀ ਨਿੰਦਾ

**ਸਿਆਟਲ/ਏਟੀ ਨਿਊਜ਼ :** ਭਾਰਤ ਦੀ ਮੋਦੀ ਸਰਕਾਰ ਵਲੋਂ ਪ੍ਰਵਾਸੀ ਭਾਰਤੀਆਂ ਵਲੋਂ ਭਾਰਤ ਵਿਚ ਭੇਜੇ ਜਾਂਦੇ ਪੈਸਿਆਂ 'ਤੇ ਇਕ ਸਤੰਬਰ 2019 ਤੋਂ 2 ਫ਼ੀਸਦੀ ਟੈਕਸ ਲਗਾਏ ਜਾਣ ਨਾਲ ਪ੍ਰਵਾਸੀ ਭਾਰਤੀਆਂ ਵਿਚ ਬੇਹੱਦ ਨਿਰਾਸ਼ਾ ਪਾਈ ਜਾ ਰਹੀ ਹੈ। ਜਾਣਕਾਰੀ ਅਨੁਸਾਰ ਬਾਹਰ ਬੈਠੇ ਪ੍ਰਵਾਸੀ ਭਾਰਤੀ ਆਪਣੇ ਰਿਸ਼ਤੇਦਾਰਾਂ ਦੀ ਮਦਦ ਲਈ ਹਰ ਮਹੀਨੇ ਮਨੀ ਚੇਂਜਰਾਂ ਰਾਹੀਂ ਘਰ ਚਲਾਉਣ ਲਈ ਕੁਝ ਰੁਪਏ ਭੇਜਦੇ ਹਨ ਪਰ ਹੁਣ ਇਕ ਸਤੰਬਰ ਤੋਂ ਕੇਂਦਰ ਸਰਕਾਰ ਵਲੋਂ ਨਵੇਂ ਨੋਟੀਫ਼ਿਕੇਸ਼ਨ ਅਨੁਸਾਰ ਇਕ ਤਾਂ ਕੋਈ ਮਨੀ ਚੇਂਜਰ ਕਿਸੇ ਵੀ ਗਾਹਕ ਨੂੰ ਇਕ ਰੁਪਿਆ ਵੀ ਨਗਦ ਨਹੀਂ ਦੇਵੇਗਾ। ਇਹ ਭੁਗਤਾਨ ਚਾਹੇ ਕਿੰਨਾ ਵੀ ਹੋਵੇ ਚੈੱਕ ਨਾਲ ਹੀ ਹੋਵੇਗਾ ਅਤੇ ਉੱਪਰੋਂ 2 ਫ਼ੀਸਦੀ ਟੈਕਸ ਲਗਾ ਦਿੱਤਾ ਹੈ ਪਰ ਜਾਣਕਾਰੀ ਅਨੁਸਾਰ ਜ਼ਿਆਦਾਤਰ ਮਨੀ ਚੇਂਜਰ 3 ਤੋਂ 4 ਫ਼ੀਸਦੀ ਟੈਕਸ ਗਾਹਕਾਂ ਤੋਂ ਵਸੂਲ ਕਰ ਰਹੇ ਹਨ ਜੋ ਸਰਾਸਰ ਲੋਕਾਂ ਦੀ ਲੁੱਟ ਹੋ ਰਹੀ ਹੈ। ਇਥੇ ਅਮਰੀਕਾ ਤੋਂ ਵੀ ਬਹੁਤ ਸਾਰੇ ਪਰਿਵਾਰ ਐਸੇ ਹਨ ਜੋ ਹਰ ਮਹੀਨੇ ਆਪਣੇ ਰਿਸ਼ਤੇਦਾਰਾਂ ਨੂੰ ਥੋੜ੍ਹੇ-ਥੋੜ੍ਹੇ ਪੈਸੇ ਭੇਜਦੇ ਹਨ ਤਾਂ ਕਿ ਉਨ੍ਹਾਂ ਦਾ ਉਥੇ ਗੁਜ਼ਾਰਾ ਚਲਦਾ ਰਹੇ ਪਰ ਹੁਣ ਸਰਕਾਰ ਵਲੋਂ ਟੈਕਸ ਲਗਾਉਣ ਨਾਲ ਉਨ੍ਹਾਂ 'ਤੇ ਵਾਧੂ ਬੋਝ ਪੈ ਗਿਆ ਹੈ। ਸਿਆਟਲ ਦੇ ਪ੍ਰਸਿੱਧ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ ਹਰ ਮਹੀਨੇ ਆਪਣੇ ਪਿੰਡ 10 ਗ਼ਰੀਬ ਪਰਿਵਾਰਾਂ ਨੂੰ ਇਕ-ਇਕ ਹਜ਼ਾਰ ਰੁਪਏ ਪੈਨਸ਼ਨ ਦੇ ਰੂਪ ਵਿਚ ਭੇਜਦੇ ਹਨ ਪਰ ਹੁਣ ਉਨ੍ਹਾਂ ਕਿਹਾ ਕਿ ਟੈਕਸ ਲਗਾਉਣ ਨਾਲ ਉਨ੍ਹਾਂ 'ਤੇ ਹੋਰ ਵਾਧੂ ਬੋਝ ਪਿਆ ਹੈ। ਸਭ ਤੋਂ ਵੱਡੀ ਗੱਲ ਜੋ ਹੁਣ ਨਗਦ ਰੁਪਏ ਨਹੀਂ ਮਿਲਣਗੇ ਜਿਸ ਨਾਲ ਗ਼ਰੀਬ ਪਰਿਵਾਰਾਂ ਨੂੰ ਹੋਰ ਕਠਨਾਈ ਉਠਾਉਣੀ ਹੋਵੇਗੀ। ਸਿਆਟਲ ਦੇ ਹੋਰ ਪਤਵੰਤੇ ਜਿਨ੍ਹਾਂ ਵਿਚ ਪ੍ਰਸਿੱਧ ਅਕਾਊਂਟੈਂਟ ਮਹਿੰਦਰ ਸਿੰਘ ਸੋਹਲ, ਇੰਦਰਜੀਤ ਸਿੰਘ ਗਿੱਲ, ਜਤਿੰਦਰ ਸਪਰਾਏ, ਡਾ. ਹਰਚੰਦ ਸਿੰਘ, ਅਮਿਤ ਜੁਨੇਜਾ, ਹਰਸ਼ਿੰਦਰ ਸਿੰਘ ਸੰਧੂ, ਸਕੱਤਰ ਗੁਰਦੁਆਰਾ ਸੱਚਾ ਮਾਰਗ, ਪ੍ਰਸਿੱਧ ਰੀਅਲ ਅਸਟੇਟਰ ਗਗਨ ਚੌਹਾਨ, ਐਮ. ਪੀ. ਸਿੰਘ, ਪ੍ਰਿਤਪਾਲ ਸਿੰਘ ਢੀਂਡਸਾ, ਪੰਜਾਬੀ ਸਭਿਆਚਾਰਕ ਮੰਚ ਸਿਆਟਲ ਦੇ ਪ੍ਰਧਾਨ ਜੋਗਾ ਸਿੰਘ, ਹਰਿੰਦਰ ਸਿੰਘ ਬੈਂਸ, ਜਗਮੋਹਰ ਸਿੰਘ ਵਿਰਕ ਆਦਿ ਨੇ ਮੋਦੀ ਸਰਕਾਰ ਦੇ ਇਸ ਫ਼ੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਪ੍ਰਵਾਸੀ ਭਾਰਤੀ ਤਾਂ ਪਹਿਲਾਂ ਹੀ ਇਥੇ ਬਹੁਤ ਟੈਕਸ ਦਿੰਦੇ ਹਨ, ਉੱਪਰੋਂ ਭਾਰਤ ਸਰਕਾਰ ਦਾ ਇਹ ਫ਼ੈਸਲਾ ਬੇਹੱਦ ਮੰਦਭਾਗਾ ਹੈ, ਇਸ ਨੂੰ ਤੁਰੰਤ ਵਾਪਸ ਲਿਆ ਜਾਵੇ ਤਾਂ ਜੋ ਪ੍ਰਵਾਸੀ ਭਾਰਤੀ ਪੰਜਾਬ ਤੇ ਭਾਰਤ ਵਿਚ ਆਪਣਾ ਜ਼ਿਆਦਾ ਪੈਸਾ ਇਨਵੈਸਟ ਕਰ ਸਕਣ।


BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



A-ONE EXPRESS
ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
• ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
• ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
• ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
• 50% ਹੁੱਕ ਡਰਾਪ
• ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
• Excellent Payment
• Easy Aboard ELD Logbook

MC NO. # 464630
6120 Faith Home Rd Ceres, CA 95307
TAX ID #32-0065398
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
TOLL FREE 888.725.7441 OFFICE : 209.537.0975 FAX : 209.537.0375

ਤੀਹਵੀਂ ਬਰਸੀ 21 ਸਤੰਬਰ 'ਤੇ ਵਿਸ਼ੇਸ਼

# ਖਾਲਿਸਤਾਨ ਕਮਾਂਡੋ ਫੋਰਸ ਦਾ ਜੁਝਾਰੂ ਸ਼ਹੀਦ ਭਾਈ ਸੁਖਦੇਵ ਸਿੰਘ ਸੋਢੀ ਰੁੜਕਾ ਕਲਾਂ

**ਲਵਸ਼ਿੰਦਰ ਸਿੰਘ ਡੱਲੇਵਾਲ**
(0044-78258-13301)

"ਅਸੀਂ ਮਰੇ ਹਾਂ ਪੁਲਿਸ ਮੁਕਾਬਲਿਆਂ ਵਿੱਚ ਜੇਲ੍ਹਾਂ ਅੰਦਰ ਗੁਰਬਾਣੀ ਦਾ ਜਾਪ ਕੀਤਾ।
ਕੌਮ ਵਿੱਚ ਗੰਗੂ ਨਹੀਂ ਰਹਿਣ ਦੇਣੇ ਭਾਵੇਂ ਪੁੰਨ ਕੀਤਾ ਭਾਵੇਂ ਪਾਪ ਕੀਤਾ।"

ਖਾਲਿਸਤਾਨ ਦੀ ਜੰਗੇ ਅਜਾਦੀ ਦੌਰਾਨ ਜੂਝ ਕੇ ਸ਼ਹੀਦ ਹੋਣ ਵਾਲੇ ਵੀਰਾਂ ਦੀ ਕਤਾਰ ਬੜੀ ਲੰਬੀ ਹੈ। ਇਸ ਕਤਾਰ ਵਿੱਚ ਇੰਨੇ ਯੋਧੇ ਹੋਏ ਹਨ ਜਿਹਨਾਂ ਦੀ ਸਹੀ ਗਿਣਤੀ ਕਰਨੀ ਬੜੀ ਮੁਸ਼ਕਿਲ ਹੈ। ਅੱਜ ਆਪਣੇ ਬਹੁਤ ਹੀ ਪਿਆਰੇ ਵੀਰ ਦੀ ਸੂਰਮਗਤੀ ਵਾਲੀ ਕਹਾਣੀ ਦੀ ਸਾਂਝ ਪਾਉਣ ਜਾ ਰਹੇ ਹਾਂ ਜਿਸ ਨੇ ਆਪਣੀ ਚੜ੍ਹਦੀ ਜਵਾਨੀ ਅਤੇ ਉਮਰ ਦੀ ਸਿਖਰ ਦੁਪਿਹਰ ਕੌਮ ਦੇ ਲੇਖੇ ਲਗਾ ਦਿੱਤੀ। ਉਹ ਗੱਲ ਪੂਰੀ ਕਰ ਵਿਖਾਈ ਕਿ "ਅਸੀਂ ਜੂਝ ਕੇ ਪਾਈਆਂ ਸ਼ਹੀਦੀਆਂ,
ਨਹੀਂ ਜਾਲਮ ਅੱਗੇ ਹਥਿਆਰ ਸੁੱਟੇ,
ਕੌਮ ਤੋੜੇ ਸੰਗਲ ਗੁਲਾਮੀ ਦੇ,
ਅਸੀਂ ਸਾਹ ਅਜਾਦੀ ਲਈ ਵਾਰ ਦਿੱਤੇ।"

ਭਾਈ ਸੁਖਦੇਵ ਸਿੰਘ ਸੋਢੀ ਦਾ ਜਨਮ ਪੱਤੀ ਭੂੰਦੜ, ਪਿੰਡ ਰੁੜਕਾ ਕਲਾਂ, ਜਿਲ੍ਹਾ ਜਲੰਧਰ ਵਿਖੇ ਸ. ਸਰਵਣ ਸਿੰਘ ਦੇ ਘਰੇ, ਮਾਤਾ ਤਰਸੇਮ ਕੌਰ ਦੀ ਕੁੱਖੋਂ ਹੋਇਆ ਸੀ। ਸ. ਬਲਦੇਵ ਸਿੰਘ ਜੀ ਦਾ ਅਸਲ ਪਿੰਡ ਬਿਲਗਾ ਹੈ ਪਰ ਉਹਨਾਂ ਦੀ ਭੈਣ ਵਿਦੇਸ਼ ਵਿੱਚ ਰਹਿਦੀ ਹੋਣ ਕਰਕੇ ਕਾਫੀ ਸਮਾਂ ਪਹਿਲਾਂ ਉਸ ਦੇ ਪਿੰਡ ਰੁੜਕਾ ਕਲਾਂ ਵਿੱਚ ਆ ਗਏ ਸਨ। ਆਰਥਿਕ ਤੌਰ ਤੇ ਖੁਸ਼ਹਾਲ ਮੱਧ ਵਰਗੀ ਪਰਿਵਾਰ ਹੈ। ਪਰਿਵਾਰ ਵਿੱਚ ਭਾਈ ਸੁਖਦੇਵ ਸਿੰਘ ਹੁਰੀਂ ਤਿੰਨ ਭਰਾ ਅਤੇ ਇੱਕ ਭੈਣ ਹੈ। ਵੱਡਾ ਭਰਾ ਸ. ਬਲਦੇਵ ਸਿੰਘ ਅਮਰੀਕਾ ਵਿੱਚ ਹੈ ਅਤੇ ਦੂਜਾ ਚਰਨਜੀਤ ਸਿੰਘ ਖੇਤੀਬਾੜੀ ਕਰਦਾ ਹੈ। ਭਾਈ ਸੁਖਦੇਵ ਸਿੰਘ ਦੀ ਮੈਟਰਿਕ ਤੱਕ ਦੀ ਪੜ੍ਹਾਈ ਰੁੜਕਾ ਕਲਾਂ ਦੇ ਸਰਕਾਰੀ ਸਕੂਲ ਵਿੱਚ ਹੋਈ ਅਤੇ ਬਾਅਦ ਵਿੱਚ ਸਾਲ 1985 ਦੌਰਾਨ ਉਨ੍ਹਾਂ ਜੰਡਿਆਲਾ ਕਾਲਜ ਵਿੱਚ ਦਾਖਲਾ ਲੈ ਲਿਆ। ਭਾਈ ਸੁਖਦੇਵ ਸਿੰਘ ਸੋਢੀ ਕਬੱਡੀ ਦਾ ਬਹੁਤ ਵਧੀਆ ਖਿਡਾਰੀ ਸੀ। ਪਿੰਡ ਦੀ 58 ਕਿੱਲੋ ਅਤੇ 62 ਕਿੱਲੋ ਵਿੱਚ ਲਗਾਤਾਰ ਰੇਡ ਕਰਨ ਦਾ ਤਜਰਬਾ ਅਤੇ ਯੋਗਤਾ ਰੱਖਦਾ ਸੀ। ਰੁੜਕਾ ਕਲਾਂ ਡੇਢ ਕੁ ਫੁੱਟੇ ਲਾਲ ਝੰਡੇ ਦੇ ਉਪਾਸ਼ਕਾਂ ਦਾ ਗੜ੍ਹ ਸੀ। ਰੂਸ ਦੇ ਪਿਛਲੱਗ ਲਾਲ ਝੰਡੇ ਵਾਲਿਆਂ ਦੇ ਭਾਵ ਕਾਮਰੇਡੀ ਪ੍ਰਭਾਵ ਕਾਰਨ ਭਾਈ ਸੋਢੀ ਵੀ ਸਿੱਖੀ ਤੋਂ ਦੂਰ ਸੀ ਪਰ ਜੰਡਿਆਲਾ ਕਾਲਜ ਵਿੱਚ ਜਾਂਦਿਆਂ ਸਾਰ ਉਸ 'ਤੇ ਧਰਮ ਦਾ ਰੰਗ ਚੜ੍ਹਨਾ ਅਰੰਭ ਹੋ ਗਿਆ। ਉਦੋਂ ਤੱਕ ਪੰਜਾਬ ਦੀ ਫਿਜਾ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਚਲਾਈ ਹੋਈ ਦਮਦਮੀ ਟਕਸਾਲ ਦੇ ਮੁਖੀ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੀ ਹੋਈ ਧਰਮੀ ਲਹਿਰ ਜੋਬਨ 'ਤੇ ਜਾ ਚੁੱਕੀ ਸੀ। ਭਾਈ ਸੁਖਦੇਵ ਸਿੰਘ ਸੋਢੀ ਵੀ ਖਾਲਸਈ ਰੰਗ ਵਿੱਚ ਰੰਗੇ ਸਿੱਖ ਨੌਜਵਾਨਾਂ ਦੇ ਕਾਫਲੇ ਵਿੱਚ ਸ਼ਾਮਲ ਹੋ ਗਿਆ ਅਤੇ ਕੇਸ ਦਾਹੜੀ ਦੀ ਬੇਅਦਬੀ ਛੱਡ ਦਿੱਤੀ। ਜਦੋਂ ਇਸ ਬਦਲਾਅ ਦਾ ਪਤਾ ਕਾਮਰੇਡਾਂ ਨੂੰ ਲੱਗਾ ਤਾਂ ਉਹ ਬੜੇ ਦੁਖੀ ਹੋਏ ਕਿ ਉਹਨਾਂ ਦਾ ਸਾਥੀ ਸਿਧਾਂਤਕ ਤੌਰ 'ਤੇ ਉਹਨਾਂ ਨੂੰ ਛੱਡ ਗਿਆ ਹੈ। ਉਹਨਾਂ ਨੇ ਹਰ ਤਰੀਕਾ ਵਰਤਿਆ, ਪੁਲਿਸ ਕੋਲ ਝੂਠੀਆਂ ਰਿਪੋਰਟਾਂ ਕਰਕੇ ਤਸ਼ੱਦਦ ਵੀ ਕਰਵਾਇਆ ਪਰ ਇਸ ਦਾ ਅਸਰ ਉਲਟਾ ਹੁੰਦਾ ਗਿਆ। ਪੁਲਿਸ ਵਲੋਂ ਦਿੱਤੀਆਂ ਜਾਣ ਵਾਲੀਆਂ ਤੰਗੀਆਂ ਉਸ ਨੂੰ ਸਿੱਖੀ ਵਿੱਚ ਹੋਰ ਵੀ ਪ੍ਰਪੱਕ ਕਰਦੀਆਂ ਗਈਆਂ। ਭਾਈ ਸੁਖਦੇਵ ਸਿੰਘ ਉਸ ਰਸਤੇ ਦਾ ਪਾਂਧੀ ਬਣ ਗਿਆ ਜਿਸ ਰਸਤੇ 'ਤੇ ਚਲਦਿਆਂ ਸਿੱਖ ਬਜੁਰਗਾਂ ਨੇ ਸਿੱਖ ਕੌਮ ਦੀ ਆਨ-ਸ਼ਾਨ ਅਤੇ ਕੌਮੀ ਹੱਕਾਂ ਹਿੱਤਾਂ ਦੀ ਪੂਰਤੀ ਲਈ ਜੂਝਦਿਆਂ ਆਪਾ ਨਿਛਾਵਰ ਕਰ ਦਿੱਤਾ ਸੀ। ਕਾਮਰੇਡਾਂ ਨਾਲ ਗਹਿਗੱਚ ਲੜਾਈਆਂ ਵੀ ਹੋਈਆਂ, ਪਿੰਡ ਦੇ ਭੁਤਰੇ ਹੋਏ ਇਹਨਾਂ ਕਾਮਰੇਡਾਂ ਦਾ ਆਗੂ ਸਰਪੰਚ ਕੁਲਵੰਤ ਕਾਂਤੀ ਸੀ। ਪਿੰਡ ਦੇ ਨੌਜਵਾਨਾਂ ਸ਼ਹੀਦ ਭਾਈ ਗੁਰਦੇਵ ਸਿੰਘ ਉਰਫ ਦੇਵ, ਸ਼ਹੀਦ ਭਾਈ ਜੋਗਿੰਦਰ ਸਿੰਘ ਮਾਹੀਆ, ਭਾਈ ਨਿਰਮਲ ਸਿੰਘ ਸੰਧੂ ਨੇ ਭਾਈ ਸੁਖਦੇਵ ਸਿੰਘ ਸੋਢੀ ਦੇ ਨਾਲ ਕਾਮਰੇਡਾਂ ਨਾਲ ਹੋਈਆਂ ਲੜਾਈਆਂ ਵਿੱਚ ਡਟ ਕੇ ਸਾਥ ਦਿੱਤਾ। ਭਾਈ ਸੁਖਦੇਵ ਸਿੰਘ ਸੋਢੀ ਨੇ ਆਪਣੇ ਕਾਲਜ ਦੇ ਸਾਥੀਆਂ ਨਾਲ ਮਿਲ ਕੇ ਸਾਲ 1986 ਵਿੱਚ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਜੰਡਿਆਲਾ ਕਾਲਜ ਵਿੱਚ ਵਿਸ਼ਾਲ ਕਾਨਫਰੰਸ ਕਰਵਾਈ। ਜਿਸ ਤੋਂ ਖਫਾ ਹੁੰਦਿਆਂ ਕਾਮਰੇਡਾਂ ਨੇ ਟੈਂਪੂ ਵਿੱਚ ਜਾ ਰਹੇ ਭਾਈ ਸੁਖਦੇਵ ਸਿੰਘ ਨੂੰ ਪੁਲਿਸ ਕੋਲ ਗ੍ਰਿਫਤਾਰ ਕਰਵਾ ਦਿੱਤਾ। ਪੁਲਿਸ ਨੇ ਉਨ੍ਹਾਂ 'ਤੇ 10 ਦਿਨ ਬੇਤਹਾਸ਼ਾ ਤਸ਼ੱਦਦ ਕਰਨ ਮਗਰੋਂ ਝੂਠਾ ਕੇਸ ਪਾ ਕੇ ਜਲੰਧਰ ਜੇਲ੍ਹ ਵਿੱਚ ਭੇਜ ਦਿੱਤਾ। ਉਨ੍ਹਾਂ ਜਲੰਧਰ ਜੇਲ੍ਹ ਤੋਂ ਰਿਹਾਅ ਹੋਣ ਮਗਰੋਂ 4 ਅਕਤੂਬਰ 1987 ਨੂੰ ਆਪਣੇ ਪਰਿਵਾਰ ਨੂੰ ਅਲਵਿਦਾ ਆਖਦਿਆਂ ਰੂਪੋਸ਼ ਜੀਵਨ ਅਰੰਭ ਕਰ ਦਿੱਤਾ। ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਜਥੇਬੰਦਕ ਕਰਨ ਵਾਲਾ ਭਾਈ ਸੁਖਦੇਵ ਸਿੰਘ ਸੋਢੀ ਖਾਲਿਸਤਾਨ ਕਮਾਂਡੋ ਫੋਰਸ ਵਿੱਚ ਸ਼ਾਮਲ ਹੋ ਕੇ ਹਥਿਆਰਬੰਦ ਕਾਰਵਾਈਆਂ ਨੂੰ ਅੰਜਾਮ ਦੇਣ ਲੱਗ ਪਿਆ। ਉਨ੍ਹਾਂ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਅਤੇ ਭਾਈ ਗੁਰਨੇਕ ਸਿੰਘ ਨੇਕਾ ਨਾਲ ਮਿਲ ਕੇ ਲੱਚਰ ਗਾਇਕ ਅਮਰ ਚਮਕੀਲੇ ਨੂੰ ਢੋਲਕੀਆਂ ਛੈਣਿਆਂ ਵਾਲਿਆਂ ਸਮੇਤ ਨਰਕਾਂ ਦੇ ਰਾਹ ਤੋਰਿਆ। ਕਾਮਰੇਡ ਸੋਹਣ ਢੇਸੀ ਨੂੰ ਸਵੇਰ ਸਾਰ ਗੱਡੀ ਚਾੜ੍ਹ ਦਿੱਤਾ। ਜ਼ਿਕਰਯੋਗ ਹੈ ਕਿ ਚਮਕੀਲੇ ਨੇ ਕਈ ਵਾਰ ਕਿਹਾ ਸੀ ਕਿ ਉਹ ਖਾੜਕੂਆਂ ਦੀਆਂ ਗਿੱਦੜ ਧਮਕੀਆਂ ਨਹੀਂ ਡਰਦਾ। ਕੈਨੇਡਾ ਵਿੱਚ ਇਸ ਚਮਕੀਲੇ ਨੇ ਇਹ ਫੜ੍ਹ ਮਾਰ ਦਿੱਤੀ ਸੀ ਕਿ ਉਸ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਗੁਰਜੀਤ ਸਿੰਘ ਨੂੰ ਪੈਸੇ ਦੇ ਦਿੱਤੇ ਹਨ ਅਤੇ ਉਹਨਾਂ ਨੇ ਉਸ ਨੂੰ ਹਰ ਤਰ੍ਹਾਂ ਦੇ ਗੀਤ ਗਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ। ਰੁੜਕਾ ਕਲਾਂ ਦੇ ਸਾਬਕਾ ਸਰਪੰਚ ਕੁਲਵੰਤ ਕਾਂਤੀ, ਜਿਸ ਨੇ ਦਰਜਨਾਂ ਸਿੱਖ ਨੌਜਵਾਨਾਂ ਦੀਆਂ ਮੁਖਬਰੀਆਂ ਕੀਤੀਆਂ, ਭਾਈ ਗੁਰਦੇਵ ਸਿੰਘ ਉਰਫ ਦੇਵ ਨੂੰ ਸ਼ਹੀਦ ਕਰਵਾਇਆ, 'ਤੇ ਭਾਈ ਸੁਖਦੇਵ ਸਿੰਘ ਸੋਢੀ ਅਤੇ ਭਾਈ ਗੁਰਦੀਪ ਸਿੰਘ ਦੀਪਾ ਨੇ ਬਾਬਾ ਸੰਗ ਢੇਸੀਆਂ ਵਿਖੇ ਹਮਲਾ ਕੀਤਾ ਜਿਸ ਵਿੱਚ ਉਸ ਦਾ ਗੰਨਮੈਨ ਅਸ਼ਵਨੀ ਮਾਰਿਆ ਗਿਆ ਅਤੇ ਬੋਪਾਰਾਏ ਦਾ ਕਾਮਰੇਡ ਸਿੰਗਾਰਾ ਆਪਣੀਆਂ ਲੱਤਾਂ ਗਵਾ ਬੈਠਾ। ਬਹਿਰਾਮ ਬੱਸ ਅੱਡੇ 'ਤੇ ਬੈਠੇ ਭਾਈ ਗੁਰਦੇਵ ਸਿੰਘ ਦੇਵ ਨੂੰ ਕਾਮਰੇਡ ਸਾਥੀਆਂ ਨਾਲ ਫੜ ਕੇ ਸ਼ਹੀਦ ਕਰਵਾਉਣ ਵਾਲੇ ਰੁੜਕਾ ਕਲਾਂ ਦੇ ਹੀ ਕਾਮਰੇਡ ਕੁਲਵੰਤ ਲੱਸੀ ਦੇ ਪਿਉ ਅਤੇ ਚਾਚੇ ਨੂੰ ਸੋਧ ਦਿੱਤਾ। ਇਸ ਤੋਂ ਬਾਅਦ ਕੁਲਵੰਤ ਕਾਂਤੀ ਦੇ ਕਹਿਣ 'ਤੇ ਪਿੰਡ ਦੇ ਬਾਕੀ ਸਿੰਘਾਂ ਉਤੇ ਕਹਿਰ ਟੁੱਟ ਪਿਆ। ਭਾਈ ਨਿਰਮਲ ਸਿੰਘ ਸੰਧੂ ਨੂੰ ਰਾਮ ਮੂਰਤੀ ਨੇ ਤਿੰਨ ਮਹੀਨੇ ਨਜਾਇਜ ਹਿਰਾਸਤ ਵਿੱਚ ਰੱਖ ਕੇ ਤਸ਼ੱਦਦ ਕੀਤਾ। ਭਾਈ ਨਿਰਮਲ ਸਿੰਘ ਸੰਧੂ ਨੇ ਇਲਾਕੇ ਵਿੱਚ ਸਭ ਤੋਂ ਜਿਆਦਾ ਅਤੇ ਵਾਰ ਵਾਰ ਪੁਲਿਸ ਤਸ਼ੱਦਦ ਝੱਲਿਆ ਪਰ ਉਹ ਭਗੌੜਾ ਵੀ ਨਹੀਂ ਹੋਇਆ ਅਤੇ ਸਿੰਘਾਂ ਨੂੰ ਪਨਾਹ ਦੇਣੀ ਵੀ ਨਹੀਂ ਛੱਡੀ। ਇੱਕ ਵਾਰ ਕਾਮਰੇਡਾਂ ਨੇ ਮਾਰਨ ਦੀ ਨੀਅਤ ਨਾਲ ਬਾਰਾਂ ਬੋਰ ਦੀ ਦੋਨਾਲੀ ਨਾਲ ਗੋਲੀ ਚਲਾ ਦਿੱਤੀ ਪਰ ਉਨ੍ਹਾਂ ਦਾ ਬਚਾਅ ਹੋ ਗਿਆ ਤੇ ਹੱਥ ਦੀਆਂ ਦੋਵੇਂ ਉਂਗਲਾਂ ਖਤਮ ਹੋ ਗਈਆਂ ਸਨ। ਭਾਈ ਸੁਖਦੇਵ ਸਿੰਘ ਸੋਢੀ ਨੇ ਜਿੱਥੇ ਪੰਥ ਦੋਖੀਆਂ ਨੂੰ ਸੋਧਾ ਲਾਇਆ ਉੱਥੇ ਅਖੌਤੀ ਤਾਂਤਰਿਕ ਅਤੇ ਠੱਗ ਬਾਬਿਆਂ ਨੂੰ ਵੀ ਸਜਾਵਾਂ ਦਿੱਤੀਆਂ। ਅਖੀਰ ਉਹ ਦਿਨ ਆ ਗਿਆ ਜਿਹੜਾ ਰੂਪੋਸ਼ ਯੋਧਿਆਂ 'ਤੇ ਅਕਸਰ ਆਉਂਦਾ ਹੈ। ਪੁਲਿਸ ਮੁਕਾਬਲੇ ਵਿੱਚ ਸ਼ਹਾਦਤ ਦਾ ਦਿਨ ਜਾਂ ਜਿਉਂਦੇ ਜੀਅ ਗ੍ਰਿਫਤਾਰੀ ਵਾਲਾ ਦਿਨ। ਪਿੰਡ ਡੱਲੇਵਾਲ ਤੋਂ 21 ਸਤੰਬਰ 1989 ਵਾਲੇ ਦਿਨ ਭਾਈ ਸੁਖਦੇਵ ਸਿੰਘ ਸੋਢੀ ਅਤੇ ਭਾਈ ਗੁਰਦੀਪ ਸਿੰਘ ਦੀਪਾ ਗੁਰਾਇਆਂ ਦੇ ਰੇਲਵੇ ਸਟੇਸ਼ਨ 'ਤੇ ਪਹੁੰਚੇ ਅਤੇ ਗੱਡੀ ਦੀ ਉਡੀਕ ਵਿੱਚ ਖੜ੍ਹੇ ਸਨ ਕਿ ਸਿਵਲ ਕੱਪੜਿਆਂ ਵਿੱਚ ਪੁਲਿਸ ਨੇ ਆਣ ਕੇ ਘੇਰਾ ਪਾ ਲਿਆ। ਕਿਉਂਕਿ ਪੁਲਿਸ ਰੁੜਕਾ ਕਲਾਂ ਦੇ ਜਸਕਰਨ ਸਿੰਘ ਕੰਨਾ ਨਾਮ ਦੇ ਵਿਅਕਤੀ ਨੂੰ ਕਾਲੇ ਸ਼ੀਸ਼ਿਆਂ ਵਾਲੀ ਗੱਡੀ ਵਿੱਚ ਬਿਠਾ ਕੇ ਭਈ ਗੁਰਦੀਪ ਸਿੰਘ ਦੀਪਾ ਨੂੰ ਫੜਨ ਲਈ ਘੁੰਮ ਰਹੀ ਸੀ। ਗੌਰਤਲਬ ਹੈ ਕਿ ਜਸਕਰਨ ਸਿੰਘ ਕੰਨਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਫਗਵਾੜੇ ਗੈਸ ਏਜੰਸੀ ਵਿੱਚ ਡਾਕਾ ਮਾਰਿਆ ਸੀ ਅਤੇ ਬਾਅਦ ਵਿੱਚ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਵਲੋਂ ਪਾਏ ਗਏ ਘੇਰੇ ਨੂੰ ਤੋੜਨ ਦਾ ਦੋਹਾਂ ਸਿੰਘਾਂ ਨੇ ਯਤਨ ਕੀਤਾ ਅਤੇ ਅਖੀਰ ਸਫਲ ਵੀ ਹੋ ਗਏ ਪਰ ਕੁਦਰਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਭਾਈ ਸੁਖਦੇਵ ਸਿੰਘ ਦਾ ਪੈਰ ਰੇਲਵੇ ਲਾਈਨ ਵਿੱਚ ਫਸ ਜਾਣ ਕਾਰਨ ਪੈਰ ਨੂੰ ਮੋਚ ਆ ਗਈ ਅਤੇ ਭਾਈ ਗੁਰਦੀਪ ਸਿੰਘ ਦੀਪੇ ਨੇ ਰੇਲਵੇ ਲਾਈਨ ਦੇ ਦੂਜੇ ਪਾਸੇ ਛਾਲ ਮਾਰ ਦਿੱਤੀ। ਐਨ ਉਸੇ ਵਕਤ ਮਾਲ ਗੱਡੀ ਆ ਰਹੀ ਸੀ ਜੋ ਕਿ ਹੌਲੀ ਰਫਤਾਰ ਵਾਲੀ ਅਤੇ ਬਹੁਤ ਲੰਬੀ ਹੁੰਦੀ ਹੈ। ਇਸ ਮਾਲ ਗੱਡੀ ਕਾਰਨ ਭਾਈ ਗੁਰਦੀਪ ਸਿੰਘ ਦੀਪਾ ਪੁਲਿਸ ਦੀ ਗ੍ਰਿਫਤ ਚੋਂ ਦੂਰ ਭੱਜ ਗਿਆ ਅਤੇ ਭਾਈ ਸੁਖਦੇਵ ਸਿੰਘ ਸੋਢੀ ਨੇ ਜਿਉਂਦੇ ਪੁਲਿਸ ਦੇ ਹੱਥ ਆਉਣ ਦੀ ਬਜਾਏ ਅਕਾਲ ਪੁਰਖ ਵਾਹਿਗੁਰੂ ਨੂੰ ਯਾਦ ਕਰਦਿਆਂ ਸਾਇਨਾਈਡ ਦਾ ਕੈਪਸੂਲ ਖਾ ਲਿਆ ਅਤੇ ਖਾਲਿਸਤਾਨ ਦੀ ਜੰਗੇ ਅਜਾਦੀ ਵਿੱਚ ਆਪਣੇ ਆਖਰੀ ਸੁਆਸ ਭੇਟ ਕਰ ਦਿੱਤੇ। ਅੱਜ ਭਾਈ ਸੁਖਦੇਵ ਸਿੰਘ ਸੋਢੀ ਦੀ ਸ਼ਹਾਦਤ ਨੂੰ 30 ਸਾਲ ਬੀਤ ਚੁੱਕੇ ਹਨ। ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਭਾਈ ਸੁਖਦੇਵ ਸਿੰਘ ਸੋਢੀ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ ਕਰਦੇ ਹੋਏ ਇਹ ਅਹਿਦ ਕਰਦੇ ਹਾਂ ਕਿ ਖਾਲਿਸਤਾਨ ਦੀ ਜੰਗ ਜਾਰੀ ਹੈ ਅਤੇ ਆਖਰੀ ਦਮ ਤੱਕ ਜਾਰੀ ਰੱਖਾਂਗੇ।



# ਕਾਲੀਆਂ ਸੂਚੀਆਂ ਦੇ ਖਾਤਮੇ ਦਾ ਐਲਾਨ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾਉਣ ਦੀ ਚਾਲ : ਯੂਨਾਈਟਿਡ ਖਾਲਸਾ ਦਲ ਯੂਕੇ

## 'ਵਿਦੇਸ਼ੀਂ ਵਸਦੇ ਸਿੱਖਾਂ ਦੀ ਚਿੰਤਾ ਕਰਨ ਬਜਾਏ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਰਿਹਾਅ ਕੀਤਾ ਜਾਵੇ'

**ਲੰਡਨ/ਏਟੀ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਜੋ ਭਾਰਤ ਸਰਕਾਰ ਵਲੋਂ ਹਾਲ ਹੀ ਦੌਰਾਨ 312 ਸਿੱਖਾਂ ਦੇ ਨਾਮ ਅਖੌਤੀ ਕਾਲੀ ਸੂਚੀ ਵਿੱਚੋਂ ਕੱਢਣ ਦਾ ਐਲਾਨ ਕੀਤਾ ਗਿਆ ਤੇ ਇਸ ਐਲਾਨ ਦੀ ਵੱਖ ਵੱਖ ਰਾਸ਼ਟਰਵਾਦੀ ਸਿੱਖਾਂ ਵਲੋਂ ਬੜੀ ਸ਼ਲਾਘਾ ਕੀਤੀ ਗਈ, ਜਦਕਿ ਇਹ ਇੱਕ ਡਰਾਮਾ ਹੈ। ਅਜਿਹੇ ਡਰਾਮੇ ਭਾਰਤ ਸਰਕਾਰ ਤਿੰਨ ਦਹਾਕਿਆਂ ਤੋਂ ਕਰਦੀ ਆ ਰਹੀ ਹੈ। ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਕਿਹਾ ਕਿ ਕਿਸੇ ਵੀ ਸਿੱਖ ਦੀ ਕਾਲੀ ਸੂਚੀ ਹੋ ਹੀ ਨਹੀਂ ਸਕਦੀ। ਕਾਲੇ ਕੰਮ ਕਰਨ ਵਾਲਿਆਂ ਦੀ ਕਾਲੀ ਸੂਚੀ ਹੁੰਦੀ ਹੈ ਅਤੇ ਕਾਲੇ ਕੰਮ ਭਾਰਤ ਸਰਕਾਰ ਅਤੇ ਇਸਦੇ ਪਿਆਦੇ ਕਰਦੇ ਆ ਰਹੇ ਹਨ ।






ਉਨ੍ਹਾਂ ਅੱਗੇ ਕਿਹਾ ਕਿ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਤੀਸਰਾ ਘੱਲੂਘਾਰਾ ਵਾਪਰਿਆ। ਕੇਂਦਰ ਦੀ ਕਾਂਗਰਸੀ ਹਕੂਮਤ ਜਿਸ ਦੀ ਪ੍ਰਧਾਨ ਮੰਤਰੀ ਇੰਦਰਾ ਸੀ, ਉਸ ਦੇ ਹੁਕਮ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਟੈਂਕਾਂ ਅਤੇ ਤੋਪਾਂ ਨਾਲ ਲੈਸ ਭਾਰਤੀ ਫੌਜ ਨੇ ਅੱਤ ਵਹਿਸ਼ੀ ਹਮਲਾ ਕਰ ਦਿੱਤਾ ਸੀ। ਭਾਰਤੀ ਫੌਜ ਦੇ ਇਸ ਕਹਿਰ ਨਾਲ ਦੁਨੀਆ ਭਰ ਵਿੱਚ ਵਸਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਵਿਦੇਸ਼ਾਂ ਵਿੱਚ ਸਿੱਖ ਘਰਾਣਿਆਂ ਨਾਲ ਸਬੰਧਤ 90 ਫੀਸਦੀ ਤੋਂ ਵੱਧ ਵਿਅਕਤੀਆਂ ਨੇ ਪੱਬਾਂ, ਕਲੱਬਾਂ ਦਾ ਰਾਤੋ ਰਾਤ ਤਿਆਗ ਕਰਕੇ, ਕੇਸਾਂ ਦੀ ਬੇਅਦਬੀ ਬੰਦ ਕਰਕੇ ਸਿੱਖ ਕੌਮ ਦੀ ਅਜ਼ਾਦੀ ਲਈ ਕਮਰਕੱਸੇ ਕਰ ਲਏ। ਇਸ ਖੂਨੀ ਘੱਲੂਘਾਰੇ ਖਿਲਾਫ ਭਾਰਤੀ ਸ਼ਫਾਰਤਖਾਨਿਆਂ ਮੂਹਰੇ ਰੋਸ ਮੁਜ਼ਾਹਰੇ ਕਰਨੇ ਅਰੰਭ ਕਰ ਦਿਤੇ। ਇਹ ਘੱਲੂਘਾਰਾ ਬ੍ਰਾਹਮਣਵਾਦ ਦਾ ਸਿੱਖ ਕੌਮ ਪ੍ਰਤੀ ਪੰਜ ਸਦੀਆਂ ਤੋਂ ਪਨਪ ਰਹੇ ਵੈਰ ਦਾ ਕਰੂਪ ਭਰਿਆ ਪ੍ਰਗਟਾਵਾ ਸੀ। ਵਿਦੇਸ਼ਾਂ ਵਿੱਚ ਵਸਦੇ ਇਹਨਾਂ ਸਿੱਖ ਵੀਰਾਂ ਨੇ ਪੰਜਾਬ ਵਿੱਚ ਚੱਲ ਰਹੀ ਖਾਲਿਸਤਾਨ ਦੀ ਜੰਗ ਲੜ ਰਹੇ ਵੀਰਾਂ ਦਾ ਡਟ ਕੇ ਸਾਥ ਦੇਣ ਅਤੇ ਸਰਕਾਰੀ ਅੱਤਵਾਦ ਤੋਂ ਪ੍ਰਭਾਵਿਤ ਸਿੱਖ ਪਰਿਵਾਰਾਂ ਦੀ ਸਾਰ ਲੈਣ ਦਾ ਕਾਰਜ ਅਰੰਭ ਕੀਤਾ। ਇਹ ਗੱਲ ਫਿਰਕਾਪ੍ਰਸਤ ਹਿੰਦੂਤਵੀਆਂ ਨੂੰ ਹਜ਼ਮ ਨਾ ਹੋਈ। ਉਹਨਾਂ ਪੰਜਾਬ ਵਿੱਚ ਵਸਦੇ ਆਪਣੇ ਭਰਾਵਾਂ ਦਾ ਦੁੱਖ ਵੰਡਾਉਣ ਵਾਲਿਆਂ ਦਾ ਪੰਜਾਬ ਜਾਣਾ ਬੰਦ ਕਰ ਦਿੱਤਾ। ਉਹਨਾਂ ਦੇ ਨਾਵਾਂ ਵਾਲੀ ਬਲੈਕ ਲਿਸਟ ਤਿਆਰ ਕਰ ਲਈ ਗਈ, ਜੋ ਕਿ ਲਗਾਤਾਰ ਰਿੜਕ ਹੁੰਦੀ ਆਈ ਹੈ। ਉਨ੍ਹਾਂ ਅੱਗੇ ਕਿਹਾ ਕਿ ਵੱਖ ਵੱਖ ਪਾਰਟੀਆਂ ਵਲੋਂ ਇਸ ਮੁੱਦੇ ਤੇ ਰਾਹੇ ਬਗਾਹੇ ਸਿਆਸਤ ਕਰਕੇ ਸਿੱਖਾਂ ਦੀ ਹਮਦਰਦੀ ਲੈਣ ਅਤੇ ਹਿੰਦੂਤਵੀਆਂ ਦੀਆਂ ਨਜ਼ਰਾਂ ਵਿੱਚ ਵੱਧ ਤੋਂ ਵੱਧ ਵਫਾਦਾਰ ਸਾਬਤ ਹੋਣ ਦੀ ਹੋੜ੍ਹ ਲੱਗੀ ਨਜ਼ਰ ਆਉਂਦੀ ਰਹੀ ਹੈ। ਇਹ ਹੋੜ੍ਹ ਖਾਲਿਸਤਾਨ ਦੇ ਸੰਘਰਸ਼ ਵਿਚ ਆਈ ਖੜੋਤ ਕਾਰਨ ਵਧਦੀ ਰਹੀ ਹੈ। ਇਸ ਕਰਕੇ ਹਾਲ ਹੀ ਦੌਰਾਨ ਭਾਰਤ ਸਰਕਾਰ ਵਲੋਂ ਖਤਮ ਕੀਤੀ ਗਈ ਕਾਲੀ ਸੂਚੀ ਪਹਿਲੀ ਨਜ਼ਰੇ ਹੀ ਇੱਕ ਛਲਾਵਾ, ਇੱਕ ਭਰਮ ਅਤੇ ਚਾਣਕਿਆ ਨੀਤੀ ਦਾ ਹਿੱਸਾ ਪ੍ਰਤੀਤ ਹੁੰਦੀ ਹੈ। ਸਿੱਖਾਂ ਨੂੰ ਬਲੈਕ ਲਿਸਟ ਚੋਂ ਕੱਢਣ ਦਾ ਐਲਾਨ ਕੇਵਲ ਇੱਕ ਭੁਲੇਖਾ ਅਤੇ ਢੌਂਗ ਹੈ ਜੋ ਭਾਰਤ ਸਰਕਾਰ ਅਤੇ ਇਸ ਦੇ ਸਿੱਖ ਵਿਰੋਧੀ ਪਿਆਦੇ ਅਕਸਰ ਹੀ ਕਰਦੇ ਰਹਿੰਦੇ ਹਨ। ਵਿਦੇਸ਼ਾਂ ਵਿੱਚ ਵਸਦੇ ਸਿੱਖ ਹਰ ਪੱਖ ਤੋਂ ਖੁਸ਼ਹਾਲ ਹਨ, ਉਹਨਾਂ ਦੀ ਚਿੰਤਾ ਕਰਨ ਦੀ ਬਜਾਏ ਜੇਲ੍ਹਾਂ ਵਿੱਚ ਬੰਦ ਸਿੱਖਾਂ ਨੂੰ ਰਿਹਾਅ ਕਰਨ ਦੀ ਲੋੜ ਹੈ। ਇਸ ਬਲੈਕ ਲਿਸਟ ਨੂੰ ਖਤਮ ਕਰਨ ਦੇ ਐਲਾਨ ਪਿੱਛੇ ਸਿੱਖ ਸੰਘਰਸ਼ ਦਾ ਅਕਸ ਖਰਾਬ ਕਰਨ ਦਾ ਵੀ ਮਨੋਰਥ ਨਜ਼ਰ ਆ ਰਿਹਾ ਹੈ। ਖਾਲਿਸਤਾਨ ਲਈ ਤਿਆਰ ਹੋ ਚੁੱਕੀ ਨਵੀਂ ਪੀੜ੍ਹੀ ਵਿਦੇਸਾਂ ਵਿੱਚ ਪੂਰੇ ਜਾਹੋ ਜਲਾਲ ਵਿੱਚ ਹੈ। ਉਸ ਨੌਜਵਾਨ ਪੀੜ੍ਹੀ ਵਿੱਚ ਖਾੜਕੂ ਸੰਘਰਸ਼ ਦੀ ਅਗਵਾਈ ਕਰ ਰਹੀ ਲੀਡਰਸ਼ਿੱਪ ਪ੍ਰਤੀ ਤਰ੍ਹਾਂ ਤਰ੍ਹਾਂ ਦੇ ਸ਼ੰਕੇ ਪੈਦਾ ਕਰਕੇ ਨੌਜਵਾਨਾਂ ਨੂੰ ਨਿਰਾਸਤਾ ਦੀ ਖੱਡ ਵਲ ਧਕੇਲਣ ਦੀ ਕੋਝੀ ਚਾਲ ਹੈ। ਅਗਰ ਇਸ ਨੂੰ ਕੌਮੀ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਕੀ ਬਲੈਕ ਲਿਸਟ ਖਤਮ ਹੋਣ ਨਾਲ ਸਿੱਖ ਮਸਲਿਆਂ ਦਾ ਹੱਲ ਹੋ ਜਾਵੇਗਾ ? ਕੀ ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਸ਼ਹੀਦਾਂ ਦਾ ਕਾਰਜ ਪੂਰਾ ਹੋਵੇਗਾ ? ਕੀ ਸਿੱਖਾਂ ਦਾ ਕੌਮੀ ਨਿਸ਼ਾਨਾ ਕੇਵਲ ਬਲੈਕ ਲਿਸਟ ਖਤਮ ਕਰਵਾਉਣਾ ਸੀ ? ਇਸ ਨਾਲ ਕਿਸੇ ਨੂੰ ਵਿਅਕਤੀਗਤ ਫਾਇਦਾ ਤਾਂ ਹੋ ਸਕਦਾ ਹੈ ਪਰ ਕੌਮੀ ਪੱਧਰ 'ਤੇ ਇਸ ਦਾ ਕੋਈ ਅਰਥ ਨਹੀਂ ਹੈ। ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਸਿੱਖ ਜਗਤ ਨੂੰ ਸੱਦਾ ਗਿਆ ਕਿ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਜੀ, ਬਾਬਾ ਠਾਹਰਾ ਸਿੰਘ ਜੀ, ਜਨਰਲ ਸ਼ੁਬੇਗ ਸਿੰਘ ਜੀ ਅਤੇ ਸਾਥੀ ਸਿੰਘਾਂ ਦੀਆਂ ਸ਼ਹਾਦਤਾਂ ਨਾਲ ਸਿਰਜੇ ਗਏ ਅਜਾਦ ਸਿੱਖ ਰਾਜ ਖਾਲਿਸਤਾਨ ਦੀ ਕਾਇਮੀ ਲਈ ਯਤਨ ਕਰੀਏ। ਇਸ ਯਤਨ ਹਿੱਤ ਸ਼ਹੀਦ ਪਰਿਵਾਰਾਂ ਦੀ ਮੱਦਦ, ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਪੈਰਵਈ ਲਈ ਅਤੇ ਖਾਲਿਸਤਾਨ ਲਈ ਸਾਰਥਕ ਤਰੀਕੇ ਨਾਲ ਸੰਘਰਸ਼ ਕਰ ਰਹੇ ਕਾਫਲੇ ਦਾ ਸਾਥ ਦੇਣ ਦਾ ਅਹਿਦ ਦੁਹਰਾਉਂਦੇ ਹੋਏ ਆਪਣਾ ਫਰਜ਼ਾਂ ਸਿਰ ਫਰਜ਼ ਪਛਾਣੀਏ।

# ਸਿੱਖ ਸੇਵਕ ਸੁਸਾਇਟੀ ਨੇ ਧੁੱਸੀ ਬੰਨ੍ਹ ਮੰਡਿਆਲਾ ਦੇ ਕਾਲੇ ਪਾਣੀ ਬਾਰੇ ਜਾਰੀ ਕੀਤੀ ਰਿਪੋਰਟ

### *ਯੂਨਾਈਟਿਡ ਸਿੱਖ ਵੱਲੋਂ ਹੜ੍ਹ ਪੀੜਤ ਕਿਸਾਨਾਂ ਲਈ 75 ਲੱਖ ਦੀ ਸਹਾਇਤਾ ਰਾਸ਼ੀ*

**ਪ੍ਰੋ. ਬਲਵਿੰਦਰਪਾਲ ਸਿੰਘ (ਮੋਬ. 98157-00916)**

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਨਵਾਇਰਨ ਟੈਕ ਲੈਬਾਰਟਰੀ ਮੁਹਾਲੀ ਤੋਂ ਧੁੱਸੀ ਬੰਨ੍ਹ ਮੰਡਿਆਲਾ ਦੇ ਮਲੀਨ, ਪ੍ਰਦੂਸ਼ਿਤ ਤੇ ਕਾਲੇ ਪਾਣੀ ਦੇ ਟੈਸਟ ਕਰਵਾਏ, ਜੋ ਹੜ੍ਹਾਂ ਕਾਰਨ ਲੋਕਾਂ ਲਈ ਬਿਮਾਰੀਆਂ ਦਾ ਘਰ ਬਣ ਰਹੇ ਹਨ। ਇਹ ਰਿਪੋਰਟ 16 ਸਤੰਬਰ 2019 ਨੂੰ ਜਾਰੀ ਹੋਈ, ਜੋ ਕਿ ਹੜ੍ਹਾਂ ਵਾਲੇ ਪਾਣੀਆਂ ਬਾਰੇ ਸੀ। ਇਸ ਵਿਚ ਵਾਇਰਸ 100 ਮਿਲੀਲੀਟਰ ਈ ਕੋਲੀ, 100 ਮਿਲੀਲੀਟਰ ਕੋਲੀਫਾਰਮ ਦੀ ਮੌਜੂਦਗੀ ਹੈ। ਬਾਇਓਕੈਮੀਕਲ ਦਾ ਟੈਸਟ ਰਿਜ਼ਲਟ 3.80 ਆਇਆ, ਕੈਮੀਕਲ ਆਕਸੀਜਨ ਡਿਮਾਂਡ ਮਿਲੀਗ੍ਰਾਮ 54.50 ਪ੍ਰਤੀਸ਼ਤ ਆਈ ਤੇ ਅਮੋਨੀਕਲ ਨਾਈਟ੍ਰੋਜਨ 1.82 ਪ੍ਰਤੀਸ਼ਤ ਆਈ ਹੈ, ਜੋ ਕਿ ਪਾਣੀ ਦਾ ਭਿਅੰਕਰ ਪ੍ਰਦੂਸ਼ਣ ਹੈ, ਜੋ ਮਨੁੱਖੀ ਮੌਤਾਂ ਦਾ ਕਾਰਨ ਬਣ ਸਕਦਾ ਹੈ।



ਲੋਹੀਆਂ ਦੇ ਹੜ ਪੀੜਤ ਪਿੰਡਾਂ ਗਿੱਦੜ ਪਿੰਡੀ, ਵਾਟਾਂਵਾਲੀ, ਚੰਨ੍ਹਣ ਵਿੰਡੀ, ਦਾਰੇਵਾਲ, ਤਕੀਆਂ, ਜੂਸੁਫਪੁਰ, ਸੇਖਮਾਂਗਾ, ਸਰੂਪਵਾਲ, ਨਸੀਰ ਪੁਰ, ਮੰਡਾਲਾ ਤੇ ਮੰਡਾਲਾ ਛੰਨਾ ਕੋਲ ਕਾਲਾ ਪਰਦੂਸ਼ਿਤ ਪਾਣੀ ਮੌਜੂਦ ਹੈ ਉਹ ਚਿੱਟੀ ਵੇਈਂ ਤੇ ਕਾਲਾ ਸੰਘੀਆ ਡਰੇਨ ਦਾ ਪਰਦੂਸ਼ਿਤ ਪਾਣੀ ਹੈ। ਕਾਲਾ ਸੰਘਿਆ ਡਰੇਨ ਅਤੇ ਚਿੱਟੀ ਵੇਂਈ ਵਿਚ ਜਲੰਧਰ ਦੀ ਇੰਡਸਟਰੀ (ਲੈਦਰ ਕੰਪਲੈਕਸ) ਅਤੇ ਕਈ ਸ਼ਹਿਰਾਂ ਦੇ ਸੀਵਰੇਜ ਦਾ ਪਾਣੀ ਪੈਂਦਾ ਹੈ। ਦਰਿਆਈ ਪਾਣੀਆਂ ਵਿਚ ਰਸਾਇਣਕ ਤਰਲ ਰੋੜ੍ਹਨੇ ਜਾਂ ਰੁੜ੍ਹਨ ਦੇਣੇ ਜਲ ਐਕਟ, 1974 ਦੀ ਉਲੰਘਣਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਫ਼ੌਜਦਾਰੀ ਤੇ ਦੀਵਾਨੀ ਕਾਰਵਾਈ ਹੋਣੀ ਚਾਹੀਦੀ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਤਿਆਰ ਨਿਯਮਾਂ ਦੀ ਵਾਰ ਵਾਰ ਉਲੰਘਣਾ ਕਰਨਾ ਇਕ ਗੰਭੀਰ ਫੌਜਦਾਰੀ ਜੁਰਮ ਹੈ। ਪਰ ਕਿਸੇ ਇਕ ਵੀ ਉਦਯੋਗਿਕ ਘਰਾਣੇ ਵਿਰੁੱਧ ਇਸ ਅਧੀਨ ਮੁਕੱਦਮਾ ਦਰਜ ਨਹੀਂ ਕੀਤਾ ਗਿਆ। ਜੇ ਦਰਜ ਕਰ ਵੀ ਲਿਆ ਜਾਵੇ ਤਾਂ ਕਿਸੇ ਨਾ ਕਿਸੇ ਬਹਾਨੇ ਥੋੜ੍ਹਾ ਬਹੁਤਾ



ਜੁਰਮਾਨਾ ਕਰਕੇ ਕੇਸ ਵਾਪਸ ਲੈ ਲਿਆ ਜਾਂਦਾ ਹੈ।

ਇਸ ਪਾਣੀ ਵਿਚ ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ, ਤਾਂਬਾ, ਸਿੱਕਾ, ਜਿਸਤ, ਕੋਬਾਲਟ, ਕਰੋਮੀਅਮ, ਯੂਰੇਨੀਅਮ, ਆਰਸੈਨਿਕ, ਸਿੱਕਾ, ਐਲੂਮੀਨੀਅਮ, ਫਲੋਰਾਈਡ, ਸਿਲੇਨੀਅਮ ਤੇ ਨਿਕਲ ਰਹਿੰਦ-ਖੂੰਹਦ, ਡਾਈਆਂ, ਸਾਬਣ, ਡਿਟਰਜੈਂਟ, ਮਲ ਤਿਆਗ ਅਤੇ ਕੂੜਾ ਕਚਰਾ ਵਰਗੀਆਂ ਖਤਰਨਾਕ ਧਾਤਾਂ ਦੀ ਰਹਿੰਦ ਖੂੰਹਦ ਤੇ ਸ਼ੀਸ਼ਾ, ਕੇਡਮਿਅਮ, ਜ਼ਿੰਕ, ਮਰਕਰੀ ਦੀ ਵੱਧ ਤੋਂ ਵੱਧ ਮਿਕਦਾਰ ਇਸ ਕਾਲੇ ਪਾਣੀ ਵਿਚ ਮਿਲੀਆਂ ਹੋ ਸਕਦੀਆਂ ਹਨ ਜੋ ਕੈਂਸਰ ਵਰਗੇ ਭਿਆਨਕ ਰੋਗਾਂ ਨੂੰ ਪੈਦਾ ਕਰ ਰਹੀਆਂ ਹਨ। ਜਲ ਅਤੇ ਹਵਾ ਦੇ ਖਤਰਨਾਕ ਪੱਧਰ ਤੱਕ ਹੋਏ ਹੜ੍ਹਾਂ ਕਾਰਨ ਪ੍ਰਦੂਸ਼ਣ ਨੇ ਮਨੁੱਖਾਂ, ਪਸ਼ੂਆਂ ਅਤੇ ਹੋਰ ਕੁਦਰਤੀ ਬਨਸਪਤੀਆਂ ਦੀ ਹੋਂਦ ਲਈ ਗੰਭੀਰ ਖ਼ਤਰਾ ਪੈਦਾ ਕਰ ਦਿੱਤਾ ਹੈ। ਮੰਡਿਆਲਾ ਛੰਨਾ, ਕਾਸੋ ਮੰਡੀ, ਜਾਨੀਆ ਚਾਹਲ, ਮੁੱਡੀ ਕਾਹਲੋਂ, ਧੱਕਾ ਬਸਤੀ, ਮੁੱਡੀ ਸ਼ਹਿਰੀਆਂ, ਮੁੱਡੀ ਚੋਹਲੀਆਂ ਆਦਿ ਪਿੰਡਾਂ ਵਿਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਜੋ ਮੈਡੀਕਲ ਕੈਂਪ ਲਗਾਏ ਗਏ, ਉਸ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਹੜ੍ਹ ਪੀੜਤ ਲੋਕਾਂ ਦੀ ਨਜ਼ਰ ਘੱਟ ਰਹੀ ਹੈ, ਅੱਖਾਂ ਵਿਚ ਰੜਕ ਪੈ ਰਹੀ ਹੈ, ਮੂੰਹ ਵਿਚ ਤੇਜ਼ਾਬੀ ਸੁਆਦ ਅਤੇ ਪੈਰਾਂ ਹੇਠ ਕਿਰਕ ਦਾ ਅਹਿਸਾਸ ਹੋ ਰਿਹਾ ਹੈ ਤੇ ਸਰੀਰ ਵਿਚ ਖੁਰਕ ਪੈ ਰਹੀ ਹੈ, ਪੇਟ ਤੇ ਅੰਤੜੀਆਂ ਦੀਆਂ ਬਿਮਾਰੀਆਂ ਲਗ ਰਹੀਆਂ ਹਨ, ਸਾਹ ਲੈਣ ਵਿਚ ਸਮੱਸਿਆ ਪੇਸ਼ ਆ ਰਹੀ ਹੈ, ਸਰੀਰਕ ਸ਼ਕਤੀ ਘੱਟ ਰਹੀ ਹੈ ਤੇ ਕੰਨ ਦੇ ਪਰਦਿਆਂ ਨੂੰ ਨੁਕਸਾਨ ਹੋ ਰਿਹਾ ਹੈ।

ਇੱਥੋਂ ਤੱਕ ਮੰਡਿਆਲਾ ਛੰਨਾ ਦੇ ਗ੍ਰੰਥੀ ਗੁਰਦੇਵ ਸਿੰਘ ਦੇ ਕੰਨ ਦੇ ਪਰਦੇ ਖਰਾਬ ਹੋ ਚੁੱਕੇ ਹਨ, ਜਿਸ ਦਾ ਇਲਾਜ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਕਰਵਾਇਆ ਹੈ ਤੇ ਮੰਡਿਆਲਾ ਛੰਨਾ ਦੇ 125 ਮਰੀਜ਼ਾਂ ਦਾ ਇਲਾਜ ਮੈਡੀਕਲ ਕੈਂਪ ਰਾਹੀਂ ਕੀਤਾ ਤੇ ਤਿੰਨ ਮਰੀਜ਼ਾਂ ਨੂੰ ਹਸਪਤਾਲ ਵਿਚ ਦਾਖਲ ਕਰਵਾ ਕੇ ਸਿਹਤਮੰਦ ਕਰਕੇ ਘਰ ਭੇਜਿਆ। ਪੰਜਾਬ ਸਰਕਾਰ ਨੇ ਆਮ ਲੋਕਾਂ ਦੇ ਜੀਵਨ ਰੱਖਿਅਕ ਪਾਣੀ ਦੇ ਬੁਨਿਆਦੀ ਹੱਕ ਤੋਂ ਕਿਉਂ ਮੂੰਹ ਮੋੜਿਆ ਹੋਇਆ ਹੈ।

ਹੜ੍ਹ ਦੇ ਪਾਣੀ ਵਿਚ ਇਸ ਗੰਦੇ ਪਾਣੀ ਦੇ ਮਿਕਸ ਹੋਣ ਨਾਲ ਇੱਥੇ ਭਿਅੰਕਰ ਰੋਗ ਕੈਂਸਰ, ਹਾਰਟ, ਕਿਡਨੀ, ਹੈਜ਼ਾ, ਮਿਆਦੀ ਬੁਖਾਰ, ਪੀਲੀਆ, ਦਸਤ, ਤਪਦਿਕ, ਪੇਟ, ਚਮੜੀ ਦੇ ਰੋਗ ਆਦਿ ਫੈਲ ਰਹੇ ਹਨ। ਇਸ ਵਿਚ ਖਤਰਨਾਕ ਕੀੜੇ ਪਲ ਰਹੇ ਹਨ। ਇਹ ਕਾਲਾ ਪਾਣੀ ਮਨੁੱਖੀ ਚਮੜੀ ਗਾਲ ਰਿਹਾ ਹੈ। ਇਸ ਕਾਰਣ ਪੀਣ ਵਾਲੇ ਪਾਣੀ ਦੇ ਸਤਹੀ ਅਤੇ ਭੂ-ਗਰਭ ਸਰੋਤ ਆਲੇ ਦੁਆਲੇ ਤੇ ਹੜ੍ਹ ਪੀੜਤ ਪਿੰਡਾਂ ਦੇ ਜਲ ਸ੍ਰੋਤ ਅੱਜ ਪ੍ਰਦੂਸ਼ਿਤ ਹੋ ਚੁੱਕੇ ਹਨ। 200 ਮੀਟਰ ਦੇ ਬੋਰ ਕਰਨ 'ਤੇ ਪਾਣੀ ਟਿਊਬਵੈਲਾਂ ਵਿਚੋਂ ਕਾਲਾ ਨਿਕਲ ਰਿਹਾ ਹੈ। ਇਸ ਦੂਸ਼ਿਤ ਜ਼ਹਿਰੀਲੇ ਕਾਲੇ ਪਾਣੀ ਵਿਚ ਵੜਨ ਤੇ ਘਰ ਦੇ ਨਲਾਂ ਦੇ ਪਾਣੀ ਦੀ ਵਰਤੋਂ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਲਗ ਰਹੀਆਂ ਹਨ। ਪਸ਼ੂ ਵੀ ਬਿਮਾਰ ਪੈ ਰਹੇ ਹਨ।

ਜੇਕਰ ਸੇਵਾ ਕਰ ਰਹੀਆਂ ਪੰਥਕ ਜਥੇਬੰਦੀਆਂ ਸ਼ੁੱਧ ਪਾਣੀ ਦੀ ਸਪਲਾਈ ਇਹਨਾਂ ਪਿੰਡਾਂ ਵਿਚ ਬੰਦ ਕਰ ਦੇਣ ਤਾਂ ਪਸ਼ੂ ਤੇ ਪੰਜਾਬੀਆਂ ਦੇ ਜੀਵਨ ਨੂੰ ਖਤਰਾ ਪੈਦਾ ਹੋ ਸਕਦਾ। ਪਰ ਸਰਕਾਰ ਤੇ ਪ੍ਰਸ਼ਾਸ਼ਨ ਨੂੰ ਇਸ ਸੰਬੰਧੀ ਕੋਈ ਫ਼ਿਕਰ ਨਹੀਂ ਹੈ। ਆਖਿਰ ਪੰਥਕ ਜਥੇਬੰਦੀਆਂ ਕਿੰਨਾ ਕੁ ਚਿਰ ਇਹ ਸਪਲਾਈ ਜਾਰੀ ਰੱਖਣਗੀਆਂ। ਜੇ ਇਹ ਸਪਲਾਈ ਬੰਦ ਹੋ ਗਈ ਤਾਂ ਹੜ੍ਹ ਪੀੜਤ ਲੋਕਾਂ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹੋਣਾ ਪਵੇਗਾ। ਇਹ ਕਾਰਖਾਨੇ ਜੋ ਸਾਡੇ ਜਲ ਸਰੋਤ ਪਰਦੂਸਿਤ ਕਰ ਰਹੇ ਹਨ , ਪਰਸ਼ਾਸਣ ਦੀ ਨੱਕ ਹੇਠ ਚਲ ਰਹੇ ਹਨ, ਕੋਈ ਕਾਨੂੰਨ ਨਹੀਂ, ਕੋਈ ਸਜ਼ਾ ਨਹੀਂ। ਅੱਜ ਸਨਅਤਕਾਰਾਂ ਅਤੇ ਸਰਮਾਏਦਾਰਾਂ ਦੇ ਮੁਨਾਫ਼ੇ ਦੀ ਇਸ ਹਵਸ ਦੀ ਕੀਮਤ ਪ੍ਰਦੂਸ਼ਿਤ ਪਾਣੀ ਦੇ ਰੂਪ ਵਿਚ ਪੰਜਾਬੀਆਂ ਨੂੰ ਚੁਕਾਉਣੀ ਪੈ ਰਹੀ ਹੈ। ਇਸ ਕਾਲੇ ਪਾਣੀ ਵਿਚ ਉਦਯੋਗਿਕ ਠੋਸ ਕਚਰਾ ਜ਼ਹਿਰੀਲੇ ਪਦਾਰਥਾਂ ਵਾਲਾ ਹੈ, ਜੋ ਕਿ ਹੜ੍ਹ ਪੀੜਤ ਪਿੰਡਾਂ ਨੂੰ ਬਿਮਾਰ ਕਰ ਰਿਹਾ ਹੈ।

ਜੇਕਰ ਇਸ ਗੰਭੀਰ ਮੁੱਦੇ ਨੂੰ ਹੱਲ ਕਰਨ ਲਈ ਸਰਕਾਰ ਤੇ ਜਲੰਧਰ ਪ੍ਰਸ਼ਾਸ਼ਨ ਨੇ ਕੋਈ ਠੋਸ ਕਦਮ ਨਾ ਉਠਾਇਆ ਗਿਆ ਤਾਂ ਯਕੀਨਨ ਤੌਰ 'ਤੇ ਇਸ ਦੇ ਨਤੀਜੇ ਹੋਰ ਵੀ ਜ਼ਿਆਦਾ ਘਾਤਕ ਹੋਣਗੇ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਪੰਜਾਬ ਦੇ ਹੜ੍ਹ ਪੀੜਤ ਪਿੰਡਾਂ ਨੂੰ ਬਚਾਉਣ ਲਈ ਵਧੀਆ ਬਰਾਂਡ ਦੀਆਂ ਕਲੋਰੀਨ ਦੀਆਂ ਗੋਲੀਆਂ ਦੇ ਕੇ ਦੂਸ਼ਿਤ ਪਾਣੀ ਨੂੰ ਸੋਧਣ ਦਾ ਢੰਗ ਦੱਸੇਗੀ ਤਾਂ ਜੋ ਲੋਕਾਂ ਦਾ ਜੀਵਨ ਬਚ ਸਕੇ ਤੇ ਪੀਣ ਵਾਲੇ ਹੋਏ ਪ੍ਰਦੂਸ਼ਿਤ ਪਾਣੀ ਵਿਚ ਸ਼ਾਮਲ ਖਤਰਨਾਕ ਕੀਟਾਣੂਆਂ/ਜੀਵਾਣੂਆਂ ਤੋਂ ਬਚਾਅ ਕੀਤਾ ਜਾ ਸਕੇ।

**ਯੂਨਾਈਟਿਡ ਸਿੱਖ ਵਲੋਂ ਮਦਦ-**

ਵਿਸ਼ਵ ਭਰ ਵਿੱਚ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰ ਰਹੀ ਸੰਸਥਾ ਯੂਨਾਈਟਿਡ ਸਿੱਖਜ਼ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਹੜ੍ਹ ਪੀੜਤ ਕਿਸਾਨਾਂ ਲਈ 75 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ ਗਈ ਹੈ। ਇੱਥੇ ਮਾਤਾ ਗੁਜਰੀ ਦੀ ਯਾਦ ਨਾਲ ਸਬੰਧਤ ਗੁਰਦੁਆਰਾ ਛੰਨ ਕੁੰਮਾ ਮਾਸ਼ਕੀ ਚੱਕ ਢੇਰਾ ਵਿਚ ਸੰਸਥਾ ਦੇ ਭਾਰਤ ਦੇ ਡਾਇਰੈਕਟਰ ਜਸਮੀਤ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਦੀ ਫ਼ਸਲ ਹੜ੍ਹ ਨਾਲ ਬੁਰੀ ਤਰ੍ਹਾਂ ਖਰਾਬ ਹੋ ਗਈ ਹੈ, ਉਨ੍ਹਾਂ ਨੂੰ ਸੰਸਥਾ ਵੱਲੋਂ ਅਗਲੀ ਫ਼ਸਲ ਬੀਜਣ ਲਈ ਲੋੜੀਂਦੇ ਬੀਜ ਅਤੇ ਖਾਦਾਂ ਆਦਿ ਦੀ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਗੁਰਦੁਆਰਾ ਸਾਹਿਬ ਲਈ ਰੁਮਾਲਾ ਸਾਹਿਬ, ਚੰਦੋਆ ਸਾਹਿਬ, ਪਾਲਕੀ, ਇਨਵਰਟਰ, ਹਰਮੋਨੀਅਮ, ਤਬਲਾ, ਗੈਸ ਵਾਲੀਆਂ ਭੱਠੀਆਂ, ਤਵੀ, ਬਰਤਨ, ਕੰਬਲ, ਬਿਸਤਰੇ ਤੇ ਕਣਕ ਆਦਿ ਸਾਮਾਨ ਭੇਟ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਸੰਸਥਾ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਆਲੇ ਦੁਆਲੇ ਭਵਿੱਖ ਵਿੱਚ ਹੜ੍ਹਾਂ ਤੋਂ ਬਚਾਅ ਲਈ ਸ਼ੁਰੂ ਕੀਤੀ ਗਈ ਸੇਵਾ ਵਿੱਚ ਵੀ ਆਪਣਾ ਬਣਦਾ ਯੋਗਦਾਨ ਪਾਵੇਗੀ।

**ਸਰਕਾਰੀ ਟੀਮ ਵਲੋਂ ਦੌਰਾ-**

ਪੰਜਾਬ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸੱਤ ਮੈਂਬਰੀ ਕੇਂਦਰੀ ਟੀਮ ਨੇ ਸੰਯੁਕਤ ਸਕੱਤਰ ਅਨੁਜ ਸ਼ਰਮਾ ਦੀ ਅਗਵਾਈ ਵਿਚ ਪੰਜਾਬ ਦਾ ਦੌਰਾ ਕੀਤਾ। ਮੁਹਾਲੀ ਵਿਚਲੇ ਆਈ. ਐਸ. ਬੀ. ਵਿਚ ਬੈਠਕ ਦੌਰਾਨ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੇ ਹੜ੍ਹਾਂ ਦੌਰਾਨ ਹੋਏ ਨੁਕਸਾਨ ਦੀ ਵਿਸਥਾਰਤ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਪੰਜਾਬ ਦੇ ਵਿਸ਼ੇਸ਼ ਮੁੱਖ ਸਕੱਤਰ (ਮਾਲ) ਕੇ. ਬੀ. ਐਸ. ਸਿੱਧੂ ਨੇ ਕੇਂਦਰੀ ਟੀਮ ਨੂੰ ਹੜ੍ਹਾਂ ਨਾਲ ਹੋਏ ਕੁੱਲ ਨੁਕਸਾਨ ਅਤੇ ਪੰਜਾਬ ਸਰਕਾਰ ਵਲੋਂ ਕੀਤੇ ਕਾਰਜਾਂ ਸਬੰਧੀ ਚੁੱਕੇ ਕਦਮਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੌਰਾਨ ਪੰਜਾਬ ਨੂੰ ਕੁੱਲ 1219.23 ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪਿਆ ਹੈ। ਜਦ ਕਿ ਨਿਰਪੱਖ ਮੀਡੀਆ ਰਿਪੋਰਟਾਂ ਅਨੁਸਾਰ 2 ਹਜ਼ਾਰ ਕਰੋੜ ਤੋਂ ਵੱਧ ਨੁਕਸਾਨ ਹੋਇਆ ਹੈ। ਕੇਂਦਰੀ ਟੀਮ ਨੇ ਕਿਹਾ ਕਿ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਨਾਲ ਲੱਗਦੇ ਜ਼ਿਲ੍ਹਿਆਂ ਸ਼ਹੀਦ ਭਗਤ ਸਿੰਘ ਨਗਰ, ਰੂਪਨਗਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਲੁਧਿਆਣਾ, ਮੋਗਾ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਤਰਨਤਾਰਨ ਨੂੰ ਵੱਡੇ ਪੱਧਰ 'ਤੇ ਨੁਕਸਾਨ ਝੱਲਣਾ ਪਿਆ ਹੈ। ਪੰਜਾਬ ਦੇ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਨੇ ਕੇਂਦਰੀ ਟੀਮ ਨੂੰ ਦੱਸਿਆ ਕਿ ਹੜ੍ਹਾਂ ਦੌਰਾਨ ਸੂਬਾ ਸਰਕਾਰ ਨੇ ਪੀੜਤਾਂ ਦੀ ਜਾਨ-ਮਾਲ ਦੀ ਸੁਰੱਖਿਆ ਵਿਚ ਕੋਈ ਕਸਰ ਨਹੀਂ ਛੱਡੀ ਅਤੇ ਮੁੜ-ਵਸੇਬੇ ਲਈ ਵੀ ਸਾਰਥਕ ਕਦਮ ਚੁੱਕੇ ਹਨ। ਅਸਲੀਅਤ ਇਹ ਹੈ ਕਿ ਸਰਕਾਰ ਕਿਤੇ ਵੀ ਮਦਦ ਲਈ ਨਹੀਂ ਪਹੁੰਚੀ।

## ਹੜ੍ਹ ਪੀੜਤ ਇਲਾਕਿਆਂ ਵਿੱਚ ਲੋਕਾਂ ਕੋਲ ਸੁੱਕੇ ਰਾਸ਼ਨ ਦੇ ਅੰਬਾਰ ਲੱਗੇ

ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਵੱਲੋਂ ਵੰਡਿਆ ਗਿਆ ਸੁੱਕਾ ਰਾਸ਼ਨ ਲੋੜੋਂ ਵੱਧ ਹੋ ਗਿਆ ਹੈ ਅਤੇ ਹੁਣ ਉੱਥੇ ਪੀੜਤ ਲੋਕ ਸਾਮਾਨ ਲੈਣ ਤੋਂ ਮਨਾਂ ਕਰ ਰਹੇ ਹਨ। ਉਹ ਸਿਰਫ ਪੀਣ ਵਾਲੇ ਪਾਣੀ ਦੀ ਮੰਗ ਕਰ ਰਹੇ ਹਨ ਜਿਸ ਦਾ ਸੰਕਟ ਆਏ ਦਿਨ ਵਧਦਾ ਜਾ ਰਿਹਾ ਹੈ। ਮੰਡਾਲਾ ਛੰਨਾਂ, ਗਿੱਦੜਪਿੰਡੀ, ਸਰੂਪਵਾਲ, ਆਲੀ ਕਲਾਂ ਤੇ ਨਾਲ ਲੱਗਦੇ ਹੋਰ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਕਿੱਲਤ ਵੱਡੇ ਪੱਧਰ 'ਤੇ ਹੋ ਰਹੀ ਹੈ ਤੇ ਇਨ੍ਹਾਂ ਪਿੰਡਾਂ ਵਿੱਚ ਲੋਕਾਂ ਨੂੰ ਬੋਤਲਾਂ ਵਾਲੇ ਪਾਣੀ 'ਤੇ ਨਿਰਭਰ ਹੋਣਾ ਪੈ ਰਿਹਾ ਹੈ। ਹੜ੍ਹ ਪੀੜਤ ਇਲਾਕਿਆਂ ਵਿਚ ਕਈ ਸਮੱਗਰੀ ਵੰਡਣ ਵਾਲਿਆਂ ਨੂੰ ਤਾਂ ਬਿਨਾਂ ਸਾਮਾਨ ਵੰਡਿਆਂ ਵਾਪਸ ਪਰਤਣਾ ਪਿਆ ਕਿਉਂਕਿ ਕੋਈ ਸਾਮਾਨ ਲੈਣ ਨੂੰ ਤਿਆਰ ਹੀ ਨਹੀਂ ਸੀ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕੇ ਦੇ ਪਿੰਡਾਂ ਵਿਚ ਲੋਕ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਦੀ ਮੰਗ ਕਰ ਰਹੇ ਹਨ ਨਾ ਕਿ ਕਿਸੇ ਖਾਣ-ਪੀਣ ਵਾਲੇ ਸਾਮਾਨ ਦੀ। ਛੋਟੇ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਵਧੀਆ ਬੀਜ, ਖਾਦ ਅਤੇ ਡੀਜ਼ਲ ਦੀ ਲੋੜ ਹੈ।

## ਕਸ਼ਮੀਰੀਆਂ ਦੇ ਹੱਕ 'ਚ ਪੰਜਾਬੀਆਂ ਨੇ ਕੀਤਾ ਸੰਘਰਸ਼

**ਚੰਡੀਗੜ੍ਹ/ਏਟੀ ਨਿਊਜ਼ :** ਕਸ਼ਮੀਰੀ ਲੋਕਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਪੰਜਾਬ ਦੀਆਂ 11 ਕਿਸਾਨ ਜਥੇਬੰਦੀਆਂ ਸਮੇਤ ਕਿਰਤੀ, ਕਿਸਾਨ, ਪੇਂਡੂ/ਖੇਤ ਮਜ਼ਦੂਰ, ਸਨਅਤੀ ਮਜ਼ਦੂਰ ਅਤੇ ਨੌਜਵਾਨਾਂ ਵੱਲੋਂ ਮੁਹਾਲੀ ਵਿੱਚ ਕੀਤੀ ਜਾਣ ਵਾਲੀ ਕੌਮੀ ਪੱਧਰ ਦੀ ਰੋਸ ਰੈਲੀ ਪੰਜਾਬ ਸਰਕਾਰ ਨੇ ਭਾਵੇਂ ਪੁਲੀਸ ਰੋਕਾਂ ਲਗਾ ਕੇ ਠੁੱਸ ਕਰ ਦਿੱਤੀ, ਪਰ ਸਰਕਾਰੀ ਰੋਕਾਂ ਦੇ ਬਾਵਜੂਦ ਸੈਂਕੜੇ ਕਿਸਾਨ, ਮੁਲਾਜ਼ਮ, ਮਜ਼ਦੂਰ ਤੇ ਵਿਦਿਆਰਥੀ ਪੁਲੀਸ ਨੂੰ ਝਕਾਨੀ ਦੇ ਕੇ ਮੁਹਾਲੀ ਪਹੁੰਚਣ ਵਿੱਚ ਸਫਲ ਰਹੇ। ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੇ ਕਾਰਕੁਨ ਕਾਫ਼ਲੇ ਬਣਾ ਕੇ ਆਉਣ ਦੀ ਥਾਂ ਚੰਡੀਗੜ੍ਹ ਦੇ ਰਸਤੇ ਆਟੋ ਵਿੱਚ ਸਵਾਰ ਹੋ ਕੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਪਹੁੰਚ ਗਏ। ਇਸ ਮਗਰੋਂ ਉਨ੍ਹਾਂ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਚੰਡੀਗੜ੍ਹ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੁਰਦੁਆਰੇ ਦੇ ਬਾਹਰੋਂ ਹੀ ਪੁਲੀਸ ਨੇ ਇਨ੍ਹਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਤੇ ਮਗਰੋਂ ਹਰਿਆਣਾ ਦੀ ਸਰਹੱਦ 'ਤੇ ਲਿਜਾ ਕੇ ਛੱਡ ਦਿੱਤਾ। ਇਸੇ ਤਰ੍ਹਾਂ ਫ਼ਿਰੋਜ਼ਪੁਰ ਤੇ ਲੁਧਿਆਣਾ ਅਤੇ ਹੋਰਨਾਂ ਇਲਾਕਿਆਂ ਵਿਚੋਂ ਵੱਡੀ ਗਿਣਤੀ ਕਿਸਾਨ, ਕਿਰਤੀ, ਖੇਤ ਤੇ ਸਨਅਤੀ ਮਜ਼ਦੂਰ ਅਤੇ ਮੁਲਾਜ਼ਮ ਰੇਲਗੱਡੀ ਰਾਹੀਂ ਮੁਹਾਲੀ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਰੇਲਵੇ ਸਟੇਸ਼ਨ ਦੇ ਬਾਹਰ ਤਾਇਨਾਤ ਪੁਲੀਸ ਨੇ ਉਨ੍ਹਾਂ ਦਾ ਰਾਹ ਡੱਕ ਲਿਆ। ਮਗਰੋਂ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਨ੍ਹਾਂ ਨੂੰ ਸਰਹਿੰਦ ਰੇਲਵੇ ਸਟੇਸ਼ਨ 'ਤੇ ਲਿਜਾ ਕੇ ਲੁਧਿਆਣਾ ਜਾਣ ਵਾਲੀ ਗੱਡੀ ਵਿੱਚ ਚੜ੍ਹਾ ਦਿੱਤਾ।

## ਟਰੰਪ ਦਾ ਦਾਅਵਾ, ਲਾਦੇਨ ਦੇ ਮੁੰਡੇ ਨੂੰ ਅਮਰੀਕਾ ਨੇ ਮਾਰਿਆ

**ਵਾਸ਼ਿੰਗਟਨ/ਏਟੀ ਨਿਊਜ਼ :** ਅਲਕਾਇਦਾ ਦੇ ਸਾਬਕਾ ਮੁਖੀ ਤੇ 9/11 ਦੇ ਮਾਸਟਰਮਾਈਂਡ ਓਸਾਮਾ ਬਿਨ ਲਾਦੇਨ ਦਾ ਮੁੰਡਾ ਹਮਜ਼ਾ ਬਿਨ ਲਾਦੇਨ ਅੱਤਵਾਦ ਵਿਰੋਧੀ ਮੁਹਿਮ ਵਿੱਚ ਮਾਰਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਦੀ ਪੁਸ਼ਟੀ ਕੀਤੀ। ਟਰੰਪ ਨੇ ਕਿਹਾ ਕਿ ਹਮਜ਼ਾ ਨੂੰ 'ਅਫ਼ਗਾਨਿਸਤਾਨ/ਪਾਕਿਸਤਾਨ ਖੇਤਰ' ਵਿੱਚ ਮਾਰਿਆ ਗਿਆ ਹੈ। ਉਨ੍ਹਾਂ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਕਿ ਇਹ ਕਾਰਵਾਈ ਕਦੋਂ ਕੀਤੀ ਗਈ ਸੀ।

## ਕਿਊਬਿਕ 'ਚ ਸਿੱਖਾਂ ਨੂੰ ਹੈਲਮੇਟ ਦੀ ਵਰਤੋਂ ਕਰਨੀ ਪਵੇਗੀ

**ਕਿਊਬਿਕ/ਏਟੀ ਨਿਊਜ਼ ;** ਕੈਨੇਡਾ ਦੇ ਕਿਊਬਿਕ ਵਿੱਚ ਇੱਕ ਕਾਨੂੰਨ ਪਾਸ ਕੀਤਾ ਗਿਆ ਹੈ, ਜਿਸ ਕਾਰਨ ਦਸਤਾਰ ਸਜਾਉਣ ਵਾਲੇ ਸਿੱਖਾਂ ਲਈ ਵੱਡੀ ਪ੍ਰੇਸ਼ਾਨੀ ਖੜ੍ਹੀ ਹੋ ਗਈ ਹੈ। ਹੁਣੇ ਹੁਣੇ ਪਾਸ ਹੋਏ ਕਾਨੂੰਨ ਅਨੁਸਾਰ ਜਿਹੜੇ ਸਿੱਖ ਟਰੱਕ ਚਲਾਉਂਦੇ ਹਨ, ਉਨ੍ਹਾਂ ਨੂੰ ਟਰੱਕ ਵਿੱਚੋਂ ਹੇਠ ਉਤਰਨ ਸਮੇਂ ਸਿਰ 'ਤੇ ਹੈਲਮਟ ਲੈਣਾ ਪਵੇਗਾ, ਭਾਵੇਂ ਉਹ ਦਸਤਾਰ ਹੀ ਕਿਉਂ ਨਾ ਸਜਾਉਂਦੇ ਹੋਣ। ਇਸ ਤੋਂ ਬਿਨਾਂ ਜਿੱਥੇ ਨਿਰਮਾਣ ਦਾ ਕੰਮ ਹੁੰਦਾ ਹੈ, ਉੱਥੇ ਵੀ ਹੈਲਮਟ ਦੀ ਵਰਤੋਂ ਕਰਨੀ ਜ਼ਰੂਰੀ ਕੀਤੀ ਗਈ ਹੈ, ਜਦ ਕਿ ਸਾਲ 2006 ਵਿੱਚ ਅਪੀਲ ਕਰਕੇ ਇਸ ਫੈਸਲੇ ਨੂੰ ਰੋਕਣ ਲਈ ਕਿਹਾ ਗਿਆ ਸੀ। ਇਸ ਅਪੀਲ ਨੂੰ ਸਾਲ 2016 ਵਿੱਚ ਰੱਦ ਕਰ ਦਿੱਤਾ ਗਿਆ ਸੀ। ਕੁਝ ਸਮਾਂ ਪਹਿਲਾਂ ਕਿਊਬਿਕ ਵਿੱਚ ਬਿੱਲ-21 ਵੀ ਪਾਸ ਕੀਤਾ ਗਿਆ ਹੈ। ਇਸ ਬਿੱਲ ਦੇ ਪਾਸ ਹੋ ਜਾਣ ਨਾਲ ਕੋਈ ਵੀ ਵਿਅਕਤੀ ਕਿਸੇ ਧਰਮ ਨੂੰ ਦਰਸਾਉਣ ਵਾਲਾ ਚਿੰਨ੍ਹ ਪਹਿਨ ਕੇ ਕੋਈ ਸਰਕਾਰੀ ਨੌਕਰੀ ਨਹੀਂ ਕਰ ਸਕਦਾ, ਜਿਵੇਂ ਕਿ ਪੁਲੀਸ ਵਿਭਾਗ ਵਿੱਚ ਕੰਮ ਕਰਨ ਵਾਲੇ ਅਤੇ ਵਕਾਲਤ ਕਰਨ ਵਾਲੇ ਵਿਅਕਤੀ ਹਨ। ਅੱਗੇ ਤੋਂ ਕਿਸੇ ਧਾਰਮਿਕ ਚਿੰਨ੍ਹਾਂ ਨੂੰ ਪਹਿਨਣ ਵਾਲਾ ਵਿਅਕਤੀ ਸਰਕਾਰੀ ਨੌਕਰੀ ਲਈ ਅਪਲਾਈ ਵੀ ਨਹੀਂ ਕਰ ਸਕੇਗਾ।

## *ਮਾਮਲਾ 1984 ਦੇ ਕਾਨਪੁਰ ਸਿੱਖ ਵਿਰੋਧੀ ਕਤਲੇਆਮ ਦਾ*
## ਸਿੱਟ ਨੂੰ ਹੁਣ ਤਕ ਨਹੀਂ ਮਿਲੀਆਂ ਫਾਈਲਾਂ

**ਕਾਨਪੁਰ/ਏਟੀ ਨਿਊਜ਼ :** ਕਾਨਪੁਰ ਵਿਚ ਹੋਏ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਦੀ ਦੁਬਾਰਾ ਜਾਂਚ ਕਰ ਰਹੀ ਐੱਸਆਈਟੀ ਨੂੰ ਹੁਣ ਤਕ ਗੰਭੀਰ ਅਪਰਾਧਾਂ ਨਾਲ ਸਬੰਧਿਤ ਫਾਈਲਾਂ ਨਹੀਂ ਮਿਲ ਸਕੀਆਂ। 35 ਸਾਲ ਪੁਰਾਣਾ ਮਾਮਲਾ ਹੋਣ ਕਾਰਨ ਰਿਕਾਰਡ ਰੂਮ ਦੇ ਮੁਲਾਜ਼ਮ ਵੀ ਦਸਤਾਵੇਜ਼ ਨਹੀਂ ਲੱਭ ਸਕੇ। ਹੁਣ ਐੱਸਆਈਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਅਦਾਲਤ ਤੋਂ ਮਦਦ ਮੰਗੀ ਹੈ ਕਿਉਂਕਿ ਮੁਆਵਜ਼ੇ ਨਾਲ ਸਬੰਧਿਤ ਦਸਤਾਵੇਜ਼ ਪ੍ਰਸ਼ਾਸਨ ਤੇ ਮੁਕੱਦਮੇ ਨਾਲ ਸਬੰਧਿਤ ਦਸਤਾਵੇਜ਼ ਅਦਾਲਤ ਕੋਲ ਵੀ ਹਨ। ਐੱਸਆਈਟੀ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ 38 ਮੁਕੱਦਮਿਆਂ ਵਿਚੋਂ 12 ਮੁਕੱਦਮਿਆਂ ਵਿਚ ਚਾਰਜਸ਼ੀਟ ਤੇ ਬਾਕੀ ਵਿਚ ਫਾਈਨਲ ਰਿਪੋਰਟ ਲਾਈ ਗਈ ਸੀ। ਸ਼ਾਸਨ ਦੇ ਨਿਰਦੇਸ਼ 'ਤੇ ਸਭ ਤੋਂ ਪਹਿਲਾਂ ਉਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ ਜਾਣੀ ਹੈ ਪਰ ਹੁਣ ਤਕ ਫਾਈਲਾਂ ਨਹੀਂ ਮਿਲੀਆਂ ਹਨ।

ਕਤਲੇਆਮ ਦੌਰਾਨ ਵੱਖ-ਵੱਖ ਥਾਣਿਆਂ ਵਿਚ 1254 ਮੁਕੱਦਮੇ ਦਰਜ ਹੋਏ ਸਨ। ਨਜ਼ੀਰਾਬਾਦ ਥਾਣੇ ਵਿਚ 135, ਨੌਬਸਤਾ ਵਿਚ 227, ਗੋਵਿੰਦਨਗਰ ਵਿਚ 374, ਸੀਸਾਮਊ ਵਿਚ 72, ਕਲਿਆਣਪੁਰ ਵਿਚ 47, ਪਨਕੀ ਵਿਚ 46 ਤੇ ਕਿਦਵਈਨਗਰ ਵਿਚ 52 ਤੋਂ ਇਲਾਵਾ ਹੋਰਨਾਂ ਥਾਣਿਆਂ ਵਿਚ ਵੀ ਮੁਕੱਦਮੇ ਲਿਖੇ ਗਏ ਸਨ। ਇਨ੍ਹਾਂ ਵਿਚੋਂ ਪੁਲਿਸ ਨੇ 1101 ਮੁਕੱਦਮਿਆਂ ਵਿਚ ਫਾਈਨਲ ਰਿਪੋਰਟ ਤੇ 153 ਵਿਚ ਚਾਰਜਸ਼ੀਟ ਲਾਈ ਸੀ।

## ਖ਼ਾਲਸਾ ਯੂਨੀਵਰਸਿਟੀ ਬਣੇਗੀ ਵਾਸ਼ਿੰਗਟਨ ਵਿਚ

**ਅੰਮ੍ਰਿਤਸਰ/ਏਟੀ ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਅਮਰੀਕਾ ਦੇ ਵਾਸ਼ਿੰਗਟਨ ਸਥਿਤ ਬੈਲੀਗਮ ਸ਼ਹਿਰ ਵਿਚ ਖ਼ਾਲਸਾ ਯੂਨੀਵਰਸਿਟੀ ਸਥਾਪਤ ਕੀਤੀ ਜਾ ਰਹੀ ਹੈ ਜਿਸ ਵਾਸਤੇ ਸਿੱਖ ਸ਼ਰਧਾਲੂ ਵਲੋਂ 130 ਏਕੜ ਜ਼ਮੀਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਕਰਵਾ ਦਿੱਤੀ ਗਈ ਹੈ। ਇਸ ਸਬੰਧੀ ਅਰਦਾਸ ਸਮਾਗਮ ਵੀ ਕਰਵਾਇਆ ਗਿਆ। ਇਹ ਖ਼ੁਲਾਸਾ ਅਮਰੀਕਾ ਦੌਰੇ ਤੋਂ ਪਰਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬੈਲੀਗਮ ਵਿਚ ਖ਼ਾਲਸਾ ਯੂਨੀਵਰਸਿਟੀ ਦੀ ਸਥਾਪਨਾ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸਿੱਖ ਸ਼ਰਧਾਲੂ ਮਨਜੀਤ ਸਿੰਘ ਵਲੋਂ 130 ਏਕੜ ਜ਼ਮੀਨ ਗੁਰੂ ਗ੍ਰੰਥ ਸਾਹਿਬ ਦੇ ਨਾਂ ਕੀਤੀ ਗਈ ਹੈ। ਯੂਨੀਵਰਸਿਟੀ ਵਿਚ ਸਿੱਖ ਧਰਮ, ਗੁਰਮਤਿ ਸੰਗੀਤ, ਸਿੱਖ ਫਲਸਫਾ, ਕਦਰਾਂ ਕੀਮਤਾਂ ਨੂੰ ਵਿਦਿਆਰਥੀਆਂ ਤਕ ਪਹੁੰਚਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਉਥੇ ਪਹਿਲਾਂ ਹੀ ਖ਼ਾਲਸਾ ਅਕੈਡਮੀ ਚੱਲ ਰਹੀ ਸੀ ਅਤੇ ਹੁਣ ਕਮਿਊਨਿਟੀ ਕਾਲਜ ਦੀ ਜ਼ਮੀਨ ਵੀ ਸਿੱਖ ਭਾਈਚਾਰੇ ਨੇ ਖਰੀਦ ਲਈ ਹੈ ਜਿਸ ਵਿਚ ਯੂਨੀਵਰਸਿਟੀ ਦਾ ਦਫਤਰ ਸਥਾਪਤ ਕਰ ਦਿੱਤਾ ਗਿਆ ਹੈ। ਸਿੱਖ ਧਰਮ ਇੰਟਰਨੈਸ਼ਨਲ ਅਮਰੀਕਾ ਵਲੋਂ ਪ੍ਰਕਾਸ਼ ਪੁਰਬ ਸਬੰਧੀ ਕੀਤੇ ਜਾ ਰਹੇ ਵਿਸ਼ੇਸ਼ ਕਾਰਜਾਂ ਬਾਰੇ ਡਾ. ਰੂਪ ਸਿੰਘ ਨੇ ਦੱਸਿਆ ਕਿ ਇਸ ਸੰਸਥਾ ਵਲੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਜਪੁਜੀ ਸਾਹਿਬ ਦਾ ਅਨੁਵਾਦ 20 ਵੱਖ ਵੱਖ ਮੁਲਕਾਂ ਦੀਆਂ ਭਾਸ਼ਾਵਾਂ ਵਿਚ ਕੀਤਾ ਜਾ ਰਿਹਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
18 ਸਤੰਬਰ 2019 ਤੋਂ 24 ਸਤੰਬਰ 2019

# ਭਗਵਿਆਂ ਨੂੰ ਕਿਉਂ ਚੁਭਦੀ ਹੈ ਪੰਜਾਬੀ ਬੋਲੀ ?

**ਮਨਜੀਤ ਸਿੰਘ ਟਿਵਾਣਾ**

ਕਿਸੇ ਵੀ ਮਾਂ-ਬੋਲੀ ਦੀ ਸੰਸਾਰ ਪੱਧਰ ਉਤੇ ਸਰਬ ਪ੍ਰਵਾਨਿਤ ਪਰਿਭਾਸ਼ਾ ਤਹਿਤ ਇਸ ਨੂੰ ਮਾਂ ਦੀ ਬੋਲੀ ਮੰਨਿਆ ਜਾਂਦਾ ਹੈ। ਆਮ ਹਾਲਾਤ ਵਿਚ ਬੱਚਾ ਆਪਣੇ ਜੀਵਨ ਦੇ ਮੁਢਲੇ ਵਰ੍ਹੇ ਆਪਣੀ ਮਾਂ ਦੀ ਗੋਦ ਤੇ ਉਸ ਦੇ ਇਰਦ-ਗਿਰਦ ਹੀ ਗੁਜ਼ਾਰਦਾ ਹੈ। ਜਿਹੜਾ ਚੌਗਿਰਦਾ ਉਸ ਦੀ ਮਾਂ ਦਾ ਹੁੰਦਾ ਹੈ, ਬੱਚਾ ਵੀ ਉਸ ਨਾਲ ਜੁੜ ਕੇ ਪਰਵਾਨ ਚੜ੍ਹਦਾ ਹੈ। ਕਿਸੇ ਬੱਚੇ ਦੀ ਤੋਤਲੀ ਜ਼ੁਬਾਨ 'ਚੋਂ ਨਿਕਲਣ ਵਾਲੇ ਪਹਿਲੇ ਬੋਲਾਂ ਦੇ ਗਵਾਹ ਵੀ ਉਸ ਦੀ ਮਾਂ ਤੇ ਮਾਂ-ਬੋਲੀ ਬਣਦੇ ਹਨ। ਇਸ ਕਰਕੇ ਮਾਂ ਦੀ ਬੋਲੀ ਹੀ ਕਿਸੇ ਇਨਸਾਨ ਦੀ ਮਾਂ-ਬੋਲੀ ਹੁੰਦੀ ਹੈ। ਮਾਂ ਵਰਗਾ ਭਾਵੁਕ ਤੇ ਪਵਿੱਤਰ ਰਿਸ਼ਤਾ ਹੀ ਮਨੁੱਖ ਦਾ ਮਾਂ-ਬੋਲੀ ਨਾਲ ਹੁੰਦਾ ਹੈ। ਆਪਣੀ ਮਿੱਟੀ ਤੇ ਸੱਭਿਆਚਾਰ ਨਾਲ ਪੀਡੀਆਂ ਗੰਢਾਂ ਮਾਂ-ਬੋਲੀ ਵਿਚ ਹੀ ਬੱਝਦੀਆਂ ਹਨ। ਇਹਨਾਂ ਤਮਾਮ ਤੱਥਾਂ ਦੀ ਰੌਸ਼ਨੀ ਵਿਚ ਹੀ ਮਨੋਵਿਗਿਆਨ ਨੇ ਮੋਹਰ ਲਗਾਈ ਹੈ ਕਿ ਕਿਸੇ ਮਨੁੱਖ ਦੇ ਸੁਭਾਅ ਵਿਚ ਰਚੀ ਕੁਦਰਤੀ ਬੋਲੀ ਹੀ ਤਾਅ ਉਮਰ ਉਸ ਦੇ ਵਿਚਾਰ ਪ੍ਰਗਟਾਵੇ ਦਾ ਸਭ ਤੋਂ ਸਹਿਜ ਤੇ ਸਰਲ ਰਾਹ ਹੁੰਦੀ ਹੈ। ਮਾਂ-ਬੋਲੀ ਦੀ ਕੁੱਛੜ ਚੜ੍ਹ ਕੇ ਹੀ ਮਨੁੱਖ ਦੀ ਬੁੱਧੀ ਵਿਕਾਸ ਕਰਦੀ ਹੈ।ਇਹ ਇਕ ਕੁਦਰਤੀ ਵਰਤਾਰਾ ਹੈ ਜੋ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ। ਇਹ ਨਾ ਕਿਸੇ ਉਤੇ ਜਬਰੀ ਥੋਪੀ ਜਾ ਸਕਦੀ ਹੈ ਅਤੇ ਨਾ ਹੀ ਕਿਸੇ ਦੀ ਬਦਲੀ ਜਾ ਸਕਦੀ ਹੈ।

ਆਪਣੀ ਮਾਂ-ਬੋਲੀ ਦਾ ਮਾਣ-ਸਤਿਕਾਰ ਕਰਨਾ ਸਭ ਦਾ ਫਰਜ਼ ਹੈ। ਇਸ ਦਾ ਕਤਈ ਮਤਲਬ ਇਹ ਨਹੀਂ ਹੁੰਦਾ ਕਿ ਤੁਸੀਂ ਕਿਸੇ ਦੂਜੀ ਬੋਲੀ ਨੂੰ ਗੰਵਾਰ ਕਹਿ ਕੇ ਜਾਂ ਗਾਲੀ ਗਲੋਚ ਕਰ ਕੇ ਬੇਇੱਜ਼ਤ ਕਰੋ। ਭਾਸ਼ਾ ਵਿਭਾਗ ਪੰਜਾਬ ਦੇ ਵਿਹੜੇ ਵਿਚ ਹਿੰਦੀ ਭਾਸ਼ਾ ਦੇ ਠੇਕੇਦਾਰ ਬਣੇ ਭਗਵੇਂਵਾਦੀਆਂ ਦੀ ਪੰਜਾਬੀ ਬੋਲੀ ਪ੍ਰਤੀ ਈਰਖਾਲੂ ਸੋਚ ਦਾ ਪ੍ਰਗਟਾਵਾ ਹੋਇਆ ਹੈ। ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਸਿੰਘ ਮਾਨ ਅਤੇ ਪੰਜਾਬੀ ਬੋਲੀ ਦੇ ਨਿਰਾਦਰ ਦਾ ਵਿਸ਼ਵ ਭਰ ਦੇ ਪੰਜਾਬੀਆਂ ਨੂੰ ਸਖਤ ਨੋਟਿਸ ਲੈਣਾ ਚਾਹੀਦਾ ਹੈ। ਹਿੰਦੀ ਦਿਵਸ ਸਮਾਗਮ ਵਿਚ ਪੰਜਾਬੀ ਬੋਲੀ ਦੇ ਦੁਸ਼ਮਣ ਬਣੇ ਆ ਰਹੇ ਸੰਘ ਦੇ ਨੁਮਾਇੰਦਿਆਂ ਨੇ ਪੰਜਾਬੀ ਭਾਸ਼ਾ ਪ੍ਰਤੀ ਬਹੁਤ ਹੀ ਭੱਦੀ ਸ਼ਬਦਾਵਲੀ ਵਰਤੀ ਹੈ। ਪੰਜਾਬ ਸਰਕਾਰ ਨੇ ਸਮੁੱਚੇ ਮਾਮਲੇ ਉਤੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ ਅਤੇ ਭਾਸ਼ਾ ਵਿਭਾਗ ਵੀ ਲੀਪਾਪੋਚੀ ਕਰਦਾ ਨਜ਼ਰ ਆ ਰਿਹਾ ਹੈ।

ਦਰਅਸਲ ਪੰਜਾਬੀ ਬੋਲੀ ਨਾਲ ਅੰਦਰੋਂ ਖਾਰ ਖਾਣ ਵਾਲਾ ਭਗਵੀਂ ਸੋਚ ਦਾ ਇਹ ਵਤੀਰਾ ਚਿਰ ਪੁਰਾਣਾ ਹੈ। ਪੰਜਾਬ ਵਿਚ ਕਿੰਨੇ ਹੀ ਸਮੇਂ ਤੋਂ ਇਕ ਸਾਜ਼ਿਸ਼ ਤਹਿਤ ਪੰਜਾਬੀ ਭਾਸ਼ਾ ਨੂੰ ਠਿੱਬੀ ਲਾਉਣ ਦੇ ਕੋਝੇ ਯਤਨ ਕੀਤੇ ਜਾਂਦੇ ਰਹੇ ਹਨ। ਪੰਜਾਬ ਦੇ ਪੁਨਰਗਠਨ ਵੇਲੇ ਵੀ ਸੰਘੀਆਂ ਨੇ ਪੂਰਾ ਤਾਣ ਲਾ ਕੇ ਪੰਜਾਬ ਦੇ ਹਿੰਦੂਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਲਈ ਉਕਸਾਇਆ ਸੀ। ਅੱਜ ਜਦੋਂ ਸਮੁੱਚੀ ਲੋਕਾਈ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾ ਰਹੀ ਹੈ, ਤਾਂ ਉਸ ਜਗਤ ਗੁਰੂ ਨਾਨਕ ਦੀ ਬੋਲੀ ਨੂੰ ਸੰਘੀਆਂ ਵੱਲੋਂ 'ਗੰਵਾਰਾਂ ਦੀ ਭਾਸ਼ਾ' ਦੱਸਣਾ ਤੇ ਪੰਜਾਬੀਆਂ ਨੂੰ ਦੋ ਕੁ ਸਾਲ ਹੋਰ ਠਹਿਰ ਜਾਣ ਦੀਆਂ ਧਮਕੀਆਂ ਦੇਣਾ ਸਥਿਤੀ ਦੀ ਗੰਭੀਰਤਾ ਨੂੰ ਦਰਸਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਹਿੰਦੀ ਦਿਵਸ ਉਤੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਕਿਹਾ ਹੈ ਕਿ ਪੂਰੇ ਦੇਸ਼ ਲਈ ਇਕ ਭਾਸ਼ਾ ਜ਼ਰੂਰ ਹੋਣੀ ਚਾਹੀਦੀ ਹੈ। ਇਥੋਂ ਤਕ ਤਾਂ ਗੱਲ ਮੰਨਣਯੋਗ ਹੈ ਕਿ ਪੂਰੇ ਦੇਸ਼ ਵਿਚ ਆਪਸੀ ਸੰਪਰਕ ਲਈ ਕਿਸੇ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ ਪਰ ਗ੍ਰਹਿ ਮੰਤਰੀ ਜਦੋਂ ਇਹ ਕਹਿੰਦੇ ਹਨ ਕਿ ਹਿੰਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਸਿਰਫ ਇਹੋ ਦੇਸ਼ ਨੂੰ ਇਕਜੁੱਟ ਕਰ ਸਕਦੀ ਹੈ, ਤਾਂ ਭਗਵਿਆਂ ਦੀ ਭਾਸ਼ਾ ਦੇ ਨਾਮ ਉਤੇ ਕੀਤੀ ਜਾ ਰਹੀ ਸਿਆਸਤ ਨੰਗੀ ਹੋ ਜਾਂਦੀ ਹੈ। ਨਹਿਰੂ ਕਾਲ ਵੇਲੇ ਸੰਵਿਧਾਨ ਮੁਤਾਬਕ ਹਿੰਦੀ ਅਤੇ ਅੰਗਰੇਜ਼ੀ ਨੂੰ 15 ਸਾਲਾਂ ਲਈ ਭਾਰਤ ਦੀ ਸੰਪਰਕ ਜਾਂ ਦਫਤਰੀ ਭਾਸ਼ਾ ਦਾ ਰੁਤਬਾ ਮਿਲਿਆ ਸੀ। ਭਾਰਤ ਦੇ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿਚ 22 ਭਾਸ਼ਾਵਾਂ ਦਰਜ ਹਨ ਅਤੇ ਸਾਰੀਆਂ ਨੂੰ ਬਰਾਬਰਤਾ ਦਿੱਤੀ ਗਈ ਹੈ। ਫਿਰ ਹੁਣ ਮਸਲਾ ਕੀ ਹੈ ? ਸਚਾਈ ਇਹ ਕਿ ਪੂਰੇ ਦੇਸ਼ ਦੀਆਂ ਵੰਨ-ਸੁਵੰਨੀਆਂ ਬੋਲੀਆਂ ਨੂੰ ਹਿੰਦੀ ਦੇ ਗਲਬੇ ਹੇਠ ਮਸਲ ਦੇਣ ਵਾਸਤੇ ਹਿੰਦੀ ਨੂੰ ਰਾਸ਼ਟਰਵਾਦ ਦਾ ਪਲੇਥਣ ਲਾਉਣਾ ਜ਼ਰੂਰੀ ਹੈ। ਇਹੋ ਭਗਵਾਂਵਾਦ ਤੇ ਆਰਐਸਐਸ ਦਾ ਮੂਲ ਏਜੰਡਾ ਹੈ। ਸੰਵਿਧਾਨ ਬਣਨ ਵੇਲੇ ਇਹ ਕਿਹਾ ਗਿਆ ਸੀ ਕਿ ਹਿੰਦੀ ਤੇ ਅੰਗਰੇਜ਼ੀ ਦੋਵੇਂ ਦੇਸ਼ ਦੀਆਂ ਸੰਪਰਕ ਭਾਸ਼ਾਵਾਂ ਵਜੋਂ ਹੀ ਰਹਿਣਗੀਆਂ। ਬਾਅਦ ਵਿਚ ਸੰਨ 1963 ਵਿਚ ਸਰਕਾਰੀ ਭਾਸ਼ਾਵਾਂ ਬਾਰੇ ਦੁਬਾਰਾ ਕਾਨੂੰਨ ਬਣਾਇਆ ਗਿਆ, ਤਾਂ ਭਾਰਤ ਦੇ ਦੱਖਣ ਵਿਚ ਤਾਮਿਲਨਾਡੂ ਤੇ ਹੋਰ ਰਾਜਾਂ ਵਿਚ ਹਿੰਦੀ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਤੇ ਜਾਨਾਂ ਵੀ ਗਈਆਂ। ਇਸ ਤੋਂ ਬਾਅਦ ਹਿੰਦੀ ਤੇ ਅੰਗਰੇਜ਼ੀ ਦੀ ਲਗਾਤਾਰ ਵਰਤੋਂ ਨੂੰ ਹੀ ਮਾਨਤਾ ਦਿੱਤੀ ਗਈ।

ਪੰਜਾਬੀਆਂ ਤੇ ਖਾਸ ਕਰ ਕੇ ਸਿੱਖ ਕੌਮ ਅੱਗੇ ਪੰਜਾਬੀ ਮਾਂ ਬੋਲੀ ਤੇ ਮਾਤ-ਭੂਮੀ ਦੀ ਵਿਰਾਸਤੀ ਆਭਾ ਨੂੰ ਕਾਇਮ ਰੱਖਣ ਦਾ ਵੱਡਾ ਮਸਲਾ ਹੈ। ਸਿੱਖਾਂ ਦੇ ਹਾਜ਼ਰਾ ਹਜ਼ੂਰ ਗੁਰੂ ਦਾ ਰੁਤਬਾ ਪ੍ਰਾਪਤ ਗੁਰੂ ਗ੍ਰੰਥ ਸਾਹਿਬ ਵਿਚ ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਦੀ ਪ੍ਰਮੁੱਖਤਾ ਹੈ। ਗੁਰੂ ਨਾਨਕ ਸਾਹਿਬ ਤੇ ਦੂਜੇ ਗੁਰੂ ਸਾਹਿਬਾਨਾਂ, ਭਗਤਾਂ, ਸੂਫੀਆਂ ਦੀ ਰਚੀ ਬਾਣੀ ਦਾ ਅਮੋਲਕ ਖਜ਼ਾਨਾ ਪੰਜਾਬੀ ਵਿਚ ਹੈ। ਇਹ ਰੱਬੀ ਬਾਣੀ ਕਥਿਤ ਹਿੰਦੂਤਵ ਤੇ ਪਾਖੰਡ ਦਾ ਭਾਂਡਾ ਭੰਨਦੀ ਹੈ। ਇਸ ਕਰਕੇ ਭਗਵਿਆਂ ਦੇ ਕਥਿਤ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਮਨਸੂਬਿਆਂ ਦੇ ਰਾਹ ਵਿਚ ਸਿੱਖ ਫਲਸਫਾ, ਪੰਜਾਬੀ ਬੋਲੀ ਤੇ ਗੁਰੂ ਗ੍ਰੰਥ ਸਾਹਿਬ ਵੱਡਾ ਅੜਿੱਕਾ ਹਨ। ਇਸੇ ਕਰਕੇ ਹੌਲੀ-ਹੌਲੀ ਪੰਜਾਬੀ ਬੋਲੀ ਤੇ ਸਿੱਖੀ ਦੇ ਨਿਆਰੇਪਣ ਨੂੰ ਖਤਮ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਪੰਜਾਬੀਆਂ ਨੂੰ ਭਾਰਤ ਦੇ ਅਜੋਕੇ ਹਾਲਾਤ ਦੇ ਮੱਦੇਨਜ਼ਰ ਪੰਜਾਬੀ 'ਤੇ ਹੋਏ ਸੱਜਰੇ ਹਮਲੇ ਨੂੰ ਧਿਆਨ ਵਿਚ ਰੱਖ ਕੇ ਅਗਾਊਂ ਰਣਨੀਤੀ ਬਣਾਉਣ ਤੇ ਨਵੀਂ ਸਿਆਸੀ ਸਫਬੰਦੀ ਦੀ ਵੱਡੀ ਲੋੜ ਹੈ।

ਭਗਵਿਆਂ ਨੂੰ ਵੀ ਇਤਿਹਾਸ ਤੋਂ ਸਬਕ ਲੈਣ ਦੀ ਸਲਾਹ ਹੈ ਕਿ ਬੋਲੀ ਦਾ ਮਸਲਾ ਕੋਈ ਧਾਰਾ ਤੋੜਨ ਜਾਂ ਮਸਜਿਦ ਢਾਹ ਕੇ ਮੰਦਿਰ ਬਣਾਉਣ ਵਰਗਾ ਨਹੀਂ ਹੈ। ਗਵਾਂਢੀ ਮੁਲਕ ਪਾਕਿਸਤਾਨ ਵੀ ਉਰਦੂ ਨੂੰ ਦੇਸ਼ ਦੀ ਰਾਸ਼ਟਰ ਭਾਸ਼ਾ ਬਣਾਉਣ ਦੀ ਜ਼ਿੱਦ ਕਰ ਕੇ ਸੰਨ 1971 ਵਿਚ ਦੇਸ਼ ਦੇ ਦੋ ਟੋਟੇ ਕਰਵਾ ਚੁੱਕਾ ਹੈ। ਇਹ ਬਹੁਤ ਹੀ ਗੰਭੀਰ ਮਸਲਾ ਹੈ। ਇਸ ਕਰ ਕੇ ਅੱਗ ਨਾਲ ਖੇਡਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਮਾਂ ਬੋਲੀ ਦੀ ਮਹੱਤਤਾ

**ਮਾਂ ਬੋਲੀ ਸਿੱਖਿਆ ਦਾ ਮਾਧਿਅਮ ਬਣੇ, ਇਹ ਬਹੁਤ ਹੀ ਅਹਿਮ ਗੱਲ ਹੈ ਤੇ ਇਸ ਪ੍ਰਤੀ ਲੋੜੀਂਦਾ ਧਿਆਨ ਦੇਣਾ ਚਾਹੀਦਾ ਹੈ। ਮਾਂ ਬੋਲੀ ਗਿਆਨ ਨੂੰ ਉਸ ਦੀ ਸੋਚਣ ਦੀ ਪ੍ਰਕ੍ਰਿਆ ਨਾਲ ਜੋੜੇਗੀ ਤੇ ਉਸ ਦੀ ਸਿੱਖਣ ਪ੍ਰਕ੍ਰਿਆ ਸਹਿਜ ਤੇ ਸੁਖਾਲੀ ਹੋਵੇਗੀ। ਜਦ ਤਕ ਸੋਚ ਨੂੰ ਢੁਕਵੀਂ ਭਾਸ਼ਾ ਨਹੀਂ ਮਿਲੇਗੀ ਉਦੋਂ ਤੱਕ ਸਿਖਣ ਦੀ ਪ੍ਰਕ੍ਰਿਆ ਜਟਿਲ ਤੇ ਗੁੰਝਲਦਾਰ ਰਹੇਗੀ। ਇਸ ਵਾਸਤੇ ਮਾਂ ਬੋਲੀ ਦੀ ਮਹੱਤਤਾ ਨੂੰ ਪਛਾਣਨਾ ਚਾਹੀਦਾ ਹੈ ਤਾਂ ਕਿ ਬੱਚੇ ਦੀ ਸ਼ਖਸੀਅਤ ਦਾ ਢੁਕਵਾਂ ਵਿਕਾਸ ਹੋ ਸਕੇ।**




**ਗੁਰਦੀਪ ਸਿੰਘ ਭੰਮਰਾ**

ਮਾਂ ਬੋਲੀ ਦਾ ਸਬੰਧ ਮਾਂ ਦੀ ਬੋਲੀ ਨਾਲ ਜੋੜਿਆ ਜਾਂਦਾ ਹੈ। ਇਸ ਦੇ ਪਿਛੇ ਇਕ ਤਰਕ ਇਹ ਵੀ ਹੈ ਕਿ ਬੱਚਾ ਆਪਣੇ ਅਰੰਭਲੇ ਸਾਲਾਂ ਵਿੱਚ ਜਿਸ ਚੌਗਿਰਦੇ ਨਾਲ ਜੁੜਦਾ ਹੈ ਉਹ ਉਸ ਦੀ ਮਾਂ ਹੀ ਹੁੰਦੀ ਹੈ। ਮਾਂ ਹੀ ਉਸ ਦੇ ਚਾਰੇ ਪਾਸੇ ਦਿਖਾਈ ਦਿੰਦੀ ਹੈ। ਉਸ ਨੂੰ ਹਰ ਖ਼ਤਰੇ ਤੋਂ ਬਚਾਉਂਦੀ ਹੈ ਤੇ ਉਸ ਨੂੰ ਹਰ ਖ਼ਤਰੇ ਬਾਰੇ ਦੱਸਦੀ ਹੈ, ਸਮਝਾਉਂਦੀ ਹੈ। ਇਸ ਲਈ ਬੱਚਾ ਆਪਣੀ ਸੁਰੱਖਿਆ ਲਈ ਮਾਂ ਦਾ ਆਸਰਾ ਲੈਂਦਾ ਹੈ ਤੇ ਮਾਂ ਨਾਲ ਭਾਵੁਕ ਸਾਂਝ ਪਾਉਂਦਾ ਹੈ।

ਹੋਸ਼ ਸੰਭਾਲਣ ਤੋਂ ਬਾਅਦ ਬੱਚੇ ਦੇ ਦੀ ਹਰ ਕੁਦਰਤੀ ਪ੍ਰਕ੍ਰਿਆ ਨੂੰ ਮਾਂ ਹੀ ਪਰੀਭਾਸ਼ਤ ਕਰਦੀ ਹੈ। ਇਹ ਹੱਸਦਾ ਹੈ, ਰੋਂਦਾ ਹੈ, ਕਿਉਂ ਰੋਂਦਾ ਹੈ, ਇਸ ਨੂੰ ਭੁੱਖ ਲੱਗੀ ਹੈ, ਹੁਣ ਇਸ ਨੂੰ ਪਾਣੀ ਚਾਹੀਦਾ ਹੈ, ਇਹ ਸਭ ਕੁਝ ਦਾ ਫੈਸਲਾ ਮਾਂ ਹੀ ਕਰਦੀ ਹੈ। ਗੂੰਗੇ ਦੀ ਬੋਲੀ ਵਾਂਗ ਮਾਂ ਹੀ ਬੱਚੇ ਦੀ ਬੋਲੀ ਨੂੰ ਡੀ-ਕੋਡ ਕਰਦੀ ਹੈ ਤੇ ਉਸ ਨੂੰ ਅਨੁਕਰਨ ਵਾਸਤੇ ਸ਼ਬਦ ਦੱਸਦੀ ਹੈ। ਉਹ ਬੱਚੇ ਨੂੰ ਵਰਣਮਾਲਾ ਨਹੀਂ ਸਿਖਾਉਂਦੀ ਤੇ ਨਾ ਹੀ ਕੋਈ ਵਿਆਕਰਣ ਤੇ ਸ਼ਬਦ ਜੋੜ ਦੇ ਸਬਕ ਦਿੰਦੀ ਹੈ। ਪਰ ਇਹਨਾਂ ਸਭ ਤੋਂ ਬਿਨਾ ਉਹ ਬੱਚੇ ਨੂੰ ਇਕ ਪੂਰੀ ਬੋਲੀ ਸਿਖਾ ਦਿੰਦੀ ਹੈ ਜਿਸ ਦੀ ਵਰਤੋਂ ਵਾਹ ਲੱਗਦੀ ਬੱਚਾ ਸਾਰੀ ਉਮਰ ਕਰਦਾ ਹੈ। ਜਿਸ ਤਰੀਕੇ ਨਾਲ ਉਹ ਇਸ ਦੀ ਵਰਤੋਂ ਕਰਦਾ ਹੈ, ਉਹ ਵੀ ਬੇਮਿਸਾਲ ਹੈ।

ਮਾਂ ਹੀ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ ਜੋ ਉਸ ਨੂੰ ਬੋਲਣਾ, ਸਮਝਣਾ ਤੇ ਸਮਝਾਉਣਾ ਸਿਖਾਉਂਦੀ ਹੈ। ਉਸ ਨੂੰ ਇਸ ਵਾਸਤੇ ਕਿਸੇ ਖਾਸ ਸਿਖਲਾਈ ਦੀ ਲੋੜ ਨਹੀਂ ਹੁੰਦੀ। ਇਹ ਸਭ ਕੁਝ ਕੁਦਰਤੀ ਹੀ ਵਾਪਰਦਾ ਹੈ ਤੇ ਦੇਖਣ ਵਾਲੀ ਗੱਲ ਇਹ ਹੈ ਕਿ ਇਕ ਅਨਪੜ੍ਹ ਤੋਂ ਅਨਪੜ੍ਹ ਮਾਂ ਵੀ ਆਪਣੇ ਬੱਚੇ ਨੂੰ ਮਾਂ ਬੋਲੀ ਵਿਚ ਨਿਪੁੰਨ ਬਣਾ ਲੈਂਦੀ ਹੈ। ਇਸੇ ਲਈ ਜਦੋਂ ਕਿਸੇ ਬੋਲੀ ਨੂੰ ਮਾਂ ਬੋਲੀ ਕਿਹਾ ਜਾਂਦਾ ਹੈ, ਤਾਂ ਮਾਂ ਦੀ ਉਸ ਘਾਲਣਾ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਜਾਂਦਾ ਹੈ ਜਿਸ ਰਾਹੀਂ ਮਾਂ ਬੱਚੇ ਦਾ ਸੰਸਾਰ ਨਾਲ ਅਰਥ ਪੂਰਣ ਰਿਸ਼ਤਾ ਗੰਢਦੀ ਹੈ। ਜਦੋਂ ਬੱਚਾ ਹੋਸ਼ ਸੰਭਾਲਦਾ ਹੈ, ਤਾਂ ਉਸ ਦਾ ਸਾਥ ਦੇਣ ਲਈ ਸਭ ਤੋਂ ਪਹਿਲਾਂ ਉਸ ਦੀ ਮਾਂ ਹਾਜ਼ਰ ਹੁੰਦੀ ਹੈ। ਮਾਂ ਹੀ ਉਸ ਨੂੰ ਉਸ ਦੀ ਬਾਕੀਆਂ ਨਾਲ ਜਾਣ-ਪਛਾਣ ਕਰਾਉਂਦੀ ਹੈ। ਘਰ ਤੋਂ ਬਾਹਰ ਜਦੋਂ ਬੱਚਾ ਆਪਣੇ ਆਲੇ ਦੁਆਲੇ ਨਾਲ ਸਾਂਝ ਪਾਉਂਦਾ ਹੈ ਤਾਂ ਮਾਂ ਤੋਂ ਮਿਲੀ ਬੋਲੀ ਇਸ ਵਰਤਾਰੇ ਵਿਚ ਉਸ ਦੀ ਮਦਦ ਕਰਦੀ ਹੈ। ਉਹ ਆਲੇ ਦੁਆਲੇ ਤੋਂ ਆਸ ਪਾਸ ਵਾਪਰਨ ਵਾਲੀਆਂ ਸਾਰੀਆਂ ਕ੍ਰਿਆਵਾਂ ਦਾ ਗਿਆਨ ਹਾਸਲ ਕਰਦਾ ਹੈ। ਆਲੇ ਦੁਆਲੇ ਵਿਚ ਉਸ ਦੇ ਦੋਸਤ ਮਿੱਤਰ, ਉਸ ਦੇ ਗਲੀ ਗਵਾਂਢ ਵਿਚ ਰਹਿਣ ਵਾਲੇ ਵਿਅਕਤੀ, ਆਸ ਪਾਸ ਬੋਲੀ ਜਾਣ ਵਾਲੀ ਬੋਲੀ ਆਦਿ ਸ਼ਾਮਿਲ ਹੁੰਦੇ ਹਨ। ਇੰਜ ਉਸ ਦਾ ਸਾਹਮਣਾ ਇਕ ਉਸ ਬੋਲੀ ਨਾਲ ਹੁੰਦਾ ਹੈ ਜੋ ਉਸ ਦੇ ਆਲੇ ਦੁਆਲੇ ਦਾ ਹਿੱਸਾ ਹੁੰਦੀ ਹੈ। ਇਹ ਕੁਦਰਤੀ ਬੋਲੀ ਹੈ ਜਿਸ ਵਿਚ ਵਿਚਰ ਕੇ ਕੋਈ ਬੱਚਾ ਆਪਣੇ ਸਵੈ-ਪ੍ਰਗਟਾਵੇ ਦੀ ਪਹਿਲੀ ਪੌੜੀ ਚੜ੍ਹਦਾ ਹੈ। ਅਸਲ ਵਿੱਚ ਕੁਦਰਤੀ ਬੋਲੀ ਹੀ ਉਸ ਦੇ ਪ੍ਰਗਟਾਵੇ ਦਾ ਸਹਿਜ ਸਾਧਨ ਬਣਦੀ ਹੈ। ਬੱਚਾ ਇਸ ਵਿਚ ਸੋਚਣਾ ਸ਼ੁਰੂ ਕਰਦਾ ਹੈ। ਉਹ ਆਪਣੇ ਮਨ ਵਿਚ ਜਿਹੜਾ ਤਰਕ ਸ਼ਾਸਤਰ ਸਿਰਜਦਾ ਹੈ ਉਸ ਵਿਚ ਇਸੇ ਕੁਦਰਤੀ ਬੋਲੀ ਦਾ ਹੱਥ ਹੁੰਦਾ ਹੈ। ਇਸ ਕੁਦਰਤੀ ਬੋਲੀ ਨਾਲ ਬੱਚਾ ਆਪਣੇ ਤੇ ਆਪਣੇ ਆਲੇ ਦੁਆਲੇ ਨਾਲ ਸਬੰਧ ਤੇ ਸੰਦਰਭ ਸਿਰਜਦਾ ਹੈ। ਇਹ ਸਭ ਕੁਝ ਕੁਦਰਤੀ ਹੀ ਹੁੰਦਾ ਹੈ। ਉਹ ਉਸੇ ਤਰ੍ਹਾਂ ਬੋਲਣ ਦੀ ਕੋਸ਼ਿਸ਼ ਕਰਦਾ ਹੈ ਜਿਵੇਂ ਉਹ ਬੋਲੀ ਸੁਣਦਾ ਹੈ। ਉਹ ਕੁਦਰਤੀ ਬੋਲੀ ਤੋਂ ਬਹੁਤ ਸਾਰੇ ਸ਼ਬਦ ਇਕੱਠੇ ਕਰਕੇ ਆਪਣਾ ਪਹਿਲਾਂ ਸ਼ਬਦ ਭੰਡਾਰ ਸਿਰਜਦਾ ਹੈ ਜਿਸ ਦੇ ਨਾਲ ਉਹ ਆਲੇ ਦੁਆਲੇ ਬਾਰੇ ਪਹਿਲਾ ਗਿਆਨ ਹਾਸਲ ਕਰਦਾ ਹੈ।

ਕਿਸੇ ਬੱਚੇ ਨੂੰ ਪੁੱਛੋ ਤਾਂ ਉਹ ਦੱਸੇਗਾ ਕਿ ਉਸ ਦਾ ਘਰ ਕਿਸ ਪਾਸੇ ਹੈ, ਬਜ਼ਾਰ ਕਿਸ ਪਾਸੇ ਹੈ, ਸਕੂਲ ਕਿਧਰ ਹੈ, ਉਸ ਨੇ ਕਿਥੇ ਜਾਣਾ ਹੈ, ਕੀ ਕਰਨਾ ਹੈ, ਕੀ ਖਾਣਾ ਹੈ ਤੇ ਕੀ ਪਾਉਣਾ ਹੈ, ਉਸ ਦੀ ਪਸੰਦ ਨਾ ਪਸੰਦ, ਉਸ ਦੀ ਖੇਡ ਤੇ ਖੇਡ ਪ੍ਰਕ੍ਰਿਆ ਬਾਰੇ ਗੱਲਾਂ, ਕੌਣ ਜਿੱਤਿਆ, ਕੌਣ ਹਾਰਿਆ, ਬਾਲ ਕਹਾਣੀਆਂ ਤੇ ਬਾਲ ਗੀਤ, ਇਹ ਸਾਰਾ ਕੁਝ ਉਹ ਆਪਣੀ ਕੁਦਰਤੀ ਬੋਲੀ ਤੋਂ ਹੀ ਲੈਂਦਾ ਹੈ। ਇਸ ਖੇਤਰ ਵਿਚ ਰਹਿਣ ਵਾਸਤੇ ਉਸ ਨੂੰ ਇਹ ਸਾਰਾ ਕੁਝ ਸਿੱਖਣਾ ਹੀ ਪੈਂਦਾ ਹੈ।

ਲੋਹੜੀ ਦੇ ਦਿਨਾਂ ਵਿਚ ਪਰਵਾਸੀ ਮਜ਼ਦੂਰਾਂ ਦੇ ਬੱਚੇ ਜਦੋਂ ਲੋਹੜੀ ਮੰਗਣ ਆਉਂਦੇ ਤਾਂ ਮੈਨੂੰ ਬੜੀ ਖਿਝ ਆਉਂਦੀ, ਉਹ ਸਿਰਫ਼ ਲੋਹੜੀ ਮੰਗਦੇ ਪਰ ਨਾ ਉਹਨਾਂ ਨੂੰ ਇਸ ਤਿਉਹਾਰ ਦਾ ਕੁਝ ਪਤਾ ਹੁੰਦਾ ਤੇ ਨਾ ਇਸ ਦੇ ਨਾਲ ਜੁੜੇ ਗੀਤਾਂ ਤੇ ਕਹਾਣੀ ਦਾ। ਸੋ ਮੈਂ ਉਹਨਾਂ ਨੂੰ ਲੋਹੜੀ ਦੇਣ ਤੋਂ ਗੁਰੇਜ਼ ਕਰਦਾ ਸਾਂ। ਪਰ ਲੰਘੀ ਲੋਹੜੀ ਦੇ ਦਿਨਾਂ ਵਿਚ ਮੈਂ ਦੇਖਿਆ ਕਿ ਉਹਨਾਂ ਹੀ ਬੱਚਿਆਂ ਨੇ ਲੋਹੜੀ ਦੇ ਗੀਤ ਸਿੱਖ ਲਏ ਹਨ ਤੇ ਹੁਣ ਉਹ ਗੀਤ ਗਾ ਕੇ ਲੋਹੜੀ ਮੰਗਦੇ ਦੇਖੇ ਗਏ। ਨਿਸ਼ਚੇ ਹੀ ਕੁਦਰਤੀ ਬੋਲੀ ਦਾ ਵਰਤਾਰਾ ਜ਼ਿਆਦਾ ਤਾਕਤਵਰ ਹੈ।

ਬੱਚੇ ਦੀ ਜ਼ਿੰਦਗੀ ਵਿਚ ਮਾਂ ਬੋਲੀ ਦਾ ਅਹਿਮ ਸਥਾਨ ਹੈ। ਉਹ ਇਸ ਬੋਲੀ ਵਿਚ ਹੀ ਸਿੱਖਣਾ, ਜਾਣਨਾ ਚਾਹੁੰਦਾ ਹੈ। ਇਹ ਉਸ ਦੇ ਸੰਚਾਰ ਦਾ ਮਾਧਿਅਮ ਹੈ। ਉਸ ਨੇ ਆਪਣੀ ਦੁਨੀਆ ਨੂੰ ਇਸੇ ਬੋਲੀ ਵਿਚ ਬੋਲਦਿਆਂ ਸੁਣਿਆ ਹੈ, ਦੇਖਿਆ ਹੈ। ਇਸੇ ਬੋਲੀ ਵਿਚ ਉਸ ਲਈ ਤਾਰੇ ਟਿਮਟਿਮਉਂਦੇ ਹਨ, ਸੂਰਜ ਅਸਮਾਨ ਵਿੱਚ ਝੂਟੇ ਲੈਂਦਾ ਹੈ, ਬੱਦਲ ਤੈਰਦੇ ਹਨ, ਚੰਨ ਬਾਤ ਪਾਉਂਦਾ ਹੈ, ਫੁੱਲ ਖਿੜਦੇ ਹਨ, ਚਿੜੀਆਂ ਤੇ ਪੰਛੀ ਚਹਿਚਹਾਉਂਦੇ ਹਨ, ਜਾਨਵਰ ਉਸ ਦੀ ਗੱਲ ਮੰਨਦੇ ਹਨ ਤੇ ਉਹ ਇਸੇ ਬੋਲੀ ਨਾਲ ਉਹਨਾਂ ਰਾਜ਼ ਕਰਦਾ ਹੈ। ਇਸੇ ਬੋਲੀ ਵਿਚ ਉਸ ਦੀ ਬੁੱਧੀ ਵਿਕਾਸ ਦਾ ਰਾਹ ਫੜਦੀ ਹੈ। ਉਸ ਨੂੰ ਇਸੇ ਬੋਲੀ ਵਿਚ ਹੀ ਸਮਝ ਆਉਂਦਾ ਹੈ। ਕੋਈ ਹੋਰ ਬੋਲੀ ਇਸ ਦੀ ਥਾਂ ਨਹੀਂ ਲੈ ਸਕਦੀ। ਉਹ ਇਸੇ ਬੋਲੀ ਵਿਚ ਹੀ ਤਾਂ ਰੋਂਦਾ ਹੱਸਦਾ, ਗਾਲਾਂ ਕੱਢਦਾ, ਗੁੱਸੇ ਵਿੱਚ ਲੂਸਦਾ, ਝੂਰਦਾ, ਚੀਕਦਾ, ਜ਼ਿੱਦਾਂ ਕਰਦਾ ਹੈ। ਉਸ ਦੀਆਂ ਸਾਰੀਆਂ ਮੰਗਾਂ ਇਸੇ ਬੋਲੀ ਵਿਚ ਹੀ ਪੂਰੀਆਂ ਹੁੰਦੀਆਂ ਹਨ। ਕੋਈ ਕਾਰਨ ਨਹੀਂ ਕਿ ਉਸ ਨੂੰ ਕਿਸੇ ਹੋਰ ਦੀ ਬੋਲੀ ਸਿੱਖਣ ਦੀ ਲੋੜ ਪਵੇ।

ਉਸ ਦਾ ਢਿੱਡ ਦੁਖੇਗਾ, ਇਸੇ ਬੋਲੀ ਵਿਚ। ਉਸ ਦਾ ਗਲਾ ਖ਼ਰਾਬ ਹੋਵੇਗਾ ਤਾਂ ਇਸੇ ਬੋਲੀ ਵਿਚ, ਉਸ ਨੂੰ ਸੁਪਨੇ ਆਉਣਗੇ, ਇਸੇ ਬੋਲੀ ਵਿਚ। ਉਸ ਨੂੰ ਚੇਤਾ ਆਵੇਗਾ ਇਸੇ ਬੋਲੀ ਵਿਚ। ਉਹ ਨੀਂਦ ਵਿਚ ਬੁੜਬੁੜਾਏਗਾ ਇਸੇ ਬੋਲੀ ਵਿਚ। ਫਿਰ ਉਸ ਨੂੰ ਇਸ ਤੋਂ ਦੂਰ ਕਿਵੇਂ ਕੀਤਾ ਜਾ ਸਕਦਾ ਹੈ। ਬੋਲੀ ਮਾਹੌਲ ਚੋਂ ਆਉਂਦੀ ਹੈ। ਜਿਹੋ ਜਿਹਾ ਮਾਹੌਲ ਹੋਵੇਗਾ ਬੱਚਾ ਉਹੀ ਬੋਲਣਾ ਸ਼ੁਰੂ ਕਰ ਦੇਵੇਗਾ।

ਬੋਲੀ ਸਿੱਖਣ ਲਈ ਵੀ ਜਿਹੜੀ ਪ੍ਰਕ੍ਰਿਆ ਕਾਰਗਰ ਹੈ, ਉਹ ਵੀ ਉਹੀ ਤਰੀਕਾ ਹੈ, ਜਿਹੜਾ ਕੁਦਰਤ ਨੇ ਉਸ ਵਾਸਤੇ ਬਣਾਇਆ ਹੈ। ਸਕੂਲਾਂ ਵਿਚ ਕੁਦਰਤੀ ਬੋਲੀ ਨੂੰ ਪਾਸੇ ਰੱਖ ਕੇ ਵੀਹ-ਵੀਹ ਸਾਲ ਗਾਲ ਦਿੱਤੇ ਜਾਂਦੇ ਹਨ ਬੋਲੀ ਸਿੱਖਣ ਲਈ ਪਰ ਮਨੁੱਖ ਉਸ ਵਿੱਚ ਪਰਿਪੱਕ ਨਹੀਂ ਹੋ ਸਕਦਾ। ਪਰ ਦੂਜੇ ਪਾਸੇ ਬੱਚੇ ਅਜਿਹੇ ਵੀ ਹੁੰਦੇ ਹਨ ਜਿਹੜੇ ਬਿਨਾ ਕਿਸੇ ਵਿਸ਼ੇਸ਼ ਹੀਲੇ ਤੇ ਸਾਧਨ ਤੋਂ ਦੂਜੀਆਂ ਭਾਸ਼ਾਵਾਂ ਸਿੱਖ ਜਾਂਦੇ ਹਨ।

ਪਿਛਲੇ ਦਿਨੀਂ ਦੋ ਅਜਿਹੇ ਬੱਚੇ ਦੇਖਣ ਨੂੰ ਮਿਲੇ ਜਿਹੜੇ ਬਹੁਤ ਹੀ ਗਰੀਬ ਪਿਛੋਕੜ ਨਾਲ ਸੰਬੰਧ ਰੱਖਦੇ ਹਨ ਤੇ ਉਹਨਾਂ ਨੂੰ ਢਿੱਡ ਵਾਸਤੇ ਕੋਈ ਨਾ ਕੋਈ ਕੰਮ ਕਰਨਾ ਪੈਂਦਾ ਹੈ। ਮੋਰ ਦੇ ਖੰਭਾਂ ਦੇ ਬਣੇ ਪੱਖੇ ਵੇਚਣ ਵਾਲਾ ਇਕ ਬੱਚਾ ਤਕਰੀਬਨ ਗਿਆਰਾਂ ਵਿਦੇਸ਼ੀ ਭਾਸ਼ਾਵਾਂ ਵਿਚ ਆਪਣੇ ਪੱਖੇ ਵੇਚ ਸਕਦਾ ਹੈ।

ਇਕ ਹੋਰ ਭਿਖਾਰੀ ਸ਼੍ਰੇਣੀ ਨਾਲ ਸਬੰਧ ਰੱਖਣ ਵਾਲਾ ਬੱਚਾ ਚਾਰ ਭਾਸ਼ਾਵਾਂ ਬਹੁਤ ਸਹਿਜ ਨਾਲ ਬੋਲ ਤੇ ਸਮਝ ਸਕਦਾ ਹੈ। ਦਸ ਮਿੰਟ ਦੀ ਗੱਲਬਾਤ ਉਸ ਨੇ ਇਕ ਅਮਰੀਕੀ ਚੈਨਲ ਨਾਲ ਅੰਗਰੇਜ਼ੀ ਵਿਚ ਕੀਤੀ। ਜਿੰਨੀ ਸਹਿਜਤਾ ਨਾਲ ਉਹ ਅੰਗਰੇਜ਼ੀ ਬੋਲ ਰਿਹਾ ਸੀ, ਉਸ ਦੇ ਹਾਣ ਦਾ ਕੋਈ ਬੱਚਾ ਵੱਡੇ ਤੋਂ ਵੱਡੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਤੋਂ ਨਿਕਲ ਕੇ ਵੀ ਨਹੀਂ ਸੀ ਬੋਲ ਸਕਦਾ। ਉਸ ਬੱਚੇ ਨੇ ਭਾਸ਼ਾ ਸਿੱਖਣ ਲਈ ਉਸੇ ਤਰੀਕੇ ਦੀ ਵਰਤੋਂ ਕੀਤੀ, ਜਿਹੜਾ ਕੁਦਰਤ ਨੇ ਉਸ ਵਾਸਤੇ ਬਣਾਇਆ ਸੀ।

ਮਾਂ ਬੋਲੀ ਸਿੱਖਿਆ ਦਾ ਮਾਧਿਅਮ ਬਣੇ, ਇਹ ਬਹੁਤ ਹੀ ਅਹਿਮ ਗੱਲ ਹੈ ਤੇ ਇਸ ਪ੍ਰਤੀ ਲੋੜੀਂਦਾ ਧਿਆਨ ਦੇਣਾ ਚਾਹੀਦਾ ਹੈ। ਮਾਂ ਬੋਲੀ ਗਿਆਨ ਨੂੰ ਉਸ ਦੀ ਸੋਚਣ ਦੀ ਪ੍ਰਕ੍ਰਿਆ ਨਾਲ ਜੋੜੇਗੀ ਤੇ ਉਸ ਦੀ ਸਿੱਖਣ ਪ੍ਰਕ੍ਰਿਆ ਸਹਿਜ ਤੇ ਸੁਖਾਲੀ ਹੋਵੇਗੀ। ਜਦ ਤਕ ਸੋਚ ਨੂੰ ਢੁਕਵੀਂ ਭਾਸ਼ਾ ਨਹੀਂ ਮਿਲੇਗੀ ਉਦੋਂ ਤੱਕ ਸਿਖਣ ਦੀ ਪ੍ਰਕ੍ਰਿਆ ਜਟਿਲ ਤੇ ਗੁੰਝਲਦਾਰ ਰਹੇਗੀ। ਇਸ ਵਾਸਤੇ ਮਾਂ ਬੋਲੀ ਦੀ ਮਹੱਤਤਾ ਨੂੰ ਪਛਾਣਨਾ ਚਾਹੀਦਾ ਹੈ ਤਾਂ ਕਿ ਬੱਚੇ ਦੀ ਸ਼ਖਸੀਅਤ ਦਾ ਢੁਕਵਾਂ ਵਿਕਾਸ ਹੋ ਸਕੇ।

# ਭਾਜਪਾ ਭਾਰਤ ਦੇ ਵੰਨ ਸੁਵੰਨੇ ਸੱਭਿਆਚਾਰਾਂ ਤੇ ਬੋਲੀਆਂ ਨੂੰ ਕਰਨ ਲੱਗੀ ਤਬਾਹ

- **ਹਿੰਦੀ, ਹਿੰਦੂ ਹਿੰਦੋਸਤਾਨ ਨੂੰ ਤਰਜੀਹ ਦੇ ਕੇ ਹਿੰਦੂ ਰਾਸ਼ਟਰ ਵਲ ਵਧਣ ਲੱਗੀਆਂ ਸੰਘੀ ਜਥੇਬੰਦੀਆਂ**
- **ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਦਾ ਬੋਲਬਾਲਾ ਕਰਨ ਲਈ ਦਿੱਤੇ ਸੰਕੇਤ**
- **ਪੰਜਾਬ ਭਾਸ਼ਾ ਵਿਭਾਗ ਰਾਹੀਂ ਪੰਜਾਬੀ 'ਤੇ ਹੋਇਆ ਹਮਲਾ**



- **ਹਿੰਦੀ ਸਾਹਿਤਕਾਰਾਂ ਨੇ ਪੰਜਾਬੀ ਸਾਹਿਤਕਾਰਾਂ ਨੂੰ ਕੀਤਾ ਜ਼ਲੀਲ**
- **ਪੰਜਾਬੀ ਲੇਖਕਾਂ ਨੇ ਡਾ. ਤੇਜਵੰਤ ਮਾਨ ਨਾਲ ਹੋਏ ਦੁਰਵਿਹਾਰ ਦੀ ਉੱਚ ਪੱਧਰੀ ਜਾਂਚ ਮੰਗੀ**
- **ਡਾ. ਹੁਕਮਚੰਦ ਰਾਜਪਾਲ ਨੇ ਪੰਜਾਬੀ ਨੂੰ ਝਗੜਾਲੂ ਭਾਸ਼ਾ ਦੱਸਿਆ**

**ਜਲੰਧਰ/ਏਟੀ ਨਿਊਜ਼ :** ਹਿੰਦੀ ਦਿਵਸ ਉੱਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਤੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੇ ਟਵੀਟ ਵਿਚ ਕਿਹਾ ਹੈ ਕਿ ਭਾਰਤ ਬਹੁ-ਭਾਸ਼ਾਈ ਦੇਸ਼ ਹੈ ਅਤੇ ਹਰ ਭਾਸ਼ਾ ਦੀ ਆਪਣੀ ਮਹੱਤਤਾ ਹੈ ਪਰ ਸਪੱਸ਼ਟ ਤੌਰ 'ਤੇ ਪੂਰੇ ਭਾਰਤ ਲਈ ਇਕ ਭਾਸ਼ਾ ਜ਼ਰੂਰ ਹੋਣੀ ਚਾਹੀਦੀ ਹੈ ਜਿਸ ਨਾਲ ਭਾਰਤ ਦੀ ਵਿਸ਼ਵ ਪੱਧਰੀ ਪਛਾਣ ਬਣੇਗੀ। ਗ੍ਰਹਿ ਮੰਤਰੀ ਅਨੁਸਾਰ ਹਿੰਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਨੂੰ ਇਕਜੁੱਟ ਕਰ ਸਕਦੀ ਹੈ। ਹਿੰਦੀ ਦਿਵਸ 'ਤੇ ਇਕ ਸਮਾਗਮ ਵਿਚ ਬੋਲਦਿਆਂ ਉਸ ਨੇ ਦੇਸ਼ ਵਾਸਤੇ ਇਕ ਰਾਸ਼ਟਰੀ ਭਾਸ਼ਾ ਦੀ ਲੋੜ 'ਤੇ ਜ਼ੋਰ ਦਿੱਤਾ। ਉਸ ਨੇ ਦੇਸ਼ ਵਾਸੀਆਂ ਨੂੰ ਹਿੰਦੀ ਨੂੰ ਦੁਨੀਆਂ ਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਬਣਾਉਣ ਲਈ ਕੰਮ ਕਰਨ ਦੀ ਅਪੀਲ ਕੀਤੀ। ਇਹ ਵੀ ਕਿਹਾ ਗਿਆ ਕਿ ਅਗਲੇ ਵਰ੍ਹੇ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਹਿੰਦੀ ਦਿਵਸ ਸਮਾਗਮ ਕਰਵਾਏ ਜਾਣਗੇ ਅਤੇ ਸਾਲ 2024 ਦੀਆਂ ਅਗਲੀਆਂ ਆਮ ਚੋਣਾਂ ਤਕ ਹਿੰਦੀ ਵਿਰਾਸਤੀ ਦਰਜਾ ਪ੍ਰਾਪਤ ਕਰ ਲਵੇਗੀ। ਗ੍ਰਹਿ ਮੰਤਰੀ ਦੇ ਇਸ ਬਿਆਨ ਦਾ ਵੱਖ ਵੱਖ ਪਾਰਟੀਆਂ ਨੇ ਵਿਰੋਧ ਕੀਤਾ ਹੈ। ਭਾਰਤ ਦੇ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿਚ 22 ਭਾਸ਼ਾਵਾਂ ਦਰਜ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਸਾਰੀਆਂ ਭਾਸ਼ਾਵਾਂ ਨੂੰ ਬਰਾਬਰ ਦਾ ਦਰਜਾ ਹਾਸਿਲ ਹੈ। ਹਿੰਦੀ ਵੀ ਉਨ੍ਹਾਂ ਭਾਸ਼ਾਵਾਂ ਵਿਚੋਂ ਇਕ ਹੈ। ਦੇਸ਼ ਦੇ ਸੰਵਿਧਾਨ ਵਿਚ ਹਿੰਦੀ ਅਤੇ ਅੰਗਰੇਜ਼ੀ ਨੂੰ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਿਚਕਾਰ ਚਿੱਠੀ ਪੱਤਰ ਲਿਖਣ ਦੀਆਂ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਗਈ ਹੈ। ਸੰਵਿਧਾਨ ਬਣਨ ਵੇਲੇ ਇਹ ਕਿਹਾ ਗਿਆ ਸੀ ਕਿ ਇਹ ਦੋਵੇਂ 15 ਸਾਲਾਂ ਲਈ ਦੇਸ਼ ਦੀਆਂ ਲਿੰਕ ਭਾਸ਼ਾਵਾਂ ਵਜੋਂ ਰਹਿਣਗੀਆਂ। ਸਾਲ 1963 ਵਿਚ ਸਰਕਾਰੀ ਭਾਸ਼ਾਵਾਂ ਬਾਰੇ ਕਾਨੂੰਨ ਬਣਾਇਆ ਗਿਆ ਜਿਸ ਨੇ 28 ਜਨਵਰੀ 1965 ਤੋਂ ਲਾਗੂ ਹੋਣਾ ਸੀ। ਤਾਮਿਲਨਾਡੂ ਵਿਚ ਹਿੰਦੀ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਅਤੇ ਦੰਗੇ ਹੋਏ, ਜਿਨ੍ਹਾਂ ਵਿਚ 70 ਦੇ ਲਗਭਗ ਜਾਨਾਂ ਗਈਆਂ। ਕਈ ਲੋਕਾਂ ਨੇ ਆਪਣੇ ਆਪ ਨੂੰ ਅਗਨ ਭੇਟ ਕੀਤਾ। ਇਸ ਤੋਂ ਬਾਅਦ ਹਿੰਦੀ ਤੇ ਅੰਗਰੇਜ਼ੀ ਦੀ ਲਗਾਤਾਰ ਵਰਤੋਂ ਨੂੰ ਮਾਨਤਾ ਦਿੱਤੀ ਗਈ।

### ਦੱਖਣ ਭਾਰਤ ਵਲੋਂ ਭਾਜਪਾ ਦਾ ਵਿਰੋਧ-

ਹੁਣ ਡੀਐੱਮਕੇ, ਕਾਂਗਰਸ, ਸੀਪੀਆਈ, ਅੰਨਾ ਡੀਐੱਮਕੇ, ਤ੍ਰਿਣਮੂਲ ਕਾਂਗਰਸ ਤੇ ਹੋਰ ਕਈ ਪਾਰਟੀਆਂ ਨੇ ਅਮਿਤ ਸ਼ਾਹ ਦੇ ਬਿਆਨ ਦਾ ਵਿਰੋਧ ਕੀਤਾ ਹੈ। ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਸਿੱਧਾਰਮੱਈਆ ਨੇ ਕਿਹਾ ਹੈ ਕਿ ਸਰਕਾਰ ਨੂੰ ਇਹ ਪ੍ਰਚਾਰ ਕਿ ਹਿੰਦੀ ਦੇਸ਼ ਦੀ ਰਾਸ਼ਟਰ ਭਾਸ਼ਾ ਹੈ ਬੰਦ ਕਰਨਾ ਚਾਹੀਦਾ ਹੈ ਅਤੇ ਸਾਰਿਆਂ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਭਾਰਤ ਦੀਆਂ 22 ਸਰਕਾਰੀ ਭਾਸ਼ਾਵਾਂ ਹਨ ਅਤੇ ਕੰਨ੍ਹੜ ਉਨ੍ਹਾਂ ਵਿਚੋਂ ਇਕ ਹੈ। ਡੀਐੱਮਕੇ ਦੇ ਐਮਕੇ ਸਟਾਲਿਨ ਨੇ ਅਮਿਤ ਸ਼ਾਹ ਦੇ ਵਿਚਾਰਾਂ ਨੂੰ ਦੇਸ਼ ਵਿਰੋਧੀ ਦੱਸਿਆ ਹੈ। ਅੰਨਾ ਡੀਐੱਮਕੇ ਦੇ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੇਂਦਰ ਨੇ ਹਿੰਦੀ ਨੂੰ ਥੋਪਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਨਤੀਜੇ ਚੰਗੇ ਨਹੀਂ ਹੋਣਗੇ।

ਦੇਸ਼ ਤੇ ਭਾਸ਼ਾ ਵਿਚਲੇ ਰਿਸ਼ਤੇ ਨੂੰ ਸਮਝਣ ਲਈ ਗੁਆਂਢੀ ਦੇਸ਼ ਪਾਕਿਸਤਾਨ ਦੇ ਇਤਿਹਾਸ ਤੋਂ ਸਿੱਖਿਆ ਲੈਣ ਦੀ ਜ਼ਰੂਰਤ ਹੈ। 1947 ਵਿਚ ਪਾਕਿਸਤਾਨ ਬਣਨ 'ਤੇ ਉਰਦੂ ਨੂੰ ਦੇਸ਼ ਦੀ ਰਾਸ਼ਟਰ ਭਾਸ਼ਾ ਬਣਾਇਆ ਗਿਆ। ਉੱਥੋਂ ਦੇ ਕੱਟੜਵਾਦੀ 'ਇਕ ਦੇਸ਼, ਇਕ ਧਰਮ, ਇਕ ਭਾਸ਼ਾ' ਦੇ ਅਨੁਯਾਈ ਸਨ। ਉਰਦੂ ਥੋਪਣ ਦੇ ਵਿਰੁੱਧ ਪੂਰਬੀ ਪਾਕਿਸਤਾਨ ਵਿਚ ਕਈ ਅੰਦੋਲਨ ਹੋਏ ਅਤੇ ਉਨ੍ਹਾਂ ਦਾ ਅੰਤ ਇਕ ਵੱਖਰਾ ਦੇਸ਼ ਬਣਾਉਣ ਦੀ ਜੱਦੋਜਹਿਦ ਵਿਚ ਬਦਲ ਗਿਆ। 1971 ਵਿਚ ਦੇਸ਼ ਦੇ ਦੋ ਟੋਟੇ ਹੋ ਗਏ। ਕੈਨੇਡਾ, ਸਵਿਟਜ਼ਰਲੈਂਡ ਅਤੇ ਕਈ ਹੋਰ ਦੇਸ਼ਾਂ ਵਿਚ ਇਕ ਤੋਂ ਵੱਧ ਭਾਸ਼ਾਵਾਂ ਨੂੰ ਰਾਜ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਜਾਂਦੀ ਹੈ ਅਤੇ ਕਿਸੇ ਵੀ ਭਾਸ਼ਾ ਨੂੰ ਦੂਸਰੇ 'ਤੇ ਥੋਪਿਆ ਨਹੀਂ ਜਾਂਦਾ। ਹਿੰਦੀ ਪ੍ਰੇਮੀਆਂ ਦੇ ਦੂਸਰੀਆਂ ਭਾਸ਼ਾਵਾਂ 'ਤੇ ਗ਼ਲਬਾ ਪਾਉਣ ਵਾਲੇ ਰਵੱਈਏ ਕਾਰਨ ਬਹੁਤ ਸਾਰੀਆਂ ਭਾਸ਼ਾਵਾਂ ਜਿਵੇਂ ਕਿ ਬ੍ਰਿਜ ਭਾਸ਼ਾ, ਭੋਜਪੁਰੀ, ਅਵਧੀ, ਰਾਜਸਥਾਨੀ, ਪਹਾੜੀ ਆਦਿ ਨੂੰ ਵੱਡਾ ਨੁਕਸਾਨ ਹੋਇਆ ਹੈ। ਇਨ੍ਹਾਂ ਭਾਸ਼ਾਵਾਂ ਨੂੰ ਬੋਲਣ ਵਾਲੇ ਲੋਕਾਂ ਦੁਆਰਾ ਆਪਣੀ ਭਾਸ਼ਾ ਹਿੰਦੀ ਦਰਜ ਕਰਾਉਣ ਨਾਲ ਇਨ੍ਹਾਂ ਭਾਸ਼ਾਵਾਂ ਦੀ ਸਥਾਨਕ ਪਛਾਣ ਖ਼ਤਮ ਹੁੰਦੀ ਜਾ ਰਹੀ ਹੈ। ਹਿੰਦੀ ਨੂੰ ਇਸ ਦਾ ਬਣਦਾ ਸਨਮਾਨ ਮਿਲਣਾ ਚਾਹੀਦਾ ਹੈ ਪਰ ਕੋਈ ਭਾਸ਼ਾ ਦੂਸਰੀ ਭਾਸ਼ਾ ਬੋਲਣ ਵਾਲੇ ਲੋਕਾਂ 'ਤੇ ਥੋਪੀ ਨਹੀਂ ਜਾਣੀ ਚਾਹੀਦੀ।

### ਭਾਸ਼ਾ ਵਿਭਾਗ ਵਲੋਂ ਪੰਜਾਬੀ ਨਾਲ ਧੋਖਾ-

ਭਾਸ਼ਾ ਵਿਭਾਗ ਪੰਜਾਬ ਵੱਲੋਂ ਪਟਿਆਲਾ ਵਿਚ ਹਿੰਦੀ ਭਾਸ਼ਾ ਦਿਵਸ ਬਾਰੇ ਕਰਵਾਏ ਸਮਾਗਮ ਦੌਰਾਨ ਸ਼੍ਰੋਮਣੀ ਸਾਹਿਤਕਾਰ ਡਾ. ਤੇਜਵੰਤ ਮਾਨ ਨਾਲ ਹੋਏ ਦੁਰਵਿਹਾਰ ਦਾ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਨੇ ਗੰਭੀਰ ਨੋਟਿਸ ਲਿਆ ਹੈ ਅਤੇ ਪੰਜਾਬ ਸਰਕਾਰ ਤੋਂ ਇਸ ਘਟਨਾ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਸਭਾ ਨੇ ਆਰਐੱਸਐੱਸ ਦੇ ਹਿੰਦੀ-ਹਿੰਦੂ-ਹਿੰਦੂਸਤਾਨ ਦੇ ਸਿਧਾਂਤ ਨੂੰ ਪੰਜਾਬ ਵਿਚੋਂ ਤੁਰੰਤ ਰੋਕਣ, ਸਰਕਾਰੀ ਅਦਾਰਿਆਂ, ਵਿਦਿਅਕ ਸੰਸਥਾਵਾਂ, ਯੂਨੀਵਰਸਿਟੀਆਂ ਤੇ ਸਭਿਆਚਾਰਕ ਅਦਾਰਿਆਂ ਵਿਚ ਅਜਿਹੀ ਫਿਰਕੂ ਸੋਚ ਦੀ ਘੁਸਪੈਠ ਬਾਰੇ ਸਖ਼ਤ ਨੀਤੀ ਅਪਣਾਉਣ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਪੰਜਾਬੀ ਭਾਸ਼ਾ ਦੀ ਤੌਹੀਨ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼੍ਰੋਮਣੀ ਸਾਹਿਤਕਾਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਸੰਗਰੂਰ ਵਿਚ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ 13 ਸਤੰਬਰ ਨੂੰ ਹਿੰਦੀ ਭਾਸ਼ਾ ਦਿਵਸ ਬਾਰੇ ਪਟਿਆਲਾ ਵਿਚ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਹੁਕਮ ਚੰਦ ਰਾਜਪਾਲ ਵੱਲੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਮਾਗਮ ਵਿਚ ਹਿੰਦੀ-ਹਿੰਦੂ-ਹਿੰਦੂਸਤਾਨ ਦੇ ਏਜੰਡੇ ਨੂੰ ਲਾਗੂ ਕਰਨ ਲਈ ਪੰਜਾਬੀ ਭਾਸ਼ਾ ਨੂੰ ਕਥਿਤ ਗਾਲੀ-ਗਲੋਚ ਅਤੇ ਝਗੜਾਲੂ ਭਾਸ਼ਾ ਵਜੋਂ ਪੇਸ਼ ਕੀਤਾ ਗਿਆ, ਜਿਸ ਦਾ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਵੱਲੋਂ ਗੰਭੀਰ ਨੋਟਿਸ ਲਿਆ ਗਿਆ। ਡਾ. ਮਾਨ ਨੇ ਦੱਸਿਆ ਕਿ ਉਨ੍ਹਾਂ ਆਪਣੇ ਭਾਸ਼ਨ ਦੌਰਾਨ ਇਸ ਦਾ ਜ਼ੋਰਦਾਰ ਖੰਡਨ ਕਰਦਿਆਂ ਕਿਹਾ ਕਿ ਹਰ ਭਾਸ਼ਾ ਦਾ ਆਪਣਾ ਰੰਗ ਮੁਹਾਵਰਾ ਹੁੰਦਾ ਹੈ, ਜਿਸ ਪੰਜਾਬੀ ਭਾਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਹੋਈ ਹੋਵੇ, ਵਾਰਸ ਸ਼ਾਹ ਦੀ ਹੀਰ ਵਰਗੀ ਸਭਿਆਚਾਰਕ ਕਿੱਸਾਕਾਰੀ ਹੋਈ ਹੋਵੇ, ਸ਼ਾਹ ਹੁਸੈਨ, ਬੁੱਲ੍ਹੇਸ਼ਾਹ ਵਰਗੀ ਸੂਫ਼ੀਆਨਾ ਸ਼ਾਇਰੀ ਹੋਈ ਹੋਵੇ, ਉਹ ਭਾਸ਼ਾ ਕਿਸ ਤਰ੍ਹਾਂ ਗਾਲ੍ਹੀ ਗਲੋਚ ਦੀ ਭਾਸ਼ਾ ਕਹੀ ਜਾ ਸਕਦੀ ਹੈ। ਡਾ. ਮਾਨ ਨੇ ਕਿਹਾ ਕਿ ਉਨ੍ਹਾਂ ਹਿੰਦੀ ਭਾਸ਼ਾ ਦੇ ਹੱਕ ਵਿਚ ਬੋਲਦਿਆਂ ਕਿਹਾ ਕਿ ਹਿੰਦੀ ਭਾਸ਼ਾ ਨੂੰ ਔਖੀ ਨਾ ਬਣਾਓ, ਲੋਕਾਂ ਦੀ ਭਾਸ਼ਾ ਬਣਾਓ, ਇਸ ਭਾਸ਼ਾ ਨੂੰ ਲੋਕ ਬੋਲੀ ਵਿਚ ਤਬਦੀਲ ਕਰੋ ਤਾਂ ਹੀ ਇਸ ਦਾ ਵਿਕਾਸ ਹੋਵੇਗਾ।

ਡਾ. ਮਾਨ ਨੇ ਦੱਸਿਆ ਕਿ ਉਹ ਸਮਾਗਮ ਵਿਚ ਪੰਜਾਬੀ ਨੂੰ ਝਗੜਾਲੂ ਭਾਸ਼ਾ ਦੱਸਣ ਵਾਲੇ ਪਰਚੇ ਬਾਰੇ ਆਪਣੀ ਗੱਲ ਸ਼ੁਰੂ ਹੀ ਕਰਨ ਲੱਗੇ ਸਨ ਤਾਂ ਕੁਝ ਆਰਐੱਸਐੱਸ ਹਮਾਇਤੀਆਂ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਤੇ ਜ਼ਲੀਲ ਕੀਤਾ। ਭਾਸ਼ਾ ਵਿਭਾਗ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਬੋਲਣ ਤੋਂ ਰੋਕਣ ਲਈ ਮਾਈਕ ਹੀ ਬੰਦ ਕਰ ਦਿੱਤਾ ਅਤੇ ਉਨ੍ਹਾਂ ਦੀ ਗੱਲ ਪੂਰੀ ਹੀ ਨਹੀਂ ਕਰਨ ਦਿੱਤੀ। ਡਾ. ਮਾਨ ਨੇ ਕਿਹਾ ਕਿ ਉਹ ਬਗੈਰ ਮਾਈਕ ਤੋਂ ਹੀ ਆਪਣਾ ਭਾਸ਼ਨ ਦਿੰਦੇ ਰਹੇ। ਉਨ੍ਹਾਂ ਦੱਸਿਆ ਕਿ ਜਦੋਂ ਵਿਰੋਧ ਕਰਨ ਵਾਲੇ ਸਟੇਜ ਵੱਲ ਵਧਣ ਲੱਗੇ ਤਾਂ ਉਹ ਸਟੇਜ ਤੋਂ ਉਤਰ ਕੇ ਹੇਠਾਂ ਬੈਠ ਗਏ। ਡਾ. ਮਾਨ ਨੇ ਦੋਸ਼ ਲਾਇਆ ਕਿ ਸਟੇਜ 'ਤੇ ਮੌਜੂਦ ਸਮਾਗਮ ਦੇ ਪ੍ਰਮੁੱਖ ਵਿਅਕਤੀ ਨੇ ਤਾਂ ਧਮਕੀ ਦੇ ਦਿੱਤੀ ਕਿ "ਦੋ ਸਾਲ ਰੁਕੋ ਫੇਰ ਦੱਸਾਂਗੇ ਕਿ ਹਿੰਦੀ ਕੀ ਹੈ"। ਡਾ. ਮਾਨ ਨੇ ਕਿਹਾ ਕਿ ਸਮਾਗਮ ਦੌਰਾਨ ਉਨ੍ਹਾਂ ਨੇ ਭਾਸ਼ਾ ਵਿਭਾਗ ਵੱਲੋਂ ਦਿੱਤਾ ਜਾਣ ਵਾਲਾ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ। ਜਿਥੇ ਉਨ੍ਹਾਂ ਨੂੰ ਬੋਲਣ ਦੀ ਇਜ਼ਾਜਤ ਨਹੀਂ, ਉਥੇ ਉਹ ਸਨਮਾਨ ਨਹੀਂ ਲੈਣਗੇ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਕੱਤਰ/ਬੁਲਾਰੇ ਡਾ. ਭਗਵੰਤ ਸਿੰਘ ਅਤੇ ਜਨਰਲ ਸਕੱਤਰ ਪਵਨ ਹਰਚੰਦਪੁਰੀ ਨੇ ਡਾ. ਤੇਜਵੰਤ ਮਾਨ ਨਾਲ ਹੋਏ ਦੁਰਵਿਹਾਰ ਨੂੰ ਮੰਦਭਾਗਾ ਕਰਾਰ ਦਿੰਦਿਆਂ ਪੰਜਾਬ ਸਰਕਾਰ ਤੋਂ ਘਟਨਾ ਦੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਸਭਾ ਨੇ ਆਰਐੱਸਐੱਸ ਦੇ ਹਿੰਦੀ-ਹਿੰਦੂ-ਹਿੰਦੂਸਤਾਨ ਦੇ ਪ੍ਰਚਾਰ ਪ੍ਰਸਾਰ ਨੂੰ ਤੁਰੰਤ ਰੋਕਣ ਅਤੇ ਸਰਕਾਰੀ ਅਦਾਰਿਆਂ, ਵਿਦਿਅਕ ਸੰਸਥਾਵਾਂ, ਯੂਨੀਵਰਸਿਟੀਆਂ ਆਦਿ ਵਿਚ ਅਜਿਹੀ ਫਿਰਕੂ ਸੋਚ ਦੀ ਘੁਸਪੈਠ ਬਾਰੇ ਸਖਤ ਨੀਤੀ ਅਪਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਡਾ. ਤੇਜਵੰਤ ਮਾਨ ਨਾਲ ਅਜਿਹੇ ਦੁਰਵਿਹਾਰ 'ਤੇ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਜਸਵੰਤ ਸਿੰਘ ਕੰਵਲ, ਡਾ. ਸਵਰਾਜ ਸਿੰਘ, ਅਨੂਪ ਵਿਰਕ, ਗੁਰਭਜਨ ਗਿੱਲ, ਰਵਿੰਦਰ ਭੱਠਲ, ਡਾ. ਜੋਗਿੰਦਰ ਸਿੰਘ ਨਿਰਾਲਾ, ਗੁਲਜ਼ਾਰ ਸਿੰਘ ਸ਼ੌਂਕੀ, ਨਵਰਾਹੀ ਘੁਗਿਆਣਵੀ, ਡਾ. ਤੇਜਾ ਸਿੰਘ ਤਿਲਕ, ਕ੍ਰਿਸ਼ਨ ਬੇਤਾਬ, ਜਸਵਿੰਦਰ ਸਿੰਘ, ਗੁਰਨਾਮ ਸਿੰਘ, ਜਗੀਰ ਸਿੰਘ ਆਦਿ ਵਲੋਂ ਰੋਸ ਪ੍ਰਗਟ ਕੀਤਾ ਹੈ।

### ਡਾ. ਮਾਨ ਨਾਲ ਕੋਈ ਦੁਰਵਿਹਾਰ ਨਹੀਂ ਹੋਇਆ : ਕਰਮਜੀਤ ਕੌਰ

ਭਾਸ਼ਾ ਵਿਭਾਗ ਦੀ ਡਾਇਰੈਕਟਰ ਕਰਮਜੀਤ ਕੌਰ ਨੇ ਉਕਤ ਸਾਰੇ ਦੋਸ਼ਾਂ ਨੂੰ ਝੂਠਾ ਦੱਸਦਿਆਂ ਆਖਿਆ ਕਿ ਪ੍ਰੋਗਰਾਮ ਦੌਰਾਨ ਡਾ. ਤੇਜਵੰਤ ਮਾਨ ਨਾਲ ਕਿਸੇ ਪੱਧਰ 'ਤੇ ਵੀ ਦੁਰਵਿਹਾਰ ਨਹੀਂ ਹੋਇਆ ਹੈ। ਉਨ੍ਹਾਂ ਆਖਿਆ ਕਿ ਵਿਭਾਗ ਦੀਆਂ ਗੋਸ਼ਟੀਆਂ ਵਿਚ ਵਿਦਵਾਨ ਅਕਸਰ ਹੀ ਆਲੋਚਨਾ ਦੇ ਸੰਦਰਭ ਦੌਰਾਨ ਤੈਸ਼ ਵਿਚ ਆ ਜਾਂਦੇ ਹਨ ਤੇ ਅਜਿਹਾ ਵਿਭਾਗ ਦੇ ਪ੍ਰੋਗਰਾਮਾਂ ਵਿਚ ਚੱਲਦਾ ਹੀ ਰਹਿੰਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਡਾ. ਮਾਨ ਜਿਸ ਕਵੀ ਦੀਆਂ ਸਤਰਾਂ ਤੋਂ ਤੈਸ਼ ਵਿਚ ਆਏ ਸਨ, ਉਸਦੀ ਪੰਜਾਬੀ ਪ੍ਰਤੀ ਕੋਈ ਮੰਦਭਾਵਨਾ ਨਹੀਂ ਸੀ, ਗੱਲ ਸਿਰਫ਼ ਹਾਸੇ ਤੱਕ ਹੀ ਸੀਮਤ ਸੀ। ਹਿੰਦੀ ਪੰਜਾਬੀ ਦਾ ਕੋਈ ਰੌਲਾ ਨਹੀਂ ਸੀ।

## ਪੰਜਾਬ 'ਚ ਕੈਪਟਨ ਸਰਕਾਰ ਵਲੋਂ ਵੀ ਪੰਜਾਬੀ ਬੋਲੀ ਦਾ ਅਪਮਾਨ

ਜਲੰਧਰ : ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਪ੍ਰਣਾਮ ਕਰਨ ਲਈ ਪੰਜਾਬ ਸਰਕਾਰ ਨੇ ਪੂਰੇ ਸੂਬੇ ਵਿਚ ਮੁੱਖ ਮੰਤਰੀ ਦੀ ਤਸਵੀਰ ਵਾਲੇ ਵੱਡੀ ਗਿਣਤੀ ਵਿਚ ਵੱਡੇ-ਵੱਡੇ ਹੋਰਡਿੰਗ ਤੇ ਬੈਨਰ ਲਗਾਏ ਗਏ ਹਨ। ਇਹ ਹੋਰਡਿੰਗ ਤੇ ਬੈਨਰ ਸਿਰਫ ਸ਼ਹਿਰਾਂ ਵਿਚ ਹੀ ਨਹੀਂ, ਸਗੋਂ ਵੱਡੇ ਪਿੰਡਾਂ ਵਾਲੇ ਚੌਰਾਹਿਆਂ ਤੇ ਹੋਰ ਅਹਿਮ ਸੜਕਾਂ ਜਾਂ ਸਥਾਨਾਂ 'ਤੇ ਵੀ ਲਗਾਏ ਗਏ ਹਨ। ਪਰ ਚਰਚਾ ਇਸ ਗੱਲ ਨੂੰ ਲੈ ਕੇ ਭਖ ਰਹੀ ਹੈ ਕਿ ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ ਤੇ ਗੁਰੂ ਨਾਨਕ ਦੇਵ ਜੀ ਵਲੋਂ ਲਿਖੀ ਬਾਣੀ ਦਾ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਨਾਲ ਵਿਸ਼ੇਸ਼ ਸਬੰਧ ਹੈ। ਪੰਜਾਬ ਦੇ 95 ਫੀਸਦੀ ਲੋਕ ਪੰਜਾਬੀ ਬੋਲਦੇ ਤੇ ਪੜ੍ਹਦੇ ਹਨ, ਪਰ ਪੰਜਾਬ ਸਰਕਾਰ ਵਲੋਂ ਲਗਾਏ ਗਏ ਹਜ਼ਾਰਾਂ ਹੋਰਡਿੰਗ ਤੇ ਬੈਨਰਾਂ ਵਿਚੋਂ ਇਕ ਵੀ ਪੰਜਾਬੀ ਭਾਸ਼ਾ ਵਿਚ ਨਹੀਂ ਲਿਖਿਆ ਗਿਆ, ਸਗੋਂ ਸਾਰੇ ਹੀ ਹੋਰਡਿੰਗ ਤੇ ਬੈਨਰ ਅੰਗਰੇਜ਼ੀ ਭਾਸ਼ਾ ਵਿਚ ਲਿਖੇ ਹੋਏ ਲਗਾਏ ਗਏ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਹਾਲੇ ਵੀ ਪੰਜਾਬ ਦੇ 70 ਫੀਸਦੀ ਤੋਂ ਵੀ ਵਧੇਰੇ ਲੋਕ ਨਾ ਤਾਂ ਅੰਗਰੇਜ਼ੀ ਬੋਲਦੇ ਹਨ ਤੇ ਨਾ ਹੀ ਅੰਗਰੇਜ਼ੀ ਚੰਗੀ ਤਰ੍ਹਾਂ ਸਮਝਦੇ ਹੀ ਹਨ, ਪੰਜਾਬ ਦੀ ਅਫਸਰਸ਼ਾਹੀ ਤੇ ਸਰਕਾਰ ਪਤਾ ਨਹੀਂ ਕਿਉਂ ਫਿਰ ਵੀ ਲੋਕਾਂ ਨੂੰ ਬਸਤੀਵਾਦੀ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਹਮੇਸ਼ਾ ਤਤਪਰ ਰਹਿੰਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ 550 ਸਾਲਾ ਗੁਰਪੁਰਬ ਸਮਾਗਮਾਂ ਦੀ ਅਗਵਾਈ ਕਰ ਰਹੇ ਭਾਈ ਗੋਬਿੰਦ ਸਿਘ ਲੌਂਗੋਵਾਲ ਨੇ ਪੰਜਾਬੀ ਪ੍ਰਤੀ ਸਰਕਾਰ ਤੇ ਖਾਸ ਕਰ ਮੁੱਖ ਮੰਤਰੀ ਦੇ ਰਵੱਈਏ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਬਾਬਾ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਉਸਤਤ ਪੰਜਾਬੀਆਂ ਨੂੰ ਅੰਗਰੇਜ਼ੀ ਵਿਚ ਲਿਖ ਕੇ ਕਰਨੀ ਸਮੂਹ ਪੰਜਾਬੀਆਂ ਦਾ ਹੀ ਨਿਰਾਦਰ ਨਹੀਂ, ਸਗੋਂ ਇਹ ਪੰਜਾਬੀ ਬੋਲੀ ਵਿਚ ਗੁਰਬਾਣੀ ਰਚਣ ਵਾਲੇ ਗੁਰੂਆਂ ਦੇ ਨਿਰਾਦਰ ਦੇ ਤੁਲ ਹੈ। ਕੁਲ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ ਦੇ ਆਗੂ ਪ੍ਰੋ: ਸਰਬਜੀਤ ਸਿੰਘ ਨੇ ਇਸ ਨੂੰ ਬੇਹੱਦ ਦੁਖਦਾਈ ਤੇ ਨਿੰਦਣਯੋਗ ਵਰਤਾਰਾ ਗਰਦਾਨਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਪੰਜਾਬੀ ਪ੍ਰਤੀ ਕੋਈ ਮੋਹ ਜਾਂ ਜ਼ਿੰਮੇਵਾਰੀ ਨਹੀਂ ਹੈ। ਦਫਤਰੀ ਭਾਸ਼ਾ ਬਣਾਏ ਜਾਣ ਦੇ ਬਾਵਜੂਦ ਇਨ੍ਹਾਂ ਦੇ ਦਫਤਰਾਂ ਵਿਚ ਅੰਗਰੇਜ਼ੀ ਚਲਦੀ ਹੈ। ਪੰਜਾਬੀ ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਡਾ: ਸੁਖਦੇਵ ਸਿੰਘ ਸਿਰਸਾ ਨੇ ਪੰਜਾਬ ਸਰਕਾਰ ਦੇ ਇਸ ਵਤੀਰੇ ਦੀ ਨਿੰਦਾ ਕੀਤੀ ਹੈ।

# ਚੋਣਾਂ ਤੋਂ ਬਾਅਦ ਵੀ ਰਜਿਸਟ੍ਰੇਸ਼ਨ ਦਾ ਮੁੱਦਾ ਕਚਹਿਰੀ ਤੋਂ ਹੀ ਠੀਕ ਕਰਾਵਾਂਗੇ : ਸਾਧ ਸੰਗਤ ਸਲੇਟ

## (ਘਰ ਬੈਠੇ ਹੀ ਵੋਟਰ ਬਣੇ ਵੀ ਆ ਸਕਦੇ ਹਨ ਕਨੂੰਨ ਦੇ ਸ਼ਿਕੰਜੇ 'ਚ)

ਸੈਨ ਹੋਜ਼ੇ/ਏਟੀ ਨਿਊਜ਼ : ਸਾਧ ਸੰਗਤ ਸਲੇਟ ਦੇ ਕੁੱਝ ਮੈਂਬਰਾਂ ਕੋਲ ਮੌਜੂਦਾ ਪ੍ਰਬੰਧਕਾਂ ਵੱਲੋਂ ਵੋਟਾਂ ਬਣਾਉਣ ਵੇਲੇ ਕੀਤੀ ਘਪਲੇਬਾਜ਼ੀ ਦੇ ਸਬੂਤ ਹੱਥ ਲੱਗੇ ਹਨ ਜਿਹੜੇ ਉਹਨਾਂ ਨੇ ਕਚਹਿਰੀ ਨੂੰ ਸੌਂਪ ਦਿੱਤੇ ਹਨ। ਮਾਨਯੋਗ ਜੱਜ ਨੇ ਇਸ ਦੀ ਸੁਣਵਾਈ ਕਰਨੀ ਹੈ। ਇਸ ਕੇਸ ਕਰਕੇ ਸ਼ਾਇਦ ਘੱਟ ਸਮਾਂ ਦੇਖਦੇ ਹੋਏ ਜੱਜ ਚੋਣਾਂ ਤਾਂ ਨਹੀਂ ਰੋਕੇਗੀ ਪਰ ਉਸ ਨੇ ਪਿਛਲੀ ਤਰੀਕ ਵਿੱਚ ਕਿਹਾ ਹੈ ਕਿ ਜੇ ਘਪਲੇ ਦੇ ਸਬੂਤ ਮਿਲਦੇ ਹਨ, ਤਾਂ ਇਲੈਕਸ਼ਨ ਕੈਂਸਲ ਕਰਕੇ ਦੁਬਾਰਾ ਨਵੇਂ ਸਿਰਿਉਂ ਚੋਣ ਹੋ ਸਕਦੀ ਹੈ। ਸਾਧ ਸੰਗਤ ਸਲੇਟ ਦੇ ਭਾਈ ਜਸਪਾਲ ਸਿੰਘ ਨੇ ਕਿਹਾ ਕਿ ਸਾਡਾ ਮੁੱਖ ਮਕਸਦ ਮੈਂਬਰਸ਼ਿਪ ਲਿਸਟ ਨੂੰ ਠੀਕ ਕਰਨਾ ਹੈ ਅਤੇ ਉਹਨਾਂ ਨੇ 'ਅੰਮ੍ਰਿਤਸਰ ਟਾਈਮਜ਼' ਨੂੰ ਘਪਲੇ ਦੇ ਹੇਠ ਲਿਖੇ ਸਬੂਤ ਭੇਜੇ ਜਿਹਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਦੁਆਰੇ ਤੋਂ ਬਾਹਰ ਜਾ ਕੇ ਘਰਾਂ ਤੋਂ ਵੀ ਵੋਟਾਂ ਬਣਾਈਆਂ ਗਈਆਂ ਹਨ। ਸਾਧ ਸੰਗਤ ਸਲੇਟ ਨੇ ਕਿਹਾ ਹੈ ਕਿ ਜਿਹਨਾਂ ਲੋਕਾਂ ਦੀਆਂ ਘਰੋਂ ਵੋਟਾਂ ਬਣੀਆਂ ਹਨ, ਉਹ ਵੀ ਕਾਨੂੰਨ ਦੀ ਲਪੇਟ ਵਿਚ ਲਿਆਂਦੇ ਜਾ ਸਕਦੇ ਹਨ।

### ਸਬੂਤ ਨੰਬਰ 1

Missing ID

From: KIRPAL ATWAL (kirpalatwal@yahoo.com)
To: bainiwal@sbcglobal.net; [redacted] bobdhillon@bobdhillon.com
Date: Sunday, May 10, 2015, 07:53 AM PDT

We are missing 49 pictures from new registration. This will really look bad and open up question to review previous registrations by new membership committee.Please review and contact to get copy of the ID.

List missing Pictures.xls
35.5kB

ਕਿਰਪਾਲ ਅਟਵਾਲ, ਸੁਖਦੇਵ ਬੈਨੀਵਾਲ ਤੇ ਬਾਬ ਢਿੱਲੋਂ ਨੂੰ ਕਹਿੰਦਾ ਹੈ,ਨਵੀਂ ਰਜਿਸ਼ਟਰੇਸ਼ਨ ਵਿਚ 49 ਮੈਂਬਰਾਂ ਦੀਆਂ ਫੋਟੋਆਂ ਨਹੀਂ ਹਨ। ਇਹਦਾ ਬਹੁਤ ਬੁਰਾ ਅਸਰ ਪੈ ਸਕਦਾ ਹੈ ਤੇ ਇਹ ਪੁਰਾਣੀ ਰਜਿਸ਼ਟਰੇਸ਼ਨ 'ਤੇ ਵੀ ਸਵਾਲੀਆ ਚਿੰਨ ਖੜ੍ਹਾ ਕਰ ਸਕਦੀ ਹੈ। ਸੰਪਰਕ ਕਰਕੇ ਆਈ ਡੀ ਫੋਟੋ ਪ੍ਰਾਪਤ ਕਰੋ। ਫਿਰ ਉਹਨਾਂ 49 ਲੋਕਾਂ ਦੀ ਲਿਸਟ ਲਾਈ ਹੈ।

### ਸਬੂਤ ਨੰਬਰ 2

Re: Missing ID

From: Sukhdev Bainiwal (bainiwal@sbcglobal.net)
To: kirpalatwal@yahoo.com; [redacted] bobdhillon@bobdhillon.com
Date: Monday, May 11, 2015, 01:42 PM PDT

i gave id of one yesterday; here are 4 more we can id's easy.

[redacted] SAN JOSE 95148 [redacted] ** Ask [redacted] to get a copy; this is [redacted] address

[redacted] MILPITAS 95035 ** [redacted] Singh milpitas son; [redacted] already txt you the id

[redacted] Conf room [redacted] SAN JOSE 95111 ** Bob Dhillon cousin [redacted] daughter

[redacted] SAN JOSE 95135 ** [redacted] singh house

On Sunday, May 10, 2015 7:53 AM, KIRPAL ATWAL <kirpalatwal@yahoo.com> wrote:

We are missing 49 pictures from new registration. This will really look bad and open up question to review previous registrations by new membership committee.Please review and contact to get copy of the ID.

ਉਪਰਲੀ ਈਮੇਲ ਤੋਂ ਬਾਅਦ ਸੁਖਦੇਵ ਬੈਨੀਵਾਲ ਫੋਟੋਆਂ ਇੱਕਠੀਆਂ ਕਰਨ ਦਾ ਕੰਮ ਸ਼ੁਰੂ ਕਰਦਾ ਹੈ। ਅਗਲੇ ਹੀ ਦਿਨ ਬੈਨੀਵਾਲ ਜੁਆਬ ਦਿੰਦਾ ਹੈ ਜਿਸ ਦੀ ਕਾਪੀ ਬਾਬ ਢਿੱਲੋਂ ਨੂੰ ਵੀ ਭੇਜਦਾ ਹੈ। ਇਹ ਕਹਿੰਦਾ ਹੈ ਕਿ,ਮੈਂ ਇੱਕ ਆਈ ਡੀ ਕੱਲ੍ਹ ਦੇ ਦਿੱਤੀ ਸੀ ਤੇ ਹੁਣ 4 ਹੋਰ ਭੇਜ ਰਿਹਾ ਹਾਂ।

### ਸਬੂਤ ਨੰਬਰ 3

Missing ID

From: KIRPAL ATWAL (kirpalatwal@yahoo.com)
To: bainiwal@sbcglobal.net; pindswaddi@yahoo.com; sur3595@comcast.net; bobdhillon@bobdhillon.com
Date: Wednesday, June 10, 2015, 06:35 AM PDT

Since we are going house to house can we go to these houses first to collect copy of ID. MRC is planning to review membership applications this Friday.

| | | | | | | | |
|---|---|---|---|---|---|---|---|
| [redacted] | | | no pic | [redacted] | SAN JOSE | 95127 | |
| | | | | | SAN JOSE | 95122 | |
| | | | no pic | | SAN JOSE | 95123 | |
| | | | | | SAN JOSE | 95148 | [redacted] |
| | second voter is also new | | | | santa clara | 95051 | |
| | itself | | | | SAN JOSE | 95148 | [redacted] |

ਕਿਰਪਾਲ ਅਟਵਾਲ ਲਿਖਦਾ ਹੈ,' ਜਦੋਂ ਆਪਾਂ ਘਰੋਂ ਘਰੀਂ ਜਾ ਰਹੇ ਹਾਂ ਤਾਂ ਸਭ ਤੋਂ ਪਹਿਲਾਂ ਹੇਠ ਲਿਖਿਆਂ ਦੀਆਂ ਫੋਟੋਆਂ ਇੱਕਠੀਆਂ ਕਰੋ। ਹੇਠਾਂ ਉਹ 23 ਮੈਂਬਰਾਂ ਦੀ ਲਿਸਟ ਲਾਉਂਦਾ ਹੈ।

### ਸਬੂਤ ਨੰਬਰ 4

EC notified 232 members

From: KIRPAL ATWAL (kirpalatwal@yahoo.com)
To: powarsahib@gmail.com; [redacted]; bainiwal@sbcglobal.net; grewalpritam@yahoo.com
Date: Tuesday, August 11, 2015, 10:06 PM PDT

Gentlemen
EC has sent letters to 232 members (mostly from 2014 registration).
181 are members whose pictures are missing from the computer. We need to call them and advise:
1. do not say anything to anyone how they registered, or say don't know why EC needs their pictures.
2. they need to take a picture (with cell phone) and email to EC mentioning Name and membership number (membership number is written on the envelop they have received by the address label). Email address is: electioncommitte@gmail.com and not electioncommittee@gmail.com
These are our votes and we want these.

The other category is 23 missing ID, they need to take a photo of ID and email to EC

Third category is P.O. Box or outside address, they need to send a photo copy of any other residence proof like a letter

EC 232 mailing.xls
68.5kB

11 ਅਗਸਤ ਨੂੰ ਕਿਰਪਾਲ ਅਟਵਾਲ ਘਬਰਾਇਆ ਹੋਇਆ ਲਿਖਦਾ ਹੈ, ਕਿ ਇਲੈਕਸ਼ਨ ਕਮੇਟੀ ਨੇ 232 ਮੈਂਬਰਾਂ ਨੂੰ ਚਿੱਠੀਆਂ ਪਾਈਆਂ ਜਿਹਨਾਂ ਵਿੱਚੋਂ 181 ਦੀਆਂ ਫੋਟੋਆਂ ਨਹੀਂ ਹਨ। ਉਹਨਾਂ ਨਾਲ ਸੰਪਰਕ ਕਰੋ ਤੇ ਕੁਝ ਨਾ ਦੱਸਿਉ ਤੇ ਕਹਿਉ ਕਿ ਪਤਾ ਨਹੀਂ ਕਿਉਂ ਇਲੈਕਸ਼ਨ ਕਮੇਟੀ ਉਹਨਾਂ ਦੀਆਂ ਫੋਟੋਆਂ ਮੰਗ ਰਹੀ ਹੈ। ਇਹ ਸਾਰੀਆਂ ਆਪਣੀਆਂ ਵੋਟਾਂ ਹਨ।

### ਬਾਕੀ ਦੀਆਂ ਈਮੇਲਾਂ ਵਿਚ ਹੋਟਲਾਂ 'ਚ ਵੀ ਵੋਟਾਂ ਬਣਾਉਣ ਦੀ ਗੱਲ ਕਰ ਰਹੇ ਹਨ

membership

Membership list

Review 5767 - 6573

new 2015

From: KIRPAL ATWAL (kirpalatwal@yahoo.com)
To: ibhandal@gmail.com; bainiwal@sbcglobal.net; pindswaddi@yahoo.com
Date: Thursday, June 18, 2015, 11:57 PM PDT

Do you recognize these new members?

New 2015.xls
74kB

**ਸਾਧ ਸੰਗਤ ਇਹਨਾਂ ਈਮੇਲਾਂ ਤੋਂ ਅੰਦਾਜ਼ਾ ਲਾ ਸਕਦੀ ਹੈ ਕਿ ਕਿਰਪਾਲ ਅਟਵਾਲ, ਸੁਖਦੇਵ ਬੈਨੀਵਾਲ ਤੇ ਬਾਬ ਢਿੱਲੋਂ ਵੋਟਾਂ ਵਿਚ ਜਿੱਤਣ ਲਈ ਕਿਸ ਤਰਾਂ ਜਾਅਲੀ ਵੋਟਾਂ ਬਣਾ ਸਕਦੇ ਹਨ। ਭਾਈ ਜਸਪਾਲ ਸਿੰਘ ਨੇ ਕਿਹਾ ਕਿ ਇਸ ਵਾਰ ਸਾਧ ਸੰਗਤ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਤਾਂ ਜੋ ਅਜਿਹੀਆਂ ਬੇ-ਨਿਯਮੀਆਂ ਦਾ ਸਫਾਇਆ ਕੀਤਾ ਜਾ ਸਕੇ।**

# ਗੁਰੂ ਦੀ ਗੋਲਕ ਦੀ ਦੋਹੀਂ ਹੱਥੀਂ ਲੁੱਟ

# ਉਸਾਰੀ ਦੇ ਠੇਕੇ ਵੀ ਬਾਬ ਢਿੱਲੋਂ ਨੇ ਧੱਕੇ ਨਾਲ ਚਹੇਤਿਆਂ ਨੂੰ ਦਿੱਤੇ

ਸਮੂਹ ਸਾਧ ਸੰਗਤ ਨੂੰ ਪਤਾ ਹੀ ਹੈ ਕਿ ਬਾਬ ਢਿੱਲੋਂ ਨੇ ਉਨ੍ਹਾਂ ਹੀ ਠੇਕੇਦਾਰਾਂ ਨੂੰ ਠੇਕੇ ਦਿੱਤੇ ਜਿਨ੍ਹਾਂ ਨਾਲ ਇਸਦੀ ਪਹਿਲਾਂ ਹੀ ਜਾਣ ਪਹਿਚਾਣ ਸੀ ਅਤੇ ਜਿਹੜੇ ਇਸਦੇ ਨਾਲ ਨਿੱਜੀ ਕਾਰੋਬਾਰ ਕਰਦੇ ਹਨ। ਗੁਰਦੁਆਰਾ ਸਾਹਿਬ ਦੀ ਉਸਾਰੀ ਦੌਰਾਨ ਇਸਨੇ ਮਿਲਪੀਟਸ ਵਿਚ ਇਕ ਨਾਈਟ ਕਲੱਬ ਦੀ ਉਸਾਰੀ ਵੀ ਕੀਤੀ ਅਤੇ ਉਸ ਵਿਚ ਬਹੁਤੇ ਉਹੀ ਠੇਕੇਦਾਰ ਵਰਤੇ ਜਿਹੜੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਵੀ ਵਰਤੇ ਸਨ। ਇਸੇ ਤਰ੍ਹਾਂ ਸਮਾਨ ਵੀ ਉਨ੍ਹਾਂ ਥਾਵਾਂ ਤੋਂ ਹੀ ਖਰੀਦਿਆ ਜਿਨ੍ਹਾਂ ਤੋਂ ਗੁਰਦੁਆਰਾ ਸਾਹਿਬ ਲਈ ਖਰੀਦਿਆ ਸੀ। ਭਾਈ ਬਲਬੀਰ ਸਿੰਘ ਢਿੱਲੋਂ ਗਰੁੱਪ ਨੂੰ ਕਮੇਟੀ ਵਿਚੋਂ ਕੱਢਣ ਦਾ ਕਾਰਨ ਵੀ ਇਹੀ ਸੀ ਕਿਉਂਕਿ ਉਹ ਕਹਿੰਦੇ ਸਨ ਕਿ ਠੇਕੇ ਦੇਣ ਵੇਲੇ BIDS ਲਈਆਂ ਜਾਣ ਤੇ ਇਸ ਮੰਤਵ ਲਈ ਬਣੀ ਟੈਕਨੀਕਲ ਕਮੇਟੀ ਤੋਂ ਮਨਜ਼ੂਰੀ ਲਈ ਜਾਵੇ ਫਿਰ ਠੇਕੇਦਾਰਾਂ ਦੀ ਚੋਣ ਕੀਤੀ ਜਾਵੇ। ਪ੍ਰਾਪਤ ਦਸਤਾਵੇਜ ਵੀ ਸਿੱਧ ਕਰਦੇ ਹਨ ਕਿ ਬਾਬ ਢਿੱਲੋਂ ਨੇ ਉਸਾਰੀ ਦੇ ਕੰਮ ਵਿਚ ਆਪਣੀ ਮਨਮਰਜੀ ਕੀਤੀ ਹੈ। ਜਦੋਂਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਹੋਇਆ ਉਦੋਂ ਹੀ ਬਾਬ ਨੇ ਸਾਰਾ ਕੰਮ ਅਪਣੇ ਹੱਥਾਂ ਵਿੱਚ ਲੈਣ ਦੇ ਮਨਸੂਬੇ ਬਣਾ ਕੇ ਮਨਮਰਜ਼ੀਆਂ ਕਰਨ ਅਤੇ ਉਸਾਰੀ ਦੇ ਕੰਮ ਵਿਚੋਂ ਗੁਰੂ ਘਰ ਦੀ ਮਾਇਆ ਅਪਣੇ ਨਿੱਜੀ ਕੰਮਾਂ ਲਈ ਵਰਤਣ ਦੀਆਂ ਚਾਲਾਂ ਚਲਣੀਆਂ ਸ਼ੁਰੂ ਕੀਤੀਆਂ।

ਸਭ ਤੋਂ ਪਹਿਲਾਂ ਭਾਈ ਬਲਬੀਰ ਸਿੰਘ ਢਿਲੋਂ-ਭਾਈ ਜਸਵੰਤ ਸਿੰਘ ਹੋਠੀ ਗੁਰਪ ਨੂੰ ਨਜ਼ਾਇਜ ਢੰਗ ਨਾਲ ਪ੍ਰਬੰਧਕ ਕਮੇਟੀ ਤੋਂ ਲਾਂਭੇ ਕਰਕੇ ਮੁਕੰਮਲ ਕਬਜ਼ਾ ਕਰਕੇ ਅਪਣੇ ਟੋਲੇ ਨੂੰ ਕੰਮ ਵੰਡਣੇ ਸ਼ੁਰੂ ਕੀਤੇ ਜਿਹੜਾ ਵੀ ਕੋਈ ਮੈਨੇਜਰ, ਠੇਕੇਦਾਰ ਬਾਬ ਦੀਆਂ ਵਧੀਕੀਆਂ, ਉਸਾਰੀ ਦਾ ਕੰਮ ਮਿਆਰੀ ਨਾ ਹੋਣ ਵਿਰੁਧ ਬੋਲਿਆ ਜਾਂ ਬਾਬ ਦੇ ਨਿੱਜੀ/ਘਰੇਲੂ ਕੰਮ ਕਰਨੋਂ ਨਾਂਹ ਕੀਤੀ ਉਨ੍ਹਾਂ ਦੀ ਛੁੱਟੀ ਕਰਕੇ ਅਪਣੇ ਚਹੇਤਿਆਂ ਨੂੰ ਕੰਮ ਦਿੰਦਾ ਰਿਹਾ।

ਪਹਿਲੇ ਫੇਜ਼ ਦੀ ਉਸਾਰੀ ਤੋਂ ਲੈ ਕੇ ਦੂਜੇ ਫੇਜ਼ ਤੱਕ ਇਸਨੇ ਅੰਨ੍ਹੀ ਲੁੱਟ ਮਚਾਈ ਰੱਖੀ ਤੇ ਬਾਬ ਨੇ ਨਿੱਜੀ ਤੌਰ ਉੱਤੇ ਪਤਾ ਹੀ ਨਹੀਂ ਗੁਰੂ ਦੀ ਗੋਲਕ ਦੀ ਕਿੰਨੀ ਦੁਰਵਰਤੋਂ ਕੀਤੀ। ਇਸ ਤੋਂ ਇਲਾਵਾ ਸੰਗਤਾਂ ਦੀ ਜਾਣਕਾਰੀ ਲਈ ਇਹ ਦਸਣਾ ਜਰੂਰੀ ਹੈ ਕਿ ਭਾਈ ਢਿਲੋਂ-ਭਾਈ ਹੋਠੀ ਗਰੁਪ ਨੇ ਉਦੋਂ ਤੋਂ ਹੀ ਇਸ ਸਬੰਧ ਵਿੱਚ ਲਗਾਤਾਰ ਅਵਾਜ਼ ਉਠਾਉਣੀ ਜਾਰੀ ਰੱਖੀ। ਅੰਮ੍ਰਿਤਸਰ ਟਾਈਮਜ਼ ਨੇ ਗੁਰੂ ਘਰ ਦੇ ਹਿੱਤਾਂ ਦੀ ਰਾਖ਼ੀ ਲਈ ਉਦੋਂ ਤੋਂ ਸਬੂਤਾਂ ਸਹਿਤ ਖਬਰਾਂ ਛਾਪ ਕੇ ਬਾਬ ਢਿਲੋਂ ਨੂੰ ਵਾਰ ਵਾਰ ਜਵਾਬ ਦੇਣ ਲਈ ਵੰਗਾਰਿਆ ਹੈ। ਪਰ ਉਹ ਉਲਟਾ 'ਅੰਮ੍ਰਿਤਸਰ ਟਾਈਮਜ਼' ਉੱਤੇ ਤਰ੍ਹਾਂ ਤਰ੍ਹਾਂ ਦੇ ਦੋਸ਼ ਅਤੇ ਅਦਾਲਤੀ ਕੇਸ ਕਰਕੇ ਗੁਰੂ ਘਰ ਦੇ ਹਜ਼ਾਰਾਂ ਡਾਲਰ ਅਪਣੇ ਚਹੇਤੇ ਵਕੀਲਾਂ ਨੂੰ ਲੁਟਾਉਂਦਾ ਆ ਰਿਹਾ ਹੈ।

*ਇਸ ਸਬੰਧ ਵਿੱਚ ਬਾਬ ਢਿਲੋਂ ਨੂੰ ਗਲਤ ਕੰਮ ਤੋਂ ਰੋਕਣ ਵਾਲੇ ਉਸ ਵੇਲੇ ਦੇ ਉਸਾਰੀ ਮੈਨੇਜਰ ਕਰਿਸ ਰਾਇਲ ਦੀ ਇੰਟਰਵਿਊ ਦੀ ਖ਼ਬਰ ਅਤੇ ਸੈਨਹੋਜੇ ਇਲਾਕੇ ਦੇ ਮੰਨੇ-ਪ੍ਰਮੰਨੇ ਅੰਗਰੇਜ਼ੀ ਅਖਬਾਰ 'ਸੈਨਹੋਜੇ ਮਰਕਰੀ ਨਿਊਜ' ਵਲੋਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਦੂਜੇ ਉਸਾਰੀ ਦੇ ਕੰਮਾਂ ਵਿੱਚ ਕਥਿੱਤ ਆਰਥਿਕ ਘਪਲਿਆਂ ਅਤੇ ਕੰਮ ਦਾ ਮਿਆਰ ਉੱਚ ਪਾਏ ਦਾ ਨਾ ਹੋਣ ਬਾਰੇ ਵਿਸੇਸ਼ ਰਿਪੋਰਟ (ਜਿਹੜੀ ਕਾਫ਼ੀ ਸਮਾਂ ਪਹਿਲਾਂ 'ਅੰਮ੍ਰਿਤਸਰ ਟਾਈਮਜ਼' ਨੇ ਵੀ ਅਨੁਵਾਦ ਕਰਕੇ ਛਾਪੀ ਸੀ) ਇੱਥੇ ਦੁਬਾਰਾ ਛਾਪੀਆਂ ਜਾ ਰਹੀਆਂ ਹਨ। ਇਸਤੋਂ ਸੰਗਤ ਨੂੰ ਪਤਾ ਲੱਗ ਜਾਵੇਗਾ ਕਿ ਸਿਰਫ਼ ਅਸੀਂ ਚੋਣਾਂ ਮੌਕੇ ਜਾਂ ਬਾਬ ਢਿਲੋਂ ਨਾਲ ਕਿਸੇ ਨਿੱਜੀ ਵਿਰੋਧ ਕਰਕੇ ਨਹੀਂ ਬਲਕਿ ਗੁਰੂ ਘਰ ਲਈ ਸਤਿਕਾਰ ਅਤੇ ਸੰਗਤ ਮੈਂਬਰਾਂ ਪ੍ਰਤੀ ਅਪਣੀ ਜੁੰਮੇਵਾਰੀ ਨਿਭਾਉਂਦਿਆਂ ਲਗਾਤਾਰ ਆਵਾਜ਼ ਉਠਾਈ ਹੈ ਅਤੇ ਕਿਸੇ ਦੀ ਧੜੇ ਜਾਂ ਵਿਅਕਤੀ ਦੀਆਂ ਵਧੀਕੀਆਂ ਵਿਰੁਧ ਡਟਿਆ ਰਹੇਗਾ।*

ਸੰਗਤਾਂ ਦੀ ਜਾਣਕਾਰੀ ਲਈ ਇਕ ਵਾਰ ਫਿਰ ਅਸੀਂ ਬਾਬ ਢਿਲੋਂ ਦੀਆਂ ਇਨ੍ਹਾਂ ਬੇਨਿਯਮੀਆਂ ਦੇ ਸਬੂਤ ਵਜੋਂ ਕੁਝ ਦਸਤਾਵੇਜ਼ ਇੱਥੇ ਛਾਪ ਰਹੇ ਹਾਂ ਤਾਂ ਕਿ ਸੰਗਤਾਂ ਵੋਟਾਂ ਤੋਂ ਪਹਿਲਾਂ ਹੋਰ ਦ੍ਰਿੜ ਇਰਾਦੇ ਨਾਲ ਤਿਆਰ ਬਰ ਤਿਆਰ ਅਤੇ ਇੱਕਮੁਠ ਹੋ ਕੇ ਇਨ੍ਹਾਂ ਲੋਟੂਆਂ ਤੋਂ ਗੁਰੂ ਘਰ ਨੂੰ ਮੁਕਤ ਕਰਾਉਣ ਲਈ ਹੱਲਾ ਬੋਲਣ।


SIKH GURDWARA - SAN JOSE
3636 Murillo Ave., San Jose, CA 95148
Page 1
8/10/08
The undersigned hereby guarantee to finish the project for $18,000,000 and will arrange the takeout loan as much as it will be available from a commercial lender. Gurdwara Committee shall provide other additional fund for Contract $2,500,000 additional. The Gurdwara Committee shall be responsible for paying $70,000/month mortgage payment. If monthly payment happens to be more than $70,000/month, the undersigned shall advance funds to make mortgage on time. All funds advanced shall be interest free and payable all funds shall be due from two years from payment.
MOHINDER TAKHAR

**ਬਾਬ ਵੱਲੋਂ ਗਾਰੰਟੀ ਪੱਤਰ:** ਜਦੋਂ ਹੋਠੀ ਗਰੁੱਪ ਨੇ ਬੋਲੀ ਦੇਣ, ਕੰਟਰੈਕਟਰਾਂ ਦੀ ਚੋਣ, ਫ਼ੈਸਲਾ ਲੈਣ ਵਰਗੇ ਮਸਲਿਆਂ ਸਬੰਧੀ ਉਸਾਰੀ ਪ੍ਰੋਜੈਕਟ ਦੀ ਢੁਕਵੀਂ ਪ੍ਰਕਿਰਿਆ ਅਪਣਾਉਣ ਬਾਰੇ ਕਿਹਾ ਗਿਆ ਸੀ ਤਾਂ ਬਾਬ ਨੇ ਕਿਹਾ ਸੀ ਕਿ ਉਸ ਨੂੰ ਪੂਰੇ ਅਧਿਕਾਰ ਦਿੱਤੇ ਜਾਣ ਅਤੇ ਉਸ ਨੇ ਗਾਰੰਟੀ ਦਿੱਤੀ ਸੀ ਕਿ ਪ੍ਰੋਜੈਟਕ 18 ਮਿਲੀਅਨ ਡਾਲਰ ਵਿਚ ਮੁਕੰਮਲ ਹੋ ਜਾਵੇਗਾ ਅਤੇ ਹੋਰ ਜਿੰਨਾ ਖ਼ਰਚ ਆਇਏਗਾ, ਉਹ ਮਹੀਨਾਵਾਰ ਕਿਸ਼ਤ ਰਾਹੀਂ ਚੁਕਾਏਗਾ। ਉਨ੍ਹਾਂ ਨੇ 23 ਮਿਲੀਅਨ ਡਾਲਰ ਖ਼ਰਚ ਕੀਤੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਉਹ 5 ਮਿਲੀਅਨ ਡਾਲਰ ਦੀ ਮਹੀਨਾਵਾਰ ਕਿਸ਼ਤ ਅਦਾ ਕਰ ਰਹੇ ਹਨ ?


Process Document
d. Construction progress report
e. Financial summary, including bills coming up for payment and their approximate dates.
f. Review of reports to the Sangat for content, timing, and the person to be designated for presenting.
g. Other agenda items, including items from the floor - solicited at beginning of each session, and at the

Approval of this document:
Process Sub-committee was nominated by Parbandhak Committee at its meeting on Wednesday 5/28/2008

| Members | Signature approving this document |
|---|---|
| Bakhshish Singh Chahal | |
| Balbir Singh Dhillon | |
| Bhupinder Singh (Bob) Dhillon | Walked out of the meeting without signing |
| Mohinder Singh Grewal | |
| Raj Bains | |
| Dr. Sukhmander Singh | |

ਬਾਬ ਮੀਟਿੰਗ ਵਿਚੋਂ ਉਸ ਵੇਲੇ ਉਠ ਕੇ ਬਾਹਰ ਗਿਆ, ਜਦੋਂ ਹੋਠੀ ਗਰੁੱਪ ਨੇ ਕੁਝ ਗਾਈਡ ਲਾਈਨ ਲੈਣ ਦੀ ਕੋਸ਼ਿਸ਼ ਕੀਤੀ। ਉਹ ਹਮੇਸ਼ਾ ਅਸਹਿਮਤ ਹੀ ਰਿਹਾ ਕਿਉਂਕਿ ਉਹ ਉਸਾਰੀ ਪ੍ਰੋਜੈਕਟ ਦਾ ਪੂਰਾ ਕੰਟਰੋਲ ਆਪਣੇ ਕੋਲ ਰੱਖਣਾ ਚਾਹੁੰਦਾ ਸੀ।


TO WHOM IT MAY CONCERN
This is formal Agreement between Michael Singh and Gary Sidhu
Michael Singh is Helping and Managing the following contracts at the Job at 3636 Murillo Ave, 95148 (Temple) and he is compensated as follows
1) Concrete contracts - Michael Singh will be compensated for his services with 30% profit
2) Light weight, insulated concrete and stamped and color concrete will compensated 30% profit
3) T-bar ceiling and tiles contract with 20% profit
Note: Michael Singh will sign release to Temple

ਗੈਰੀ ਸਿੱਧੂ ਬਾਬ ਦੇ ਵਿਅਕਤੀ ਮਾਈਕਲ ਸਿੰਘ ਨੂੰ ਲਾਭ ਦਾ 30% ਅਦਾ ਕਰੇਗਾ।


Subject: First Phase
3636 Murillo Ave
San Jose, CA

Dear Mr. President Sahib and Construction Management Committee Members

Mr. President please ask your Construction Committee Members not to ask for favors from any of the crew working on the Gurdwara site. These favors may cost only $500 to $1000 to get done from some party not related to the Gurdwara construction but if they are done by the crew working on the Gurdwara they can cost many days of delays in the Gurdwara construction.

Mr. President please also asks your Committee Members to stop defaming me in the public. This is very unprofessional, I am here to manage the construction of a Gurdwara not to engage in politics.

**ਠੇਕੇਦਾਰਾਂ ਨੂੰ ਘਰੇਲੂ ਕੰਮਾਂ ਲਈ ਲਾਇਆ :** ਇਕ ਪੱਤਰ ਵਿਚ ਠੇਕੇਦਾਰਾਂ ਨੇ ਕਿਹਾ ਹੈ ਕਿ ਪ੍ਰੋਜੈਕਟ ਵਿਚ ਦੇਰੀ ਹੋ ਰਹੀ ਸੀ ਤੇ ਇਸ ਦਾ ਖ਼ਰਚ ਵੀ ਵਧਦਾ ਜਾ ਰਿਹਾ ਸੀ ਕਿਉਂਕਿ ਕਮੇਟੀ ਮੈਂਬਰ ਉਸਾਰੀ ਮਜ਼ਦੂਰਾਂ ਨੂੰ ਆਪਣੇ ਘਰਾਂ ਵਿਚ ਕੰਮ ਕਰਾਉਣ ਲਈ ਵਰਤ ਰਹੇ ਸਨ। ਇਸ ਪੱਤਰ ਵਿਚ ਬਾਬ ਦੇ ਭਤੀਜੇ ਨੇ ਮਜ਼ਦੂਰਾਂ ਨੂੰ ਆਪਣੇ ਘਰ ਦਾ ਕੰਮ ਕਰਾਉਣ ਲਈ ਵਰਤਿਆ।

Q Did the terms of your loan on the Murphy Center change?
A It dropped down to 3 and a quarter plus a quarter.
Q And it stayed there?
A It -- it was a fixed rate to begin with, 7 point -- 7 point something; and after -- after that it dropped down to 3 and a half percent.
Q How did a fixed rate drop down?
A That was the term of the loan. The term of the loan was --

**ਕਰਜ਼ਾ ਮੋੜਨਾ :** ਅਦਾਲਤ ਵਿਚ ਬਾਬ ਮੰਨਿਆ ਸੀ ਕਿ ਉਸ ਦੇ ਨਿੱਜੀ ਕਰਜ਼ੇ ਦੀ ਵਿਆਜ਼ ਦਰ 7% ਤੋਂ ਘੱਟ ਕੇ 3.5% ਪ੍ਰਤੀਸ਼ਤ ਹੋਈ। ਬਾਬ ਨੇ ਗੁਰਦੁਆਰੇ ਲਈ ਕਰਜ਼ਾ ਲੈਣ ਵਾਸਤੇ ਉਸੇ ਬੈਂਕ ਦੀ ਵਰਤੋਂ ਕੀਤੀ ਜਿਸ ਤੋਂ ਉਸ ਨੇ ਆਪਣੇ ਨਾਈਟ ਕਲੱਬ ਲਈ ਲਿਆ ਸੀ। ਉਸ ਨੇ ਬੈਂਕ ਨਾਲ ਸੌਦਾ ਕੀਤਾ ਸੀ ਕਿ ਜੇਕਰ ਉਹ ਗੁਰਦੁਆਰੇ ਦੀ ਬੈਂਕਿੰਗ ਦਾ ਕੰਮ ਉਸ ਬੈਂਕ ਨੂੰ ਦਿੰਦਾ ਹੈ ਤਾਂ ਉਸ ਦੇ ਆਪਣੇ ਕਰਜ਼ੇ ਦੀ ਵਿਆਜ ਦਰ ਘੱਟ ਜਾਣੀ ਸੀ।

# ਗੁਰਦੁਆਰਾ ਸਾਹਿਬ ਦੀ ਉਸਾਰੀ ਦੇ ਕੰਮ 'ਚ ਘਪਲੇ ਉਭਰ ਕੇ ਸਾਹਮਣੇ ਆਏ

## 'ਸੈਨਹੋਜ਼ੇ ਮਰਕਰੀ ਨਿਊਜ਼' ਨੇ ਵੀ ਪੁਆੜੇ ਦੀ ਜੜ੍ਹ ਬਾਬ ਢਿਲੋਂ ਨੂੰ ਆੜੇ ਹੱਥੀਂ ਲਿਆ

**ਸੈਨਹੋਜ਼ੇ/ਅੰਮ੍ਰਿਤਸਰ ਟਾਈਮਜ਼ ਬਿਊਰੋ :**
ਸੈਨਹੋਜ਼ੇ ਇਲਾਕੇ ਦੇ ਮੰਨੇ-ਪ੍ਰਮੰਨੇ ਅੰਗਰੇਜ਼ੀ ਅਖਬਾਰ 'ਸੈਨਹੋਜ਼ੇ ਮਰਕਰੀ ਨਿਊਜ' ਨੇ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਦੂਜੇ ਪੜਾਅ ਦੀ ਉਸਾਰੀ ਦੇ ਕੰਮਾਂ ਵਿੱਚ ਕਥਿੱਤ ਆਰਥਿਕ ਘਪਲਿਆਂ ਅਤੇ ਕੰਮ ਦਾ ਮਿਆਰ ਉੱਚ ਪਾਏ ਦਾ ਨਾ ਹੋਣ ਦੇ ਮਾਮਲਿਆਂ ਦੀ ਤਹਿ ਤੱਕ ਜਾਂਦਿਆਂ ਇਸ ਸਾਰੇ ਕੁਝ ਦਾ ਕੇਂਦਰ ਬਿੰਦੂ ਬਣੇ ਭੂਪਿੰਦਰ ਸਿੰਘ ਬਾਬ ਢਿਲੋਂ ਨੂੰ ਆੜੇ ਹੱਥੀਂ ਲਿਆ ਹੈ। ਅਖ਼ਬਾਰ ਦੇ ਧਾਰਮਿਕ ਸੈਕਸ਼ਨ ਵਿੱਚ ਸੀਨੀਅਰ ਰਿਪੋਰਟਰ ਲੀਸਾ ਫਰਨਾਡੇਜ਼ ਨੇ ਗੁਰਦੁਆਰਾ ਸਾਹਿਬ ਸਬੰਧੀ ਇਕ ਆਰਟੀਕਲ ਲਿਖਿਆ ਹੈ। ਉਸ ਨੇ ਆਰਟੀਕਲ ਦਾ ਸਿਰਲੇਖ ਹੀ ਭਾਈਚਾਰਾ ਦੋਫਾੜ' ਦਿੱਤਾ ਹੈ ਅਤੇ ਦੋਫਾੜ ਹੋਣ ਦੇ ਕਾਰਨਾਂ ਦੀ ਸੱਚ ਦੀ ਸੂਈ ਸਾਰੇ ਪਆੜੇ ਦੀ ਜੜ੍ਹ ਬਾਬ ਢਿਲੋਂ ਉਪਰ ਸਾਧੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹੁਣ ਸੈਨਹੋਜੇ ਦਾ ਭਾਈਚਾਰਾ ਜਾਂ ਕਹਿ ਲਓ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਫਾੜ ਹੋਈ ਹੈ। ਪਿਛਲੇ 25-26 ਸਾਲਾਂ ਤੋਂ ਸਹਿਮਤੀ ਨਾਲ ਹੀ ਪ੍ਰਬੰਧ ਚੱਲ ਰਿਹਾ ਸੀ ਪਰ ਉਸਾਰੀ ਦੇ ਕੰਮਾਂ ਨੂੰ ਲੈ ਕੇ ਬਾਬ ਢਿਲੋਂ ਵਲੋਂ ਤਾਨਸ਼ਾਹੀ ਵਾਲਾ ਅੜੀਅਲ ਰਵੱਇਆ ਅਪਨਾਉਣ, ਹਿਸਾਬ ਕਿਤਾਬ ਪਾਰਦਰਸ਼ੀ ਨਾ ਹੋਣ, ਉਸਾਰੀ ਦੇ ਕੰਮ ਦਾ ਮਿਆਰ ਬਹੁਤਾ ਚੰਗਾ ਨਾ ਹੋਣ ਅਤੇ ਇਸ ਸਬੰਧੀ ਹੋਰ ਮਾਮਲਿਆਂ ਨੂੰ ਲੈ ਕੇ ਭਾਈ ਜਸਵੰਤ ਸਿੰਘ ਹੋਠੀ ਧੜਾ ਪਿਛਲੇ ਤਕਰੀਬਨ ਦੋ ਸਾਲ ਤੋਂ ਸੰਗਤ ਨੂੰ ਸੁਚੇਤ ਕਰਦਾ ਆ ਰਿਹਾ ਹੈ। ਜਦੋਂ ਕਿ ਬਾਬ ਢਿਲੋਂ ਨੇ ਇਸ ਸਾਰੇ ਰੌਲੇ ਨੂੰ ਕੁਰਸੀਆਂ ਖੁਸਣ ਦਾ ਨਾਮ ਦੇ ਕੇ ਸੰਗਤ ਨੂੰ ਗੁੰਮਰਾਹ ਕਰੀ ਰੱਖਿਆ ।

ਇਸ ਸਬੰਧੀ ਪੰਜਾਬੀ ਅਖ਼ਬਾਰਾਂ ਖਾਸ ਕਰ 'ਅੰਮ੍ਰਿਤਸਰ ਟਾਈਮਜ' ਵਿੱਚ ਸਮੇਂ ਸਮੇਂ ਤੱਥਾਂ ਸਹਿਤ ਛਪਦੀਆਂ ਰਿਪੋਰਟਾਂ ਨੂੰ ਵੀ ਬਾਬ ਢਿਲੋਂ ਧੜਾ ਇਕਪਾਸੜ ਹੋਣ ਦਾ ਦੋਸ਼ ਲਾ ਕੇ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰਦਾ ਰਿਹਾ ਹੈ। ਦੂਜੇ ਪਾਸੇ ਅਪਣੇ ਝੂਠਾਂ ਅਤੇ ਹੇਰਾਫੇਰੀਆਂ ਉੱਤੇ ਪਰਦਾ ਪਾਉਣ ਅਤੇ ਸੰਗਤ ਦੇ ਅੱਖੀਂ ਘੱਟਾ ਪਾਉਣ ਲਈ ਅਪਣੇ ਚਹੇਤੇ ਅਖ਼ਬਾਰਾਂ ਵਿੱਚ ਗੁਰਦੁਆਰੇ ਦੀ ਤਰਫੋਂ ਵੱਡੇ ਵੱਡੇ ਇਸ਼ਤਿਹਾਰ ਛਪਵਾਉਣ ਦਾ ਕੰਮ ਆਰੰਭਿਆ ਹੋਇਆ ਹੈ।

ਪਰ ਹੁਣ ਬਿੱਲੀ ਥੈਲੇ ਤੋਂ ਬਾਹਰ ਆਉਣ ਨਾਲ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਭਾਈ ਜਸਵੰਤ ਸਿੰਘ ਹੋਠੀ ਕਿਉਂ ਗੁਰੂਘਰ ਦੀ ਉਸਾਰੀ ਨੂੰ ਲੈ ਕੇ ਲਗਾਤਾਰ ਤਰਲੋ ਮੱਛੀ ਹੋ ਰਿਹਾ ਸੀ। ਬਾਬ ਢਿਲੋਂ ਨੇ ਪਹਿਲਾਂ ਇਸ ਧੜੇ ਦੇ ਕਮੇਟੀ ਮੈਂਬਰ ਕੱਢੇ ਅਤੇ ਫਿਰ ਉਸਾਰੀ ਦਾ ਮੈਨੇਜਰ ਕਰਿਸ ਰੀਲ ਵੀ ਪਿਛਲੇ ਮਹੀਨੇ ਇਸੇ ਲਈ ਹੀ ਕੱਢਿਆ ਕਿ ਉਹ ਬਾਬ ਢਿਲੋਂ ਨੂੰ ਆਮ ਹੀ ਕਹਿੰਦਾ ਸੀ 'Bob, this in not rigt, it is illeagal' (ਬਾਬ ਜੋ ਤੂੰ ਕਰ ਰਿਹੈ ਠੀਕ ਨਹੀਂ। ਇਹ ਗਲਤ ਅਤੇ ਨਜ਼ਾਇਜ਼ ਹੈ..) ਨਿਊਜ਼ ਵਿੱਚ ਇਸ ਗੱਲ ਉਚੇਚਾ ਉਭਾਰੀ ਗਈ ਹੈ ਕਿ ਮੈਨੇਜਰ ਨੂੰ ਫਾਇਰ ਕਰਨ ਤੋਂ ਬਾਅਦ ਭਾਰਤ ਤੋਂ ਸਟੂਡੈਂਟ ਵੀਜ਼ੇ 'ਤੇ ਆਏ ਛੋਕਰੇ ਨੂੰ ਇੰਨੇ ਵੱਡੇ ਪ੍ਰਾਜੈਕਟ ਲਈ ਇਸ ਲਈ ਰੱਖ ਲਿਆ ਹੈ ਕਿ ਉਹ ਇਸ ਦੀਆਂ ਜਾਇਜ਼-ਨਾਜਾਇਜ਼ ਹਦਾਇਤਾਂ ਤੇ ਹਾਮੀ ਭਰੇ। ਜਿਵੇਂ ਕਿ ਬਾਬ ਢਿਲੋਂ ਨੇ ਆਪ ਹੀ ਸੈਨਹੋਜੇ ਮਰਕਰੀ ਨਿਊਜ ਨੂੰ ਇੰਟਰਵਿਊ ਦਿੰਦੇ ਹੋਏ ਕਿਹਾ ਹੈ ਕਿ ਮੈਨੂੰ ਉਹ ਮੈਨੇਜਰ ਚਾਹੀਦਾ ਹੈ ਜਿਸ ਨੂੰ ਮੈਂ ਜੋ ਕਹਾਂ ਉਹ ਕਰੇ ਅਤੇ ਮੈਨੂੰ ਹੀ ਸੁਣੇ।

'ਅੰਮ੍ਰਿਤਸਰ ਟਾਈਮਜ਼' ਪਿਛਲੇ ਸਾਲ ਅਗਸਤ ਤੋਂ ਸੰਗਤਾਂ ਸਾਹਮਣੇ ਇਹ ਸਾਰੇ ਤੱਥ ਲੈ ਕੇ ਆਉਂਦਾ ਰਿਹਾ ਜਿਹਨਾਂ ਦਾ ਖੁਲਾਸਾ ਹੁਣ ਸੈਨਹੋਜੇ ਮਰਕਰੀ ਨਿਊਜ ਨੇ ਕੀਤਾ ਹੈ ਜਿਹਨਾਂ ਵਿੱਚ ਮੁੱਖ ਤੌਰ 'ਤੇ ਫੇਸ 1 ਅਤੇ 2 ਦਾ ਆਡਿਟ, ਉਸਾਰੀ ਦੇ ਕੰਮਾਂ ਦਾ ਮਿਆਰ, ਕਰਜੇ ਦੀ ਕਿਸ਼ਤ ਦੀ afforalability.

ਪਿਛਲੀਆਂ ਵਾਪਰੀਆਂ ਘਟਨਾਵਾਂ ਵੱਲ ਜਰਾ ਗੌਰ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਬਾਬ ਢਿਲੋਂ ਆਪਣੀ ਮਨਮਰਜ਼ੀ ਦੀ ਉਸਾਰੀ ਤੇ ਮਨਮਰਜ਼ੀ ਦੇ ਹੀ ਠੇਕੇਦਾਰ ਵਰਤਣਾ ਚਾਹੁੰਦਾ ਹੈ।

7 ਜੁਲਾਈ 2007 ਨੂੰ ਕਮੇਟੀ ਨੇ ਬਾਬ ਢਿਲੋਂ ਨੂੰ ਫੇਸ 2 ਦੀ ਉਸਾਰੀ ਦਾ ਚੇਅਰਮੈਨ ਨਿਯੁਕਤ ਕੀਤਾ ਪਰ ਨਾਲ ਹੀ ਸ਼ਰਤ ਲਾਈ ਕਿ ਉਹ ਗੁਰੂਘਰ ਦਾ ਕੰਮ ਕਰਨ ਵਾਲੇ ਠੇਕੇਦਾਰ ਨੂੰ ਆਪਣੇ ਨਿੱਜੀ ਕੰਮਾਂ 'ਤੇ ਨਹੀਂ ਵਰਤੇਗਾ, ਭਾਵ Conflict of interest ਦਾ ਮਤਾ, ਬਾਬ ਹਰ ਮਹੀਨੇ ਹਿਸਾਬ-ਕਿਤਾਬ ਦੇਵੇਗਾ। ਬਾਬ ਢਿਲੋਂ ਨੇ ਪਿਛੇ ਜਿਹੇ ਕਿਹਾ ਕਿ ਉਸ ਨੇ ਕਦੇ ਵੀ ਉਹ ਠੇਕੇਦਾਰ ਨਹੀਂ ਵਰਤੇ ਜਿਹੜੇ ਗੁਰੂਘਰ ਵੀ ਕੰਮ ਕਰਦੇ ਹੋਣ। ਪਰ ਸੰਗਤਾਂ ਨੂੰ ਅਸੀਂ ਜਾਣੂ ਕਰਵਾਉਣਾ ਚਾਹੁੰਦੇ ਹਾਂ ਕਿ Michrel C Singh ਇਸ ਦੇ ਸ਼ਾਪਿੰਗ ਕੰਪਲੈਕਸਾਂ ਦੀ ਵੀ ਉਸਾਰੀ ਕਰਦਾ ਹੈ।

10 ਫਰਵਰੀ 2008: ਬਾਬ ਢਿਲੋਂ ਦੀਆਂ ਮਨਮਰਜ਼ੀਆਂ ਦੇਖਦੇ ਹੋਏ ਭਾਈ ਹੋਠੀ ਧੜੇ ਦੇ ਜ਼ੋਰ ਪਾਉਣ 'ਤੇ ਡਾਕਟਰ ਸੁਖਮਿੰਦਰ ਸਿੰਘ ਨੂੰ ਟੈਕਨੀਕਲ ਕਮੇਟੀ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਜਿਹੜਾ ਕਿ ਬਾਬ ਢਿਲੋਂ ਦੇ ਰਵੱਈਏ ਤੋਂ ਤੰਗ ਆ ਕੇ ਤੋਬਾ ਕਰ ਗਿਆ।

28 ਮਈ 2008 ਨੂੰ ਬਾਬ ਢਿਲੋਂ ਸਮੇਤ ਇਕ ਪ੍ਰੋਸੈਸ ਕਮੇਟੀ ਬਣਾਈ ਗਈ। ਇਹ ਕਮੇਟੀਆਂ ਬਾਬ ਢਿਲੋਂ ਨੂੰ ਇਕ ਗਾਇਡਲਾਈਨ ਦੇਣ ਲਈ ਬਣਾਈਆਂ ਗਈਆਂ ਕਿਉਂਕਿ ਇਹ ਆਪਣੀ ਮਰਜੀ ਨਾਲ ਹੀ ਉਦੋਂ ਤੱਕ ਤਕਰੀਬਨ 12 ਮਿਲੀਅਨ ਡਾਲਰ ਦੇ ਠੇਕੇ ਦੇ ਚੁਕਿਆ ਸੀ। ਇਸ ਕਮੇਟੀ ਦੀ ਵੀ ਬਾਬ ਢਿਲੋਂ ਸਾਹਿਬ ਨੇ ਕੋਈ ਪੇਸ਼ ਨਾ ਜਾਣ ਦਿੱਤੀ।

7 ਜੁਲਾਈ 2008 ਨੂੰ ਭਾਈ ਜਸਵੰਤ ਸਿੰਘ ਹੋਠੀ ਨੇ ਕੋਈ ਚਾਰਾ ਨਾ ਚਲਦਾ ਦੇਖ ਕੇ ਬਾਬ ਢਿਲੋਂ ਗਰੁੱਪ ਨੂੰ ਮਤੇ ਦੇ ਰੂਪ ਵਿੱਚ ਪੁਛਿਆ ਕਿ ਜਦੋਂ ਗੁਰੂ ਘਰ ਦੀ ਆਮਦਨ ਅੰਦਾਜ਼ਨ 55 ਹਜ਼ਾਰ ਡਾਲਰ ਮਹੀਨਾ ਹੈ ਤਾਂ ਕਿਸ਼ਤ 70-80 ਹਜ਼ਾਰ ਮਹੀਨਾ ਦੀ ਕਿਵੇਂ ਅਦਾ ਕੀਤੀ ਜਾ ਕਸੇਗੀ ?

31 ਅਗਸਤ 2008 ਨੂੰ ਜਦੋਂ ਜਸਵੰਤ ਸਿੰਘ ਹੋਠੀ ਧੜਾ ਗੁਰੂਘਰ ਦੇ ਆਡਿਟ ਲਈ ਬਜਿਟ ਹੋਇਆ ਅਤੇ ਉਸਾਰੀ ਦੇ ਮਿਅਰ ਬਾਰੇ ਠੋਸ ਕਦਮ ਲੈਣ ਲਈ ਆਖਰੀ ਫੈਸਲਾ ਕੀਤਾ ਤਾਂ ਬਾਬ ਢਿਲੋਂ ਗਰੁੱਪ ਨੇ ਹੋਠੀ ਧੜੇ ਦੇ 5 ਕਮੇਟੀ ਮੈਂਬਰ ਗੈਰਕਾਨੂੰਨੀ ਢੰਗ ਨਾਲ ਹੀ ਕਮੇਟੀ ਵਿਚੋਂ ਕੱਢ ਦਿੱਤੇ।

ਗੁਰੂਘਰ ਇੱਕ ਧਾਰਮਿਕ ਸੰਸਥਾ ਨਾ ਹੋ ਕੇ ਵਿਉਪਾਰ ਦੇ ਕੇਂਦਰ ਬਣ ਰਹੇ ਹਨ ਪਰ ਸੰਗਤ ਮੂਕ ਦਰਸ਼ਕ ਬਣਕੇ ਬੈਠੀ ਦੇਖ ਰਹੀ ਹੈ। ਤਾਜਾ ਖਬਰਾਂ ਅਨੁਸਾਰ ਸੈਨਹੋਜੇ ਦੀ ਸੰਗਤ ਵਿੱਚ ਸੈਨਹੋਜੇ ਮਰਕਰੀ ਨਿਊਜ ਦੀ ਖਬਰ ਨੂੰ ਲੈ ਕੇ ਬਹੁਤ ਬੇਚੈਨੀ ਹੈ ਅਤੇ ਉਹ ਬਾਬ ਢਿਲੋਂ ਤੋਂ ਅਸਤੀਫੇ ਦੀ ਮੰਗ ਕਰ ਰਹੀਆਂ ਹਨ ਅਤੇ ਸੰਗਤ ਨੂੰ ਇਹ ਗੱਲ ਹੁਣ ਸਾਫ ਦਿਸ ਰਹੀ ਹੈ ਕਿ ਫੇਜ਼ 1 ਜਾਂ 2 ਦੇ ਆਡਿਟ ਨਾ ਕਰਾਉਣ ਪਿੱਛੇ ਕੀ ਕਾਰਨ ਹਨ।


ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਦੇਗ ਤੇਗ ਫਤਹ ਪੰਥ ਕੀ ਜੀਤ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ
ਦੇਗ ਤੇਗ ਫਤਹ ਪੰਥ ਕੀ ਜੀਤ
SIKH GURDWARA - SAN JOSE
ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆ ਚੋਣਾਂ
22 ਸਤੰਬਰ 2019 ਦਿਨ ਐਤਵਾਰ ਨੂੰ ਹੋ ਰਹੀਆਂ ਹਨ।
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਧ ਸੰਗਤ ਸਲੇਟ ਦੇ
ਸਾਰੇ ਉਮੀਦਵਾਰਾਂ ਨੂੰ ਆਪਣੀ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।
San Jose Gurdwara Sahib Election
will be held on 22 September 2019, Sunday. A humble request to all the Sangat to vote for all the candidates of SADH SANGAT SLATE
ਕਸ਼ਮੀਰ ਸਿੰਘ ਕਾਲਕਟ Kashmir Singh Kalkat
ਗੁਰਮੇਲ ਸਿੰਘ ਖਾਲਸਾ (ਬਾਠ) Gurmail Singh Khalsa (Bath)
ਸਰਬਜੋਤ ਸਿੰਘ ਸਵੱਦੀ Sarbjot Singh Swaddi
ਜਸਪਾਲ ਸਿੰਘ ਸੈਣੀ Jaspal Singh Saini
ਕਸ਼ਮੀਰ ਸਿੰਘ ਸਿਵੀਆ Kashmir Singh Sivia
ਨੀਟੂ ਸਿੰਘ ਕਾਹਲੋਂ Neetu Singh Kahlon
ਸੁਖਵਿੰਦਰ ਸਿੰਘ ਮਾਨ Sukhwinder Singh Mann
ਹਰਪਾਲ ਸਿੰਘ ਚਾਹਲ Harpal Singh Chahal
ਜਗਜੀਤ ਸਿੰਘ ਮੰਡ Jagjit Singh Mand
ਮਨਪ੍ਰੀਤ ਸਿੰਘ ਬਦੇਸ਼ਾ Manpreet Singh Badesha
ਪ੍ਰੀਤ ਸਿੰਘ ਰੰਧਾਵਾ Preet Singh Randhawa
ਭੁਪਿੰਦਰ ਸਿੰਘ ਗਿੱਲ Bhupinder Singh Gill
ਇੰਦਰਜੀਤ ਸਿੰਘ Inderjit Singh
ਕੁਲਵੰਤ ਕੋਰ ਚਾਹਲ Kulwant Kaur Chahal
ਗੁਰਦੇਵ ਸਿੰਘ ਕਲਸੀ Gurdev Singh Kalsi
ਬਲਦੇਵ ਸਿੰਘ ਜੰਡੂ Baldev Singh Jandu
ਕਮਲਜੀਤ ਸਿੰਘ ਚੀਮਾ Kamaljeet Singh Cheema
ਸਤਪਾਲ ਸਿੰਘ ਸਿੱਧੂ Satpal Singh Sidhu
ਸੰਦੀਪ ਸਿੰਘ ਸੰਧੂ Sundeep Singh Sandhu
ਰਤਨਦੀਪ ਸਿੰਘ ਸੈਣੀ Rattandeep Singh Saini
ਗੁਰਪ੍ਰੀਤ ਕੋਰ ਸੈਣੀ Gurpreet Kaur Saini
Contact for further information ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਰਬਜੋਤ ਸਿੰਘ ਸਵੱਦੀ 408-449-1639
ਜਸਪਾਲ ਸਿੰਘ ਸੈਣੀ 408-393-9505
ਹਰਪਾਲ ਸਿੰਘ ਚਾਹਲ 408-981-2842
Please vote for Sadh Sangat Slate

## Vote for all 21 candidates of Sadh Sangat Slate as marked on the sample ballot here

ਸਾਧ ਸੰਗਤ ਸਲੇਟ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਕਰਨ ਲਈ ਇਸ ਨਮੂਨੇ ਦੇ ਬੈਲਟ ਤੇ ਦਰਸਾਏ ਅਨੁਸਾਰ ਨਿਸ਼ਾਨ ਲਗਾਓ ਜੀ।

### SAMPLE BALLOT

**SIKH GURDWARA SAHIB SAN JOSE**
**PARBANDHAK COMMITTEE ELECTION**
SEPTEMBER 22, 2019

ਆਧਿਕਾਰਤ ਚੋਣ ਪੱਤਰ
ਸਿੱਖ ਗੁਰਦੁਆਰਾ ਸਾਹਿਬ ਸੇਨਹੋਜੇ
ਪ੍ਰਬੰਧਕ ਕਮੇਟੀ ਇਲੈਕਸ਼ਨ
ਸਤੰਬਰ 22, 2019

MARK YOUR BALLOT LIKE THIS
ਆਪਣੇ ਚੋਣ ਪੱਤਰ ਤੇ ਇਸ ਤਰਾ ਨਿਸ਼ਾਨ ਲਾਵੋ ➡ ⬬

**PARBANDHAK COMMITTEE MEMBERS**
**ਪ੍ਰਬੰਧਕ ਕਮੇਟੀ ਮੈਂਬਰ**

VOTE FOR NO MORE THAN 21 CANDIDATES • 21 ਉਮੀਦਵਾਰਾਂ ਤੋਂ ਜਿਆਦਾ ਨੂੰ ਵੋਟ ਨਾ ਪਾਓ

| CURRENT PARBANDHAK COMMITTEE CANDIDATES<br>ਮੌਜੂਦਾ ਪ੍ਰਬੰਧਕ ਕਮੇਟੀ ਸਲੇਟ ਉਮੀਦਵਾਰ | SADH SANGAT SLATE CANDIDATES<br>ਸਾਧ ਸੰਗਤ ਸਲੇਟ ਉਮੀਦਵਾਰ |
|---|---|
| ○ 1 SUKHDEV SINGH BAINIWAL<br>ਸੁਖਦੇਵ ਸਿੰਘ ਬੈਨੀਵਾਲ | ● 1 GURMAIL SINGH KHALSA (BATH)<br>ਗੁਰਮੇਲ ਸਿੰਘ ਖਾਲਸਾ (ਬਾਠ) |
| ○ 2 DR. GURINDER PAL SINGH<br>ਡਾ ਗੁਰਿੰਦਰ ਪਾਲ ਸਿੰਘ | ● 2 SATPAL SINGH SIDHU<br>ਸਤਪਾਲ ਸਿੰਘ ਸਿੱਧੂ |
| ○ 3 BHUPINDAR (BOB) SINGH DHILLO<br>ਭੁਪਿੰਦਰ (ਬੌਬ) ਸਿੰਘ ਢਿੱਲੋਂ | ● 3 KULWANT KAUR CHAHAL<br>ਕੁਲਵੰਤ ਕੌਰ ਚਾਹਲ |
| ○ 4 HARDEV SINGH TAKHAR<br>ਹਰਦੇਵ ਸਿੰਘ ਤੱਖਰ | ● 4 NEETU SINGH KAHLON<br>ਨੀਟੂ ਸਿੰਘ ਕਾਹਲੋਂ |
| ○ 5 RAJINDER SINGH MANGER<br>ਰਜਿੰਦਰ ਸਿੰਘ ਮੰਗਰ | ● 5 HARPAL SINGH CHAHAL<br>ਹਰਪਾਲ ਸਿੰਘ ਚਾਹਲ |
| ○ 6 SOHAN SINGH DHANOTA<br>ਸੋਹਨ ਸਿੰਘ ਧਨੋਤਾ | ● 6 KASHMIR SINGH KALKUT<br>ਕਸ਼ਮੀਰ ਸਿੰਘ ਕਾਲਕਟ |
| ○ 7 PRITAM SINGH GREWAL<br>ਪ੍ਰੀਤਮ ਸਿੰਘ ਗਰੇਵਾਲ | ● 7 SARBJOT SINGH SWADDI<br>ਸਰਬਜੋਤ ਸਿੰਘ ਸਵੱਦੀ |
| ○ 8 SURJIT SINGH BAINS<br>ਸੁਰਜੀਤ ਸਿੰਘ ਬੈਂਸ | ● 8 JASPAL SINGH SAINI<br>ਜਸਪਾਲ ਸਿੰਘ ਸੈਣੀ |
| ○ 9 KIRPAL SINGH ATWAL<br>ਕਿਰਪਾਲ ਸਿੰਘ ਅਠਵਾਲ | ● 9 KASHMIR SINGH SIVIA<br>ਕਸ਼ਮੀਰ ਸਿੰਘ ਸਿਵੀਆ |
| ○ 10 BAHADUR SINGH DEOL<br>ਬਹਾਦਰ ਸਿੰਘ ਦਿਓਲ | ● 10 SUKHWINDER SINGH MANN<br>ਸੁਖਵਿੰਦਰ ਸਿੰਘ ਮਾਨ |
| ○ 11 NARINDER KAUR MAHERU<br>ਨਰਿੰਦਰ ਕੌਰ ਮਹੇੜੂ | ● 11 RATTANDEEP SINGH SAINI<br>ਰਤਨਦੀਪ ਸਿੰਘ ਸੈਣੀ |
| ○ 12 NARINDERPAL SINGH<br>ਨਰਿੰਦਰਪਾਲ ਸਿੰਘ | ● 12 JAGJIT SINGH MAND<br>ਜਗਜੀਤ ਸਿੰਘ ਮੰਡ |
| ○ 13 DR. BALBIR SINGH BAINS<br>ਡਾ ਬਲਬੀਰ ਸਿੰਘ ਬੈਂਸ | ● 13 MANPREET SINGH BADESHA<br>ਮਨਪ੍ਰੀਤ ਸਿੰਘ ਬਦੇਸ਼ਾ |
| ○ 14 DHARAM SINGH<br>ਧਰਮ ਸਿੰਘ | ● 14 PREET SINGH RANDHAWA<br>ਪ੍ਰੀਤ ਸਿੰਘ ਰੰਧਾਵਾ |
| ○ 15 HARPARMINDER SINGH POWAR<br>ਹਰਪ੍ਰਮਿੰਦਰ ਸਿੰਘ ਪਵਾਰ | ● 15 BHUPINDER SINGH GILL<br>ਭੁਪਿੰਦਰ ਸਿੰਘ ਗਿੱਲ |
| ○ 16 GURBUX SINGH DHILLON<br>ਗੁਰਬਖਸ਼ ਸਿੰਘ ਢਿੱਲੋਂ | ● 16 INDERJIT SINGH<br>ਇੰਦਰਜੀਤ ਸਿੰਘ |
| ○ 17 KULDIP SINGH SHERGILL<br>ਕੁਲਦੀਪ ਸਿੰਘ ਸੇਰਗਿਲ | ● 17 GURDEV SINGH KALSI<br>ਗੁਰਦੇਵ ਸਿੰਘ ਕਲਸੀ |
| ○ 18 GURPREET SINGH SETHI<br>ਗੁਰਪ੍ਰੀਤ ਸਿੰਘ ਸੇਠੀ | ● 18 KAMALJEET SINGH CHEEMA<br>ਕਮਲਜੀਤ ਸਿੰਘ ਚੀਮਾ |
| ○ 19 DR. HARJINDER SINGH LADHAR<br>ਡਾ ਹਰਜਿੰਦਰ ਸਿੰਘ ਲੱਦੜ | ● 19 BALDEV SINGH JANDU<br>ਬਲਦੇਵ ਸਿੰਘ ਜੰਡੂ |
| ○ 20 PRITPAL KAUR<br>ਪ੍ਰਿਤਪਾਲ ਕੌਰ | ● 20 GURPREET KAUR SAINI<br>ਗੁਰਪ੍ਰੀਤ ਕੌਰ ਸੈਣੀ |
| ○ 21 SHARANJIT KAUR BHANDAL<br>ਸ਼ਰਨਜੀਤ ਕੌਰ ਭੰਡਾਲ | ● 21 SUNDEEP SINGH SANDHU<br>ਸੰਦੀਪ ਸਿੰਘ ਸੰਧੂ |

| | | YES / ਹਾਂ | NO / ਨਹੀ |
|---|---|---|---|
| 1. | North Hall and South Hall Expansion<br>ਨੋਰਥ / ਸਾਊਥ ਹਾਲ ਦੀ ਦੋ ਮੰਜਲੀ ਉਸਾਰੀ ਲਈ ਪ੍ਰਵਾਨਗੀ | ○ | ● |
| 2A. | Election Term (2 to 4 Years)<br>ਚੋਣਾਂ ਦੀ ਮਿਆਦ ਦੋ ਤੋਂ ਚਾਰ ਸਾਲ ਕਰਨ ਲਈ ਸਵਿਧਾਨ ਵਿਚ ਸੋਧ | ○ | ● |
| 2B. | Membership List Privacy<br>ਮੈਂਬਰਾਂ ਦੀ ਲਿਸਟ ਸੁਰੱਖਿਅਤ ਰੱਖਣ ਲਈ ਸਵਿਧਾਨ ਵਿਚ ਸੋਧ | ○ | ● |

This is a sample of the ballot paper for your convenience.
ਤੁਹਾਡੀ ਸਹੂਲਤ ਲਈ ਇਹ ਬੈਲਟ ਪੇਪਰ ਦਾ ਨਮੂਨਾ ਹੈ।

## Sadh Sangat ji Beware and Vote ● NO
## ਸਾਧ ਸੰਗਤ ਜੀ ਸੁਚੇਤ ਰਹੋ ਤੇ ਵੋਟ ਕਰੋ ਨਹੀਂ

### Misleading Text / ਗੁੰਮਰਾਹਕੁੰਨ ਲਿਖ਼ਤ:

**1.** North and South Hall Expansion / ਨੋਰਥ/ਸਾਊਥ ਹਾਲ ਦੀ ਦੋ ਮੰਜ਼ਲੀ ਉਸਾਰੀ ਲਈ ਪ੍ਰਵਾਨਗੀ

Vote / ਵੋਟ ਕਰੋ ● NO ਨਹੀਂ

| Actual Amendment | ਅਸਲ ਤਬਦੀਲੀ |
|---|---|
| Allow Parbandhak committee to spend unlimited amount more than $250,000 on a project without any approval and details shared with the Sangat. | ਪ੍ਰਬੰਧਕ ਕਮੇਟੀ ਨੂੰ ਬਿਨਾਂ ਕਿਸੇ ਪ੍ਰੋਜੈਕਟ ਪ੍ਰਵਾਨਗੀ ਅਤੇ ਸੰਗਤ ਨੂੰ ਵੇਰਵਾ ਦੱਸੇ ਬਿਨਾਂ ਕਿਸੇ ਪ੍ਰੋਜੈਕਟ ਤੇ $250,000 ਤੋਂ ਵੱਧ ਅਸੀਮਤ ਰਕਮ ਖਰਚ ਕਰਨ ਦਾ ਅਧਿਕਾਰ ਹੈ। |

### Misleading Text / ਗੁੰਮਰਾਹਕੁੰਨ ਲਿਖ਼ਤ:

**2A.** Extend Term (2 to 4 years) /ਚੋਣਾਂ ਦੀ ਮਿਆਦ 2 ਤੋਂ 4 ਸਾਲ

Vote / ਵੋਟ ਕਰੋ ● NO ਨਹੀਂ

| Actual Amendment | ਅਸਲ ਤਬਦੀਲੀ |
|---|---|
| To avoid accountability to Sangat and devalue election by General Body of the Sangat | ਸੰਗਤ ਨੂੰ ਜਵਾਬਦੇਹੀ ਤੋਂ ਬਚਣ ਲਈ ਅਤੇ ਸੰਗਤ ਦੀ ਜਨਰਲ ਬਾਡੀ ਨੂੰ ਹੋਰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ। |

### Misleading Text / ਗੁੰਮਰਾਹਕੁੰਨ ਲਿਖ਼ਤ:

**2B.** Membership List Privacy / ਮੈਂਬਰਾਂ ਦੀ ਲਿਸਟ ਸੁਰੱਖਿਅਤ ਰੱਖਣ ਲਈ

Vote / ਵੋਟ ਕਰੋ ● NO ਨਹੀਂ

**Actual Amendment**

- Only Parbandhak committee decides what is a prudent good cause for Gurdwara. Sangat has no role.
- Gurdwara will not follow California corporate rule of law equitable or any other.
- Sangat members can never inspect records of the Parbandhak committee.
- No rule of law, court, judge or Sangat can question the Parbandhak committee

**ਅਸਲ ਤਬਦੀਲੀ**

- ਕੇਵਲ ਪ੍ਰਬੰਧਕ ਕਮੇਟੀ ਹੀ ਫੈਸਲਾ ਕਰ ਸਕਦੀ ਹੈ ਕਿ ਗੁਰਦੁਆਰੇ ਦਾ ਸੂਝਵਾਨ ਚੰਗਾ ਕੰਮ ਕੀ ਹੈ। ਸੰਗਤ ਕੋਈ ਸਵਾਲ ਵੀ ਨਹੀਂ ਕਰ ਸਕਦੀ।
- ਗੁਰਦੁਆਰਾ ਕੈਲੀਫੋਰਨੀਆ ਦੇ ਕਾਰਪੋਰੇਟ ਬਰਾਬਰੀ ਵਾਲੇ ਜਾ ਹੋਰ ਕਿਸੇ ਕਾਨੂੰਨ ਦੀ ਪਾਲਣਾ ਨਹੀਂ ਕਰੇਗਾ।
- ਸੰਗਤ ਮੈਂਬਰ ਕਦੇ ਵੀ ਪ੍ਰਬੰਧਕ ਕਮੇਟੀ ਦੇ ਰਿਕਾਰਡਾਂ ਦਾ ਨਿਰੀਖਣ ਨਹੀਂ ਕਰ ਸਕਦੇ।
- ਕਾਨੂੰਨ ਦਾ ਕੋਈ ਨਿਯਮ, ਅਦਾਲਤ, ਜੱਜ ਜਾ ਸੰਗਤ ਪ੍ਰਬੰਧਕ ਕਮੇਟੀ ਨੂੰ ਸਵਾਲ ਨਹੀਂ ਕਰ ਸਕਦਾ।

## Sadh Sangat Slate Gurdwara Sahib San Jose
## ਸਾਧ ਸੰਗਤ ਸਲੇਟ ਗੁਰਦੁਆਰਾ ਸਾਹਿਬ ਸੈਨ ਹੋਜ਼ੇ

## ੧ੴ ਸਤਿਗੁਰ ਪ੍ਰਸਾਦਿ
## ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕਿ ਫਤਹਿ

**Guru Piari Sadh Sangat Ji**
Parbandhak committee election scheduled for 22 September 2019 is very important to decide the future of our Gurdwara Sahib.
**We appeal to you to vote for all 21 candidates of Sadh Sangat Slate.**

**ਗੁਰੂ ਪਿਆਰੀ ਸਾਧ ਸੰਗਤ ਜੀ**
22 ਸਤੰਬਰ, 2019 ਨੂੰ ਹੋਣ ਵਾਲੀਆਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਾਡੇ ਗੁਰਦੁਆਰਾ ਸਾਹਿਬ ਦੇ ਭਵਿੱਖ ਬਾਰੇ ਫੈਸਲਾ ਕਰਨ ਲਈ ਬਹੁਤ ਮਹੱਤਵਪੂਰਨ ਹਨ।
**ਅਸੀਂ ਤੁਹਾਨੂੰ ਸਾਧ ਸੰਗਤ ਸਲੇਟ ਦੇ ਸਾਰੇ 21 ਉਮੀਦਵਾਰਾਂ ਨੂੰ ਵੋਟ ਪਾਉਣ ਦੀ ਅਪੀਲ ਕਰਦੇ ਹਾਂ।**

## Important information on proposed changes to Gurdwara Bylaws

Sadh Sangat Ji, Current Parbandhak Committee proposing changes to the Gurdwara bylaws is an attack on your rights. It is very important to understand it and avoid these changes.
Without discussing with the Sangat, the Current Parbandhak Committee has forcefully put these changes on the ballot paper through their self-selected one-sided Election committee.

**1.North/South hall reality**: North Hall is usually only used for a few hours a week, while the South hall remains vacant most of the 7 days a week. Without feasibility of a project and providing details, Current Parbandhak Committee is seeking authority to spend unlimited amount more than $250,000 on a project. Just leading to misuse of Guru ki Golak. Please stop this. Vote 'No'.

**2A.Term of the Committee**: It is clearly stated in the Constitution of Gurdwara Sahib: Article 4A, Section 6 (b): "The members of the governing committee shall be appointed / elected every two years. Exit committee members can be re-elected / elected for a period of two years. "
It is clear that no one can be a candidate for more than two consecutive terms. 17 out of 21 candidates of Current Parbandhak Committee have been sticking to the chair for at least 4 years to 34 years, but they have not been satisfied. Now these people want to extend term from 2 years to 4 years by changing the constitution. Vote No.

**2B.Membership Privacy**:
According to Article 7, Section B (3) of the Constitution of Gurdwara Sahib, the private information of the members is already protected."The members' private addresses and personal information shall be maintained secure and private and shall be only used for the prudent cause of the Gurdwara Sahib."
Sadh Sangat Ji, the truth is that there is no issue of privacy.
Current Parbandhak Committee does not want the opposition to have the voter list on time without which a fair election can never take place. The court has already decided on this issue, in which the Current Parbandhak Committee has been badly defeated in six courts. Now, this committee wants to confuse the Sangat by playing the key to privacy again. In the event that they did not give the voter list to the opposition (which is their real intention) they could not even go to the court. Vote No.

## ਗੁਰਦੁਆਰਾ ਸਾਹਿਬ ਸੰਵਿਧਾਨ ਵਿਚ ਖ਼ਤਰਨਾਕ ਤਬਦੀਲੀ ਬਾਰੇ ਜਰੂਰੀ ਜਾਣਕਾਰੀ

ਸਾਧ ਸੰਗਤ ਜੀ, ਮੌਜੂਦਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿਚ ਪ੍ਰਸਤਾਵਿਤ ਖ਼ਤਰਨਾਕ ਤਬਦੀਲੀ ਤੁਹਾਡੇ ਹੱਕ ਖੋਹਣ ਦਾ ਮਾਰੂ ਹਮਲਾ ਹੈ। ਇਹਨਾਂ ਨੂੰ ਸਮਝਣਾਂ ਅਤੇ ਇਸ ਤੋਂ ਬਚਣਾ ਬਹੁਤ ਜਰੂਰੀ ਹੈ।
ਇਹ ਸੋਧਾਂ ਮਜੂਦਾ ਪ੍ਰਬੰਧਕ ਕਮੇਟੀ ਨੇ ਬਿਨਾ ਸੰਗਤ ਨਾਲ ਸਲਾਹ ਕੀਤੇ ਆਪਣੀ ਬਣਾਈ ਹੋਈ ਏਕਤਰਫ਼ਾ ਅਲੈਕਸ਼ਨ ਕਮੇਟੀ ਦੁਆਰਾ ਜਬਰਦਸਤੀ ਬੈਲਟ ਪੇਪਰ ਉਤੇ ਪਾਈਆਂ ਨੇ।

**1.ਨੌਰਥ ਅਤੇ ਸਾਊਥ ਹਾਲ ਦੀ ਅਸਲੀਅਤ:** ਨੌਰਥ ਹਾਲ ਹਫਤੇ ਵਿਚ ਆਮ ਤੌਰ ਸਿਰਫ ਕੁਝ ਹੀ ਘੰਟੇ ਵਰਤੋਂ ਵਿਚ ਆਉਂਦਾ ਹੈ ਜਦ ਕਿ ਸਾਊਥ ਹਾਲ ਹਫਤੇ ਦੇ ਤਕਰੀਬਨ 7 ਦਿਨ ਹੀ ਵਿਹਲਾ ਰਹਿੰਦਾ ਹੈ।ਸੱਚ ਇਹ ਹੈ ਕਿ ਗੁਮਰਾਹ ਕਰ ਮੌਜੂਦਾ ਪ੍ਰਬੰਧਕ ਕਮੇਟੀ ਬਿਨਾਂ ਕਿਸੇ ਪ੍ਰੋਜੈਕਟ ਪ੍ਰਵਾਨਗੀ ਅਤੇ ਸੰਗਤ ਨੂੰ ਵੇਰਵਾ ਦੱਸੇ ਬਿਨਾਂ ਕਿਸੇ ਪ੍ਰੋਜੈਕਟ ਤੇ $250,000 ਤੋਂ ਵੱਧ ਅਸੀਮਤ ਰਕਮ ਖਰਚ ਕਰਨ ਦੀ ਪ੍ਰਵਾਨਗੀ ਮੰਗ ਰਹੀ ਹੈ। ਗੁਰੂ ਕਿ ਗੋਲਕ ਦੀ ਇਹ ਦੁਰਵਰਤੋਂ ਰੋਕੋ। 'ਨਹੀਂ' ਤੇ ਵੋਟ ਕਰੋ।

**2A.ਕਮੇਟੀ ਦਾ ਸੇਵਾ ਕਾਲ (ਮਿਆਦ)**: ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿਚ ਇਹ ਸਪਸ਼ਟ ਲਿਖਿਆ ਹੋਇਆ ਹੈ: ਆਰਟੀਕਲ 4, ਸੈਕਸ਼ਨ 6 (ਬੀ): "ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਛਾਂਟ/ਚੋਣ ਹਰੇਕ ਦੋ ਸਾਲਾਂ ਬਾਅਦ ਹੋਵੇਗੀ। ਬਾਹਰ ਜਾਣ ਵਾਲੀ ਕਮੇਟੀ ਦੇ ਮੈਂਬਰ ਅਗਲੇ ਦੋ ਸਾਲਾਂ ਦੀ ਮਿਆਦ ਲਈ ਦੁਬਾਰਾ ਛਾਂਟ/ਚੋਣ ਲਈ ਖੜੇ ਹੋ ਸਕਦੇ ਹਨ।"
ਇਸ ਤੋਂ ਇਹ ਸਪਸ਼ਟ ਹੈ ਕਿ ਕੋਈ ਵੀ ਵਿਅਕਤੀ ਲਗਾਤਾਰ ਦੋ ਤੋਂ ਵੱਧ ਪ੍ਰਬੰਧਕ ਕਮੇਟੀ ਦਾ ਉਮੀਦਵਾਰ ਨਹੀਂ ਹੋ ਸਕਦਾ। ਮੌਜੂਦਾ ਪ੍ਰਬੰਧਕ ਕਮੇਟੀ ਦੇ 21 ਉਮੀਦਵਾਰਾਂ ਵਿਚੋਂ 17 ਅਜੇਹੇ ਹਨ ਜੋ ਘਟ ਤੋਂ ਘਟ 4 ਸਾਲ ਤੋਂ ਲੈ ਕੇ 34 ਸਾਲਾਂ ਤੋਂ ਕੁਰਸੀ ਨਾਲ ਚੁੰਬੜੇ ਆ ਰਹੇ ਹਨ ਪਰ ਅਜੇ ਵੀ ਇਹਨਾ ਦੀ ਤ੍ਰਿਪਤੀ ਨਹੀਂ ਹੋਈ। ਹੁਣ ਇਹ ਲੋਕ ਕਮੇਟੀ ਦੀ ਮਿਆਦ ਨੂੰ 2 ਸਾਲਾਂ ਤੋਂ ਵਧਾ ਕੇ 4 ਸਾਲਾਂ ਲਈ ਹੱਥ ਪੈਰ ਮਾਰ ਰਹੇ ਹਨ! ਆਪਣੀ ਇਸ ਤ੍ਰਿਸ਼ਨਾ ਦੀ ਪੂਰਤੀ ਲਈ ਹੁਣ ਤੀਜੀ ਵਾਰ ਸੰਵਿਧਾਨ ਵਿਚ ਫਿਰ ਤਬਦੀਲੀ ਕਰਨੀ ਚਾਹੁੰਦੇ ਹਨ।'ਨਹੀਂ' ਤੇ ਵੋਟ ਕਰੋ।

**2B.ਮੈਂਬਰਸ਼ਿਪ ਪ੍ਰਾਈਵੇਸੀ:**
ਗੁਰਦੁਆਰਾ ਸਾਹਿਬ ਦੇ ਸੰਵਿਧਾਨ ਆਰਟੀਕਲ 7, ਸੈਕਸ਼ਨ ਬੀ (3) ਮੁਤਾਬਿਕ ਮੈਂਬਰਾਂ ਦੇ ਪ੍ਰਾਈਵੇਟ ਐਡਰੈਸ ਅਤੇ ਨਿਜੀ ਜਾਣਕਾਰੀ ਪਹਿਲਾਂ ਹੀ ਸੁਰਖਿਅਤ ਹੈ ਅਤੇ ਇਹ ਦਰਜ ਹੈ, "ਮੈਂਬਰਾਂ ਦੇ ਪ੍ਰਾਈਵੇਟ ਐਡਰੈਸ ਅਤੇ ਨਿਜੀ ਜਾਣਕਾਰੀ ਹਰ ਵੇਲੇ ਹਰ ਥਾਂ ਸੁਰਖਿਅਤ ਅਤੇ ਪਰਾਈਵੇਟ ਰੱਖੀ ਜਾਇਗੀ ਅਤੇ ਗੁਰਦੁਆਰਾ ਸਾਹਿਬ ਦੇ ਸਿਆਣਪ ਭਰੇ ਕੰਮਾਂ ਵਾਸਤੇ ਵਰਤੀ ਜਾ ਸਕਦੀ ਹੈ।"
ਸਾਧ ਸੰਗਤ ਜੀ, ਸਚਾਈ ਇਹ ਹੈ ਮਸਲਾ ਪ੍ਰਾਈਵੇਸੀ ਦਾ ਨਹੀਂ ਹੈ।ਮੌਜੂਦਾ ਪ੍ਰਬੰਧਕ ਕਮੇਟੀ ਇਹ ਨਹੀਂ ਚਾਹੁੰਦੀ ਕਿ ਵੋਟਰ ਲਿਸਟ ਸਮੇਂ ਸਿਰ ਇਲੈਕਸ਼ਨ ਆਦਿ ਤੇ ਮਾਮਲੇ ਵਿਚ ਵਿਰੋਧੀ ਧਿਰ ਨੂੰ ਮਿਲੇ ਜਿਹਦੇ ਬਿਨਾ ਨਿਆਂਪੂਰਵਕ ਚੋਣ ਕਦੇ ਹੋ ਹੀ ਨਹੀਂ ਸਕਦੀ। ਇਸ ਮਸਲੇ ਤੇ ਅਦਾਲਤ ਪਹਿਲਾਂ ਹੀ ਫੈਸਲਾ ਦੇ ਚੁੱਕੀ ਹੈ ਜਿਸ ਵਿਚ ਮੌਜੂਦਾ ਕਮੇਟੀ ਦੀ 6 ਅਦਾਲਤਾਂ ਵਿਚ ਬੁਰੀ ਤਰਾਂ ਹਾਰ ਹੋ ਚੁਕੀ ਹੈ। ਹੁਣ ਇਹ ਕਮੇਟੀ ਮੁੜ ਪ੍ਰਾਈਵੇਸੀ ਦਾ ਢੋਲ ਵਜਾ ਕੇ ਸੰਗਤਾਂ ਨੂੰ ਭੰਬਲਭੂਸੇ ਵਿਚ ਪਾਉਣਾ ਚਾਹੁੰਦੀ ਹੈ। ਇਹਨਾਂ ਵਲੋਂ ਵੋਟਰ ਲਿਸਟ ਵਿਰੋਧੀ ਧਿਰ ਨੂੰ ਨਾ ਦੇਣ ਦੀ ਹਾਲਤ ਵਿਚ (ਜੋ ਕਿ ਇਹਨਾ ਦੀ ਅਸਲ ਮਨਸ਼ਾ ਹੈ) ਉਹ ਅਦਾਲਤ ਦਾ ਬੂਹਾ ਵੀ ਨਾ ਖੜਕਾ ਸਕੇ।'ਨਹੀਂ' ਤੇ ਵੋਟ ਕਰੋ।

**Protect rights of the Sangat.**
**Protect Gurdwara Bylaws.**
**Vote for Sadh Sangat Slate.**

**ਸੰਗਤ ਦੇ ਅਧਿਕਾਰਾਂ ਦੀ ਰੱਖਿਆ ਕਰੋ।**
**ਗੁਰਦੁਆਰਾ ਸੰਵਿਧਾਨ ਦੀ ਰੱਖਿਆ ਕਰੋ।**
**ਸਾਧ ਸੰਗਤ ਸਲੇਟ ਨੂੰ ਵੋਟ ਪਾਓ ਜੀ।**

# Sadh Sangat Slate, Gurdwara Sahib San Jose CA

# CREDIT REPAIR

## Our services help you repair:

- Bank corrupt ✓
- Late Payment ✓
- Judgement ✓
- Bank issue/ repo ✓
- Loan Payment delay ✓




ਜੇ ਤੁਹਾਡਾ ਕ੍ਰੈਡਿਟ Bad ਹੈ ਤਾਂ 90 ਦਿਨਾਂ ਵਿਚ ਰਿਪੇਅਰ ਕੀਤਾ ਜਾਵੇਗਾ
ਤਲਾਕ ਕੇਸ ਵਾਲਿਆਂ ਦਾ ਕ੍ਰੈਡਿਟ ਵੀ ਰਿਪੇਅਰ ਕੀਤਾ ਜਾਂਦਾ ਹੈ।

**Contact : Sam Ph. 530 249 2582**
**Email address:- creditguruus@gmail.com**



Raja™ SWEETS & CATERING®
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

Admission Open!

ਆਓ ਪੰਜਾਬੀ ਸਿੱਖੀਏ

Let's Learn Punjabi and
Be inspired by your roots.
at

Admission Open!

Punjabi Virsa Academy, Los Angeles (Year 2019-2020)

Punjabi School is opening on September 15, 2019.
Admission forms are available in Gurudwara Sahib and on our school website.
For more information send email to pvacademyinc@gmail.com, Call or Txt 818-850-0730





NITNEM PATH

Mission statement of Punjabi Virsa Academy

Let your kids learn and explore Indian culture, Punjabi language, walk on the path of Gurbani thoughts, lots of exposure with stage performances by exploring their talent, learn music and instruments with our experts.
Let them flourish their talent and values with Guru's blessing.

Well Equipped and modernized classrooms

1) Projector screens for showing visual of saakhi (story).
2) Whole year school supplies and bags for free from school
3) Lot of projects to support learning.
4) Periodic Report Cards and Parent-Teachers meetings.
5) Well structured programs with Highly Qualified Staff.

ENROLL NOW!

No School fees, It's free Sewa from Gurudwara.
Hurry admissions are open!!!

School Location - 7640, Lankershim Blvd. North Hollywood, CA 91605
Visit our website www.punjabivirsaacademy.com

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana
1480 N State Road 1, Cambridge City, IN 47327. 70
Diesel/Gas
Exit 137



ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ

ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet
over 100 gallons
open 6am to midnight
Phone: 765-478-6300

kw DALLAS PRESTON ROAD
KELLERWILLIAMS. REALTY
REALTOR MLS



Buy Sell Homes
REAL ESTATE



Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਯੂਨੀਅਨ ਸਿਟੀ ਦਾ 15ਵਾਂ ਵਿਸ਼ਵ ਕਬੱਡੀ ਕੱਪ ਵਿਲੱਖਣ ਇਤਿਹਾਸ ਸਿਰਜ ਗਿਆ













- **ਸਾਬਕਾ ਕਬੱਡੀ ਖਿਡਾਰੀ ਮੇਜਰ ਸਿੰਘ ਬੈਂਸ ਨੇ ਕੀਤਾ ਵਿਸ਼ਵ ਕੱਪ ਦਾ ਉਦਘਟਨ**
- **ਅਮੋਲਕ ਸਿੰਘ ਗਾਖਲ ਨੇ ਬੰਨ੍ਹਿਆ ਸੰਗਤਾਂ ਸਿਰ ਸਫਲਤਾ ਦਾ ਸਿਹਰਾ**
- **ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਇਹ ਵਿਸ਼ਵ ਕਬੱਡੀ ਕੱਪ**

ਯੂਨੀਅਨ ਸਿਟੀ/ਐੱਸ.ਅਸ਼ੋਕ ਭੌਰਾ :

ਕਹਿੰਦੇ ਹਨ ਕਿ ਜੇ ਲਗਨ ਸ਼ਰਧਾ ਨਾਲ ਜੁੜੀ ਹੋਵੇ ਤਾਂ ਪੈੜਾਂ ਹੀ ਇਤਿਹਾਸਕ ਨਹੀਂ ਹੁੰਦੀਆਂ, ਸਗੋਂ ਮੰਜ਼ਿਲ ਵੀ ਇਤਿਹਾਸਕ ਹੋ ਨਿੱਬੜਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦਾ 15ਵਾਂ ਵਿਸ਼ਵ ਕਬੱਡੀ ਕੱਪ ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਦੇ ਇਤਿਹਾਸ ਵਿਚ ਆਪਣੀ ਇਕ ਵਿਲੱਖਣ ਛਾਪ ਛੱਡ ਗਿਆ। ਸ਼ਾਇਦ ਇਹ ਪਹਿਲੀ ਵਾਰ ਸੀ ਕਿ ਸ਼ਰਧਾ ਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਇਸ ਵਿਸ਼ਵ ਕਬੱਡੀ ਕੱਪ ਨੇ ਨਾਨਕ ਨਾਮ ਲੇਵਾ ਸਮੁੱਚੀ ਸੰਗਤ ਨੂੰ ਇਹ ਵਿਸ਼ਵਾਸ ਤੇ ਯਕੀਨ ਦੁਆਇਆ ਕਿ ਸੱਚੀਂ ਮੁੱਚੀਂ ਹੀ ਚੜ੍ਹਦੀ ਕਲਾ ਦੇ ਅਰਥ ਨਾਨਕ ਨਾਮ ਨਾਲ ਹੀ ਹੁੰਦੇ ਨੇ। ਲੰਘੇ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ 15000 ਤੋਂ ਵੱਧ ਮਾਂ ਖੇਡ ਕਬੱਡੀ ਨੂੰ ਪਿਆਰ ਕਰਨ ਵਾਲੀ ਸੰਗਤ ਦਾ ਪੁੱਜਣਾ, ਸਾਰਾ ਦਿਨ ਗੁਰੂ ਕਾ ਅਤੁੱਟ ਲੰਗਰ ਵਰਤਣਾ, 9 ਘੰਟੇ ਲਗਾਤਾਰ ਪੰਜਾਬੀ ਪੁੱਤਰਾਂ ਦਾ 'ਕਬੱਡੀ ਕਬੱਡੀ' ਨਾਲ ਜ਼ੋਰ ਵਿਖਾਉਣਾ ਅਤੇ ਅਮਰੀਕਾ ਦੀ ਧਰਤੀ 'ਤੇ ਅਜਿਹਾ ਇਤਿਹਾਸ ਬਣਾਉਣਾ, ਗੁਰੂ ਬਾਬੇ ਨਾਨਕ ਦੀ ਮਿਹਰ ਨਾਲ ਹੀ ਸੰਭਵ ਹੋ ਸਕਿਆ। ਇਹ ਵਿਚਾਰ ਯੁਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ, ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਅਤੇ ਰੂਹੇ ਰਵਾਂ ਸ. ਅਮੋਲਕ ਸਿੰਘ ਗਾਖਲ ਨੇ ਆਖੇ। ਉਨ੍ਹਾਂ ਕਿਹਾ ਕਿ 'ਮੇਰਾ ਮੁਝ ਮਹਿ ਕਿਛੁ ਨਹੀ' ਦੀ ਧਾਰਨਾ ਨਾਲ ਇਸ ਕਬੱਡੀ ਕੱਪ ਨੂੰ ਪੰਜਾਬੀਆਂ, ਸਿੱਖ ਕੌਮ ਅਤੇ ਕਬੱਡੀ ਪ੍ਰੇਮੀਆਂ ਦੇ ਨਾਮ ਕੀਤਾ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨੇ ਕਬੱਡੀ ਕੱਪ ਨੂੰ ਕਾਮਯਾਬੀ ਨਾਲ ਕਰਵਾਉਣ ਲਈ ਦਿਨ ਰਾਤ ਇਕ ਹੀ ਨਹੀਂ ਕੀਤਾ, ਸਗੋਂ ਆਪਣੇ ਕਾਰੋਬਾਰੀ ਅਦਾਰੇ ਰਾਜਾ ਸਵੀਟਸ ਵਲੋਂ ਅੰਮ੍ਰਿਤਸਰੀ ਛੋਲੇ-ਭਟੂਰੇ ਅਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਲੰਗਰ ਤੇ ਗੁਰੂਘਰ ਫਰੀਮੌਂਟ ਅਤੇ ਗੁਰੂਘਰ ਸੈਨਹੋਜ਼ੇ ਵਲੋਂ ਵੀ ਸਾਰਾ ਦਿਨ ਸੰਗਤ ਦੀ ਸੇਵਾ ਵਿਚ ਲੰਗਰ ਵਰਤਾਇਆ ਗਿਆ। ਤਕਨੀਕੀ ਪ੍ਰਬੰਧਾਂ ਦੀ ਦੇਖਰੇਖ ਕਰਨ ਵਾਲੀ ਜੋੜੀ ਇਕਬਾਲ ਸਿੰਘ ਗਾਖਲ ਉੱਪ ਚੇਅਰਮੈਨ, ਕਬੱਡੀ ਦੇ ਸਾਬਕਾ ਧੁਰੰਤਰ ਤੀਰਥ ਸਿੰਘ ਗਾਖਲ ਅਤੇ ਮੱਖਣ ਸਿੰਘ ਧਾਲੀਵਾਲ ਨੇ ਬਾਖੂਬੀ ਜ਼ਿੰਮੇਵਾਰੀਆਂ ਨਿਭਾਈਆਂ। ਇਸ ਕਬੱਡੀ ਕੱਪ ਵਿਚ ਸਾਰਾ ਦਿਨ ਫਸਵੇਂ ਮੁਕਾਬਲੇ ਹੋਏ। ਚੋਟੀ ਦੇ ਖਿਡਾਰੀਆਂ ਦੇ ਜੋਸ਼ ਭਰੇ ਜਲਵੇ ਤੇ ਉਂਗਲੀਆਂ ਖੜ੍ਹੀਆਂ ਹੁੰਦੀਆਂ ਰਹੀਆਂ। ਪੱਟਾਂ 'ਤੇ ਹੱਥ ਵੱਜਦੇ ਤੇ ਦਰਸ਼ਕਾਂ ਦੀਆਂ ਤਾੜੀਆਂ ਨਾਲ ਉਤਸ਼ਾਹ ਦਾ ਮਹੌਲ ਸਿਰਜਿਆ ਜਾਂਦਾ ਰਿਹਾ। ਇਸ ਮਾਹੌਲ ਨੇ ਕਬੱਡੀ ਪ੍ਰੇਮੀਆਂ ਤੇ ਸੰਗਤ ਦੇ ਬੜੇ ਗਿਲੇ ਸ਼ਿਕਵਿਆਂ ਨੂੰ ਵੀ ਦੂਰ ਕਰ ਦਿੱਤਾ। ਪਹਿਲੀ ਵਾਰ ਸੀ ਕਿ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਦੀ ਅਗਵਾਈ 'ਚ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਲਾਹਕਾਰ ਪਲਵਿੰਦਰ ਸਿੰਘ ਗਾਖਲ, ਨੱਥਾ ਸਿੰਘ ਗਾਖਲ ਅਤੇ ਸਾਧੂ ਸਿੰਘ ਖਲੌਰ ਦੀ ਟੀਮ ਨੇ ਹਾਜ਼ਰ ਹੋਣ ਵਾਲੀਆਂ ਅਹਿਮ ਸਖਸ਼ੀਅਤਾਂ ਨੂੰ ਜੀ ਆਇਆਂ ਹੀ ਨਹੀਂ ਆਖਿਆ, ਸਗੋਂ ਸਤਿਕਾਰ ਨਾਲ ਝੋਲੀਆਂ ਵੀ ਭਰ ਦਿੱਤੀਆਂ। ਇਸ ਕਬੱਡੀ ਕੱਪ ਦੇ ਪਹਿਲੇ ਇਨਾਮ ਦੇ ਸਪਾਂਸਰ ਓਸ਼ੀਅਨ ਟਰਾਂਸਪੋਰਟ ਦੇ ਜਗਜੀਤ ਸਿੰਘ ਰੱਕੜ, ਵਾਈਟ ਹਾਕ ਦੇ ਕੁਲਜੀਤ ਸਿੰਘ ਨਿੱਝਰ, ਦੂਜੇ ਇਨਾਮ ਦੇ ਸਪਾਂਸਰ ਸਹੋਤਾ ਭਰਾ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ, ਤੀਜੇ ਇਨਾਮ ਦੇ ਸਹਿਯੋਗੀ ਜਸਵਿੰਦਰ ਬੋਪਾਰਾਏ, ਦਲਵੀਰ ਬੋਪਾਰਾਏ, ਮਾਈਕ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ ਹਾਜ਼ਰ ਰਹੇ। ਆਲ ਓਪਨ ਦਾ ਇਨਾਮ 'ਆਪਣਾ ਪੰਜਾਬ ਕਲੱਬ' ਵਲੋਂ ਕਸ਼ਮੀਰ ਸਿੰਘ ਧੁੱਗਾ ਦੀ ਅਗਵਾਈ 'ਚ ਤੱਖਰ ਪਰਿਵਾਰ ਵਲੋਂ ਸਪਾਂਸਰ ਕੀਤਾ ਗਿਆ।

- **ਕਬੱਡੀ ਪ੍ਰੇਮੀਆਂ ਲਈ ਯੂਨੀਅਨ ਸਿਟੀ 'ਚ ਐਤਵਾਰ ਦਾ ਦਿਨ ਮੁਬਾਰਕ ਚੜ੍ਹਿਆ**
- **ਲੋਗਨ ਹਾਈ ਸਕੂਲ ਦਾ ਖੇਡ ਮੈਦਾਨ ਸ਼ਾਮ ਵੇਲੇ ਸਵਿਟਰਜ਼ਲੈਂਡ ਵਰਗਾ ਲੱਗਦਾ ਸੀ**
- **ਟੈਂਟ, ਕੁਰਸੀਆਂ ਤੇ ਹੋਰ ਬੈਠਣ ਦੀ ਸਹੂਲਤ ਸਲਾਹੁਣਯੋਗ ਸੀ**
- **ਪੰਡਾਲ 'ਚ ਲੱਗੇ ਪਹਿਲੇ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵੱਡੇ-ਵੱਡੇ ਬੈਨਰ ਪ੍ਰਬੰਧਕਾਂ ਦੀ ਸ਼ਰਧਾ ਦਾ ਸੂਚਕ ਬਣੇ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਵਿਸ਼ਵ ਕਬੱਡੀ ਕੱਪ ਦੌਰਾਨ ਸਾਹਿਤ, ਧਰਮ, ਰਾਜਨੀਤੀ, ਖੇਡਾਂ ਤੇ ਸਮਾਜਿਕ ਖੇਤਰ ਦੀਆਂ ਪੰਜ ਅਹਿਮ ਸਖਸ਼ੀਅਤਾਂ ਨੂੰ ਵਿਸ਼ੇਸ਼ ਸਨਮਾਨ ਪ੍ਰਦਾਨ ਕੀਤੇ ਗਏ। ਇਹਨਾਂ ਵਿਚ ਸਹਾਇਤਾ ਸੰਸਥਾ ਦੇ ਡਾ. ਹਰਕੇਸ਼ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਸ਼ਾਮਿਲ ਸਨ। ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸ. ਨਸੀਬ ਸਿੰਘ ਦੀ ਯਾਦ ਵਿਚ ਮੇਲੇ ਦੇ ਮੀਡੀਆ ਇੰਚਾਰਜ ਅਤੇ ਜਨਰਲ ਸਕੱਤਰ ਐੱਸ.ਅਸ਼ੋਕ ਭੌਰਾ, ਸਾਬਕਾ ਖਿਡਾਰੀ ਨੇਕੀ ਸਿੱਧਵਾਂ, ਖਿਡਾਰੀ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਖੁਸ਼ੀ ਦੁੱਗਾਂ ਅਤੇ ਸੁਲਤਾਨਪੁਰ ਸ਼ਮਸਪੁਰ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਸਵੇਰੇ ਤਕਰੀਬਨ 10 ਵਜੇ ਸ਼ਰਧਾਪੂਰਵਕ ਸਰਬੱਤ ਦੇ ਭਲੇ ਲਈ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਹੈੱਡ ਗ੍ਰੰਥੀ ਵਲੋਂ ਅਰਦਾਸ ਕਰਨ ਉਪਰੰਤ ਬੀਬੀ ਭੁਪਿੰਦਰ ਕੌਰ ਦੇ ਢਾਡੀ ਜਥੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿਚ ਤਕਰੀਬਨ ਅੱਧਾ ਘੰਟਾ ਢਾਡੀ ਵਾਰਾਂ ਪੇਸ਼ ਕੀਤੀਆਂ। ਸੰਗਤ ਵਿਚ ਪ੍ਰਸ਼ਾਦਿ ਵਰਤਾਇਆ ਗਿਆ ਅਤੇ ਉਦਘਾਟਨੀ ਮੈਚ ਸੈਲਮਾ ਸਪੋਰਟਸ ਕਲੱਬ ਅਤੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੀਆਂ ਅੰਡਰ-21 ਟੀਮਾਂ ਵਿਚ ਕਰਵਾਇਆ ਗਿਆ। ਫਿਰ ਸਾਰਾ ਦਿਨ 'ਕਬੱਡੀ ਕਬੱਡੀ' ਹੀ ਨਹੀਂ ਹੁੰਦੀ ਰਹੀ ਸਗੋਂ ਭਾਰੀ ਗਿਣਤੀ ਵਿਚ ਸੰਗਤ ਨੇ ਹਰ ਮੈਚ ਨੂੰ ਸਾਹ ਰੋਕ ਕੇ ਦੇਖਿਆ। ਸ਼ਾਇਦ ਕਬੱਡੀ ਦੇ ਹੁਣ ਤੱਕ ਦੇ ਵਿਸ਼ਵ ਕੱਪਾਂ ਵਿਚ ਇਹ ਇਤਿਹਾਸਕ ਕਬੱਡੀ ਕੱਪ, ਕਬੱਡੀ ਪ੍ਰੇਮੀਆਂ ਲਈ ਰੱਜ ਕੇ ਚਾਹਤ ਅਤੇ ਖੁਸ਼ੀ ਪ੍ਰਦਾਨ ਕਰਨ ਵਾਲਾ ਰਿਹਾ ਹੈ। ਮੈਚ ਦੇ ਅੱਧ ਵਿਚਕਾਰ ਸ. ਮੇਜਰ ਸਿੰਘ ਬੈਂਸ ਨੇ ਰੀਬਨ ਕੱਟ ਕੇ ਟੂਰਨਾਮੈਂਟ ਦਾ ਰਸਮੀ ਉਦਘਟਾਨ ਕੀਤਾ ਅਤੇ ਇਸ ਮੌਕੇ ਉਨ੍ਹਾਂ ਦੇ ਨਾਲ ਸੈਨੇਟਰ ਦੀ ਚੋਣ ਲੜ ਰਹੇ ਮੈਨੀ ਗਰੇਵਾਲ, ਉਲੰਪੀਅਨ ਸੁਰਿੰਦਰ ਸੋਢੀ, ਕਨੇਡਾ ਤੋਂ ਪੁੱਜੇ ਸੇਵਾ ਸਿੰਘ ਰੰਧਾਵਾ, ਸ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਵਲੋਂ ਵੀ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ। ਅੰਡਰ-21 ਵਿਚ ਪਹਿਲਾ ਇਨਾਮ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਕਲੱਬ ਦੇ ਹਿੱਸੇ ਆਇਆ ਤੇ ਸੈਲਮਾ ਸਪੋਰਟਸ ਕਲੱਬ ਦੂਜੇ ਨੰਬਰ 'ਤੇ ਰਿਹਾ। ਆਲ ਓਪਨ ਮੁਕਾਬਲਿਆਂ ਵਿਚ ਪਹਿਲਾ ਸਥਾਨ ਬਾਬਾ ਦੀਪ ਸਿੰਘ ਯੰਗ ਸਪੋਰਟਸ ਕਲੱਬ ਅਤੇ ਦੂਜਾ ਸਥਾਨ ਯੁਨਾਈਟਡ ਸਪੋਰਟਸ ਕਲੱਬ ਨੂੰ ਮਿਲਿਆ। ਵੱਡੀਆਂ ਕਲੱਬਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊਯਾਰਕ ਤੇ ਨਾਰਥ ਅਮੈਰਿਕਾ ਕਲੱਬ ਦੀਆਂ ਟੀਮਾਂ ਦਰਮਿਆਨ ਹੋਏ ਹਰ ਮੁਕਾਬਲੇ ਦਾ ਦਰਸ਼ਕਾਂ ਨੇ ਰੱਜ ਕੇ ਲੁਤਫ ਲਿਆ। ਮਾਈਕ ਵਿਚ 'ਫੜ ਲਿਆ ਓਏ, ਭੱਜ ਗਿਆ ਓਏ, ਕਰਤੀ ਉਂਗਲ ਖੜੀ, ਜੋੜਤਾ ਪੁਆਇੰਟ' ਹੁੰਦੀ ਰਹੀ। ਦਰਸ਼ਕਾਂ ਨੂੰ ਕੁਮੈਂਟੇਟਰ ਕਹਿੰਦੇ ਰਹੇ ਕਿ 'ਜੇ ਸੁਆਦ ਆ ਗਿਆ ਤਾਂ ਖੋਲ੍ਹ ਦਿਓ ਤਾੜੀਆਂ ਦੇ ਬੰਨ੍ਹ'। ਜਦ ਫਾਈਨਲ ਮੈਚ ਬੇਏਰੀਆ ਸਪੋਰਟਸ ਅਤੇ ਮੈਟਰੋ ਸਪੋਰਟਸ ਕਲੱਬ ਦਰਮਿਆਨ ਹੋਇਆ ਤਦ ਇਹ ਟੂਰਨਾਮੈਂਟ ਦੀ ਸਿਖਰ ਸੀ। ਸ਼ਾਇਦ ਪੰਦਰਾਂ ਹਜ਼ਾਰ ਤੋਂ ਵੱਧ ਦਰਸ਼ਕਾਂ ਦਾ ਇਕੱਠ ਸਾਹ ਵੀ ਉੱਚੀ ਨਹੀਂ ਸੀ ਲੈ ਰਿਹਾ ਅਤੇ ਆਖਰੀ ਪਲ ਤੱਕ ਇਹ ਨਹੀਂ ਸੀ ਪਤਾ ਕਿ ਕੌਣ ਜਿੱਤੇਗਾ। ਆਖਰ ਬੇਏਰੀਆ ਸਪੋਰਟਸ ਕਲੱਬ ਨੇ 45-51 ਅੰਕਾਂ ਨਾਲ ਬਲਜੀਤ ਸੰਧੂ ਦੀ ਅਗਵਾਈ 'ਚ ਆਪਣੀਆਂ ਲਗਾਤਾਰ ਰਵਾਇਤੀ ਜਿੱਤਾਂ ਨੂੰ ਬਰਕਰਾਰ ਰੱਖਦਿਆਂ ਚੌਥੀ ਵਾਰ ਯੁਨਾਈਟਡ ਸਪੋਰਟਸ ਕਲੱਬ ਦਾ ਕੱਪ ਵੀ ਜਿੱਤ ਲਿਆ।

ਕਈਆਂ ਨੂੰ ਇਹ ਗੱਲ ਪੱਖਪਾਤੀ ਲੱਗੇਗੀ, ਕਈਆਂ ਨੂੰ ਚੰਗੀ ਲੱਗੇਗੀ, ਕਈਆਂ ਨੂੰ ਚੁਭੇਗੀ ਤੇ ਜਿਹੜੇ ਕੰਮ ਕਰਨ ਤੇ ਕੰਮ ਦਾ ਪੱਧਰ ਬਣਾਉਣ ਦਾ ਵਿਸ਼ਵਾਸ ਰੱਖਦੇ ਹਨ, ਉਹ ਇਹ ਗੱਲ ਬਾਂਹ ਖੜੀ ਕਰਕੇ ਜ਼ਰੂਰ ਕਹਿਣਗੇ ਕਿ ਵਸਦੇ ਰਹੋ ਗਾਖਲ ਭਰਾਵੋ ਤੇ ਅਮੋਲਕ ਸਿੰਘ ਗਾਖਲ ਜ਼ਿੰਦਾਬਾਦ। ਕਿਉਂਕਿ ਹਰ ਨਿੱਕੇ ਤੋਂ ਨਿੱਕੇ ਪ੍ਰਬੰਧ ਨੂੰ ਆਪਣੀਆਂ ਸੂਖਮ ਨਜ਼ਰਾਂ ਵਿਚੋਂ ਲੰਘਾਉਣਾ, ਹਰ ਇਕ ਨੂੰ ਖੁਸ਼ ਕਰਨ ਦਾ ਯਤਨ ਕਰਨਾ, 'ਜੋ ਆਵੇ ਸੋ ਰਾਜੀ ਜਾਵੇ' ਦਾ ਸਿਧਾਂਤ ਅਪਣਾਉਣਾ, ਜੋ ਕਹਿਣਾ ਉਹ ਕਰਨਾ ਤੇ ਟੇਢੇ ਰਾਹਾਂ 'ਤੇ ਸਿੱਧਾ ਤੁਰ ਕੇ ਦਿਖਾਉਣਾ, ਸਿਰਫ ਅਮੋਲਕ ਸਿੰਘ ਗਾਖਲ ਨੂੰ ਹੀ ਆਉਂਦਾ ਹੈ। ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ ਤੇ ਕਬੱਡੀ ਕੱਪ ਦੇ ਰੱਥਵਾਨ ਅਮੋਲਕ ਸਿੰਘ ਗਾਖਲ ਦੀਆਂ ਅੱਖਾਂ 'ਚ ਜਜ਼ਬਾਤੀ ਅੱਥਰੂ ਕਬੱਡੀ ਕੱਪ ਦੀ ਸਫਲਤਾ ਦੇ ਚਮਕਦੇ ਸਿਗਨਲ ਸਨ। ਯੂਨਾਈਟਡ ਸਪੋਰਟਸ ਕਲੱਬ ਦੇ ਦੇਬੀ ਸੋਹਲ, ਇੰਦਰਜੀਤ ਥਿੰਦ, ਬਖਤਾਵਰ ਸਿੰਘ ਗਾਖਲ, ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਵਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲੱਧੜ, ਅਮਨਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ, ਕਾਲਾ ਗਾਖਲ ਤੇ ਗੁਰਨਾਮ ਸਿੰਘ ਨੇ ਕਬੱਡੀ ਕੱਪ ਦੀ ਸਫਲਤਾ 'ਚ ਵਡਮੁੱਲਾ ਯੋਗਦਾਨ ਪਾਇਆ। ਹੜ੍ਹ ਪੀੜਤਾਂ ਅਤੇ ਕਰਜ਼ੇ ਦੇ ਭਾਰ ਨਾਲ ਆਤਮ-ਹੱਤਿਆਵਾਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਲਈ ਸਹਾਇਤਾ ਸੰਸਥਾ ਵਲੋਂ ਡਾ. ਹਰਕੇਸ਼ ਸੰਧੂ ਅਤੇ ਸਰੂਪ ਝੱਜ ਦੀ ਅਗਵਾਈ 'ਚ ਲਗਾਏ ਬੂਥ 'ਤੇ ਸੰਗਤ ਨੇ ਵੱਡੀ ਮਾਲੀ ਮਦਦ ਦਿੱਤੀ।

## ਕੁਝ ਗੱਲਾਂ ਨੁਕਤਿਆਂ 'ਚ ਕਰਦੇ ਹਾਂ

- ਕਬੱਡੀ ਕੱਪ ਨੂੰ ਵੱਡੀ ਵਿੱਤੀ ਮਦਦ ਦੇਣ ਵਾਲੇ ਇੰਦਰ ਦੁਸਾਂਝ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।
- ਡਾਇਮੰਡ ਸਪਾਂਸਰ ਸ. ਮਹਿੰਗਾ ਸਿੰਘ ਸਰਾਏ ਦਾ ਪਰਿਵਾਰ ਸਾਰਾ ਦਿਨ ਹਾਜ਼ਰ ਰਿਹਾ।
- ਕਬੱਡੀ ਦੇ ਸਾਬਕ ਖਿਡਾਰੀ ਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦੇ ਪਿਤਾ ਸ. ਮੇਜਰ ਸਿੰਘ ਬੈਂਸ ਵੀਲ੍ਹ ਚੇਅਰ 'ਤੇ ਸਾਰਾ ਦਿਨ ਕਬੱਡੀ ਕੱਪ 'ਚ ਮਾਣ ਸਨਮਾਨ ਅਤੇ ਅਸ਼ੀਰਵਾਦ ਦਿੰਦੇ ਰਹੇ।
- ਇਕ ਦਰਜਨ ਦੇ ਕਰੀਬ ਸਟਿੱਲ ਕੈਮਰੇ, ਤਸਵੀਰਾਂ ਖਿੱਚਦੇ ਰਹੇ।
- ਅੱਧੀ ਦਰਜਨ ਦੇ ਕਰੀਬ ਚੈਨਲਾਂ ਨੇ ਹਰ ਪਲ ਕੈਮਰੇ 'ਚ ਕੈਦ ਕੀਤਾ, ਜਸ ਪੰਜਾਬੀ, ਪੀ.ਟੀ.ਸੀ, ਗਰਵ ਪੰਜਾਬ ਇਸ ਕਬੱਡੀ ਕੱਪ ਨੂੰ ਘਰ ਬੈਠੇ ਦਰਸ਼ਕਾਂ ਤੱਕ ਲੈ ਕੇ ਜਾਂਦੇ ਰਹੇ।
- ਵੇਰਕਾ ਵਾਲਿਆਂ ਨੇ ਏਨੀ ਲੱਸੀ ਲੰਗਰ 'ਚ ਵਰਤਾਈ ਕਿ ਸ਼ਾਇਦ ਪੰਜਾਬ ਦੇ ਦਸ ਪਿੰਡਾਂ ਵਿਚੋਂ ਵੀ ਏਨੀ ਲੱਸੀ ਇਕੱਠੀ ਕਰਨੀ ਔਖੀ ਹੋਵੇ।
- ਲੰਗਰ ਦੇ ਪ੍ਰਬੰਧ ਦੇਖੋ, ਪੂਰੀਆਂ-ਛੋਲੇ, ਜਲੇਬੀਆਂ, ਲੰਗਰ ਦੀ ਦਾਲ, ਫੁਲਕੇ, ਪਾਣੀ ਏਨੀ ਸੇਵਾ ਭਾਵਨਾ ਅਤੇ ਸ਼ਰਧਾ ਨਾਲ ਵਰਤਾਇਆ ਗਿਆ ਕਿ ਗੱਲ ਕਹਿਣ ਦੀ ਹੀ ਨਹੀਂ ਰਹੀ।
- ਗੁਰੂ ਨਾਨਕ ਜੀ ਦੇ ਨਾਂ 'ਤੇ ਹੋਏ ਕਬੱਡੀ ਕੱਪ 'ਚ ਨਸ਼ਿਆਂ ਦੇ ਸੇਵਨ ਦੀ ਸਖਤ ਮਨਾਹੀ ਰਹੀ।
- ਸਥਾਨਕ ਪ੍ਰਸ਼ਾਸ਼ਨ ਨੇ ਵੀ ਭਰਵੀਂ ਹਾਜ਼ਰੀ ਲਗਵਾਈ।
- ਫਰੀਮੌਂਟ ਦੀ ਮੇਅਰ ਲਿਲੀ ਮੀਅ, ਡਿਪਟੀ ਮੇਅਰ ਰਾਜ ਸਲਵਾਨ, ਫਰੀਮੌਂਟ ਦੀ ਕੌਂਸਲ ਵੋਮੈਨ ਟੈਰੇਸਾ ਕੈਂਗ, ਯੂਨੀਅਨ ਸਿਟੀ ਦੇ ਡਿਪਟੀ ਮੇਅਰ ਗੈਰੀ ਸਿੰਘ, ਸਿਟੀ ਮੈਨੇਜਰ ਯੁਆਂਗ ਮੈਲੋਏ, ਕੌਂਸਲਮੈਨ ਕੈਟ ਦਕਾਉਸ, ਯੂਨੀਅਨ ਸਕੂਲ ਬੋਰਡ ਦੀ ਪ੍ਰਧਾਨ ਸ਼ੈਰਨ ਕੌਰ, ਸਰਬਜੀਤ ਚੀਮਾ ਅਤੇ ਯੂਨੀਅਨ ਸਿਟੀ ਦੇ ਪੁਲਿਸ ਚੀਫ ਜੈਰਡ ਰੂਨਾਂਤੀ ਸਾਰਾ ਦਿਨ ਪੰਜਾਬੀਆਂ ਦੀ ਕਬੱਡੀ ਦੇਖਦੇ ਰਹੇ ਤੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਪੰਜਾਬੀਆਂ ਦੀ ਪਹਿਚਾਣ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ।
- ਸਟੇਜ ਸੰਚਾਲਨ ਆਸ਼ਾ ਸ਼ਰਮਾ ਤੇ ਐੱਸ.ਅਸ਼ੋਕ ਭੌਰਾ ਕੋਲ ਰਿਹਾ। ਸ਼ਾਇਦ ਇਹ ਵੀ ਇਕ ਇਤਿਹਾਸ ਸੀ ਕਿ ਮੱਖਣ ਅਲੀ, ਕਾਲਾ ਰਛੀਨ ਤੇ ਪਿਰਤਾ ਚੀਮਾ ਨੇ ਏਸ਼ੀਅਨ ਅਤੇ ਉਲੰਪਿਕ ਖੇਡਾਂ ਵਰਗੀ ਕੁਮੈਂਟਰੀ ਕੀਤੀ। ਰੇਡਰਾਂ ਤੇ ਸਟਾਪਰਾਂ ਦੇ ਕ੍ਰਿਸ਼ਮਿਆ ਨੂੰ ਸਾਹਿਤਕ ਤੇ ਸੰਗੀਤਕ ਸ਼ੈਲੀ 'ਚ ਪੇਸ਼ ਕਰਕੇ ਕਬੱਡੀ ਕੱਪ ਨੂੰ ਨਵਾਂ ਰੰਗ ਦਿੱਤਾ।
- ਨਿਊਯਾਰਕ ਤੋਂ ਸਬਜ਼ੀ ਮੰਡੀ ਵਾਲਾ ਜਗੀਰ ਸਿੰਘ ਆਇਆ, ਯੂਬਾ ਸਿਟੀ ਤੋਂ ਭਜਨ ਸਿੰਘ ਥਿਆੜਾ ਤੇ ਕੁਲਦੀਪ ਸਿੰਘ ਸਹੋਤਾ, ਕਬੱਡੀ ਕੱਪਾਂ ਦਾ ਪੁਰਾਣਾ ਧੁਰੰਤਰ ਪੰਮਾ ਦਿਓਲ, ਸ਼ਿਕਾਗੋ ਤੋਂ ਹੈਪੀ ਹੀਰ, ਡਾਕਟਰ ਖਹਿਰਾ ਤੇ ਉਹਨਾਂ ਦੀ ਟੀਮ, ਨਿਊਯਾਰਕ ਤੋਂ ਮੱਖਣ ਸੰਧੂ, ਕਾਬਲ ਸਿੰਘ ਤੇ ਤਾਰੀ ਸੰਮੀਪੁਰੀਆ, ਮੀਡੀਆ 'ਚ ਗਰਵ ਪੰਜਾਬ ਤੋਂ ਜਗਦੇਵ ਭੰਡਾਲ, ਜਸ ਪੰਜਾਬੀ ਤੋਂ ਸੀ.ਈ.ਓ ਪੈਨੀ ਸੰਧੂ, ਜਗਤਾਰ ਜੱਗੀ, ਪੀ.ਟੀ.ਸੀ ਤੋਂ ਸੰਜੀਵ ਕੁਮਾਰ, ਸਾਡੇ ਲੋਕ ਤੋਂ ਸਤਨਾਮ ਸਿੰਘ ਖਾਲਸਾ, ਰੇਡੀਓ ਮਿਰਚੀ ਤੇ ਕਾਫਲਾ ਤੋਂ ਐੱਸ.ਪੀ. ਸਿੰਘ, ਦੇਸ਼ ਦੁਆਬਾ ਤੋਂ ਪ੍ਰੇਮ ਚੁੰਬਰ, ਪੰਜਾਬ ਮੇਲ ਤੋਂ ਗੁਰਜਤਿੰਦਰ ਰੰਧਾਵਾ, ਪ੍ਰਦੇਸ ਟਾਈਮਜ਼ ਤੋਂ ਬਲਵੀਰ ਸਿੰਘ ਐੱਮ.ਏ ਹਾਜ਼ਰ ਰਹੇ। ਇੰਡੋ ਕੈਨੇਡੀਅਨ ਤੋਂ ਕੌਮਾਂਤਰੀ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ ਨੇ ਆਪਣੇ ਪੰਜ-ਪੰਜ ਕਿਲੋ ਦੇ ਕੈਮਰਿਆਂ ਨਾਲ ਕਬੱਡੀ ਕੱਪ ਦੇ ਹਰ ਮਹੱਤਵਪੂਰਨ ਦ੍ਰਿਸ਼ਾਂ ਨੂੰ ਕੈਦ ਕੀਤਾ।
- ਵੇਖੋ ਪਾਲੇ ਜਲਾਲਪੁਰੀਆ ਨੇ ਕਮਾਲਾਂ ਕੀਤੀਆਂ, ਸੁਲਤਾਨ ਫੜਿਆ ਨਹੀਂ ਗਿਆ, ਮੈਕਸੀਨ ਭਰਾ ਜੈਰੋ ਤੇ ਐਰੋ ਪਾਲੇ ਨੇ ਪੂਰੀ ਤਰ੍ਹਾਂ ਚੱਲਣ ਨਹੀਂ ਦਿੱਤੇ, ਸੁਲਤਾਨ ਤੇ ਦੁੱਲਾ ਆਪਣੇ ਨਾਵਾਂ ਦੀ ਪੂਰੀ ਲੱਜ ਵਿਖਾ ਗਏ, ਚੀਮਿਆ ਵਾਲਾ ਲੱਖਾ...ਤਾਸ਼ਪੁਰੀਆ ਬਚਿੱਤਰ, ਬੇਨੜੇ ਤੋਂ ਨਿੰਦੀ, ਸੁਰਖਪੁਰੀਆ ਯਾਦਾ, ਮੀਆਂਵਿੰਡ ਦਾ ਕਾਲਾ, ਜੰਡੀ ਦਾ ਭੋਲਾ, ਧਨੋਏ ਵਾਲਾ ਭੂਰਾ ਅਤੇ ਰਾਜੂ ਜਦੋਂ ਕਬੱਡੀ 'ਚ ਕਮਾਲਾਂ ਕਰਦੇ ਰਹੇ ਤਾਂ ਮਾਈਕ ਤੋਂ ਚਟਕਾਰੀਆਂ ਲੱਗਦੀਆਂ ਰਹੀਆਂ 'ਚਿੱਟੀਆਂ ਕਪਾਹ ਦੀਆਂ ਫੁੱਟੀਆਂ ਹਾਏ ਨੀ ਪਤ ਹਰੇ ਹਰੇ'।
- ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਵਿਸ਼ਵਾਸ ਰੱਖਦੇ ਨੇ ਕਿ ਗਲਾਸ ਭਰਿਆ ਹੀ ਦਿਖਣਾ ਚਾਹੀਦਾ ਹੈ, ਊਣਾ ਨਹੀਂ। ਉਹ ਕਬੱਡੀ ਨੂੰ ਬੰਦ ਨਹੀਂ ਕਰਨਗੇ, ਕਬੱਡੀ ਨੂੰ ਸ਼ਿੰਗਾਰਨਗੇ, ਗਿਲੇ ਸ਼ਿਕਵੇ ਦੂਰ ਕਰਨਗੇ ਅਤੇ ਇਸ ਵਾਰ ਆਪਣੇ ਮਹਾਨ ਸਪਾਂਸਰਾਂ ਦੀ ਮਦਦ ਨਾਲ ਉਨ੍ਹਾਂ ਨੇ ਦਾਅਵੇ ਤੇ ਵਾਅਦੇ ਮੁਤਾਬਿਕ ਸਿਹਤਮੰਦ ਕਬੱਡੀ, ਡਰੱਗ ਮੁਕਤ ਕਬੱਡੀ ਵਿਖਾ ਕੇ ਦਰਸ਼ਕਾਂ ਨੂੰ ਇਹ ਚੇਤਾ ਹੀ ਭੁਲਾ ਦਿੱਤਾ ਕਿ ਕਬੱਡੀ 'ਤੇ ਵੀ ਕੋਈ ਗਿਲਾ ਸ਼ਿਕਵਾ ਹੁੰਦਾ ਸੀ। ਭਵਿੱਖ 'ਚ ਸ਼ਾਇਦ ਏਡੀ ਵੱਡੀ ਸਫਲਤਾ ਵਾਲਾ ਵਿਸ਼ਵ ਕੱਪ ਕਰਵਾਉਣਾ ਕਿਸੇ ਲਈ ਤਾਂ ਕੀ, ਇਹਨਾਂ ਪ੍ਰਬੰਧਕਾਂ ਲਈ ਹੀ ਔਖਾ ਹੋਵੇਗਾ।


ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ
ਗੁਰਮਤਿ ਸਮਾਗਮ
Sikh Religious Society
Palatine il 60067
23, 24 sept. 2019
7 to 8:15 pm
ਸਿੱਖੀ ਲਹਿਰ TV
25 sept. 2019
7 to 8:30 pm
ਭਾਈ ਸਰਬਜੀਤ ਸਿੰਘ ਧੂੰਦਾ
tv
Available on the App Store
GET IT ON Google Play
www.sikhilehar.com www.sikhilehartv.com www.ssdhunda.com
C 847-358-1117, President 847-989-5723, Stage Sec. 847-852-6912


AJ GRAPHIC
GRAPHIC DESIGN SERVICES
Logo Design
Brochure Design
Flyer design
Press Advt
Stationary Design
Marketing Material
Business Card Design
Poster
ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ
ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ
ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ
Amarjeet Lamber
Please Contoct Whatapp Number
94653-45635


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇਂਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

26 ਸਤੰਬਰ ਨੂੰ ਸ਼ਤਾਬਦੀ ਦਿਵਸ 'ਤੇ ਵਿਸ਼ੇਸ਼

# .ਗਦਰ ਲਹਿਰ ਵਿੱਚ ਕਾਮਾਗਾਟਾਮਾਰੂ ਦੇ ਇਤਿਹਾਸਕ ਸਾਕੇ ਦੀ ਮਹੱਤਤਾ

**ਜਸਦੇਵ ਸਿੰਘ ਲਲਤੋਂ**



ਕਾਮਾਗਾਟਾਮਾਰੂ ਦੀ ਘਟਨਾ, ਭਾਰਤੀਆਂ ਦੀ ਕੈਨੇਡਾ ਅੰਦਰ ਦਾਖ਼ਲੇ ਦੀ ਲੜਾਈ ਦਾ ਇਕ ਮਹਾਨ ਇਤਿਹਾਸਕ ਸਾਕਾ ਹੈ। ਕਾਮਾਗਾਟਾਮਾਰੂ ਜਹਾਜ਼ ਗਦਰ ਪਾਰਟੀ ਦਾ ਉਦਮ ਨਹੀਂ ਸੀ ਤੇ ਨਾ ਹੀ ਇਸ ਨਾਲ ਕੋਈ ਸਿੱਧਾ ਸਬੰਧ ਸੀ। ਇਹ ਵਪਾਰਕ ਲੀਹਾਂ 'ਤੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਪਟੇਦਾਰੀ ਹੇਠ ਹਿੰਦ ਵਾਸੀਆਂ-ਖਾਸ ਕਰਕੇ ਪੰਜਾਬੀਆਂ ਦੀ ਉਚ ਵਿਦਿਆ, ਰੋਟੀ-ਰੋਜ਼ੀ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ ਕੈਨੇਡਾ ਜਾਣ ਦੀ ਪ੍ਰਬਲ ਤਾਂਘ ਦੀ ਉਪਜ ਸੀ। ਪ੍ਰੰਤੂ ਬਰਤਾਨਵੀ ਸਾਮਰਾਜਵਾਦ ਦੀ ਸੰਗੀ ਕੈਨੇਡਾ ਸਰਕਾਰ ਨੇ, ਜੋ ਗੈਰ-ਮਨੁੱਖੀ ਤੇ ਜ਼ਾਲਮਾਨਾ ਸਲੂਕ ਕਾਮਾਗਾਟਾਮਾਰੂ ਦੇ ਮੁਸਾਫਰਾਂ ਨਾਲ ਕੀਤਾ, ਜਿੰਨੀ ਅਣਖ਼ ਤੇ ਬਹਾਦਰੀ ਨਾਲ ਗੋਰੀ ਹਕੂਮਤ ਦਾ ਟਾਕਰਾ ਕੀਤਾ ਅਤੇ ਜਿਵੇਂ .ਗਦਰ ਪਾਰਟੀ ਤੇ ਇਸ ਦੇ ਅਖਬਾਰ .ਗਦਰ ਨੇ ਹਿੰਦ, ਕੈਨੇਡਾ ਸਮੇਤ ਵੱਖ-ਵੱਖ ਦੇਸ਼ਾਂ 'ਚ ਇਨ੍ਹਾਂ ਦੇ ਪੱਖ 'ਚ ਪ੍ਰਚਾਰ, ਲਾਮਬੰਦੀ ਤੇ ਠੋਸ ਮੱਦਦ ਦੀ ਮਸਾਲੀ ਮੁਹਿੰਮ ਚਲਾਈ ਅਤੇ ਨਿੱਗਰ ਅਗਵਾਈ ਦਿੱਤੀ ਤਾਂ ਹੀ ਇਹ ਸਾਕਾ .ਗਦਰ ਪਾਰਟੀ ਦੇ ਇਤਿਹਾਸ ਦਾ ਸੁਨਹਿਰੀ ਕਾਂਡ ਹੋ ਨਿੱਬੜਿਆ।

ਕੈਨੇਡਾ ਸਰਕਾਰ ਨੇ 920 ਨੰਬਰ ਹੁਕਮ ਰਾਹੀਂ ਸਿੱਧੇ ਸਫ਼ਰ ਦੀ ਸ਼ਰਤ ਲਾ ਕੇ ਭਾਰਤੀਆਂ ਦਾ ਕੈਨੇਡਾ ਵਿੱਚ ਦਾਖਲਾ ਅਸੰਭਵ ਬਣਾ ਦਿੱਤਾ। ਹਾਂਗਕਾਂਗ ਵਿਚ ਇਕੱਤਰ ਹੋਏ ਬਹੁਤੇ ਪੰਜਾਬੀਆਂ ਸਮੇਤ ਭਾਰਤੀਆਂ ਨੇ ਫੈਸਲਾ ਕਰਕੇ ਭਾਈ ਗੁਰਦਿੱਤ ਸਿੰਘ ਸਰਹਾਲੀ ਦੀ ਪਟੇਦਾਰੀ ਹੇਠ ਇਕ ਜਾਪਾਨੀ ਕੰਪਨੀ-'ਸ਼ੀਨੇਈ ਕਿਸ਼ੇਨ ਗੋਸ਼ੀ ਕਾਈਸ਼ਾ' ਪਾਸੋਂ 11,000 ਡਾਲਰ ਪ੍ਰਤੀ ਮਹੀਨਾ ਦੀ ਦਰ ਨਾਲ 6 ਮਹੀਨੇ ਲਈ ਪਟੇ 'ਤੇ ਲੈ ਕੇ ਕੈਨੇਡਾ ਨੂੰ ਤੋਰਨ ਦੀ ਵਿਉਂਤ ਬਣਾਈ। ਕੋਇਲੇ 'ਤੇ ਸਫ਼ਾਈ ਦਾ ਖਰਚਾ ਵੱਖਰਾ ਦੇਣਾ ਸੀ। ਭਾਵ ਜਾਪਾਨੀ ਕੰਪਨੀ ਨੇ ਬੁਰੀ ਤਰ੍ਹਾਂ ਛਿੱਲ ਲਾਹੀ।

25 ਮਾਰਚ 1914 ਨੂੰ ਹਾਂਗਕਾਂਗ ਦੀ ਗੋਰੀ ਹਕੂਮਤ ਨੇ ਭਾਈ ਗੁਰਦਿੱਤ ਸਿੰਘ 'ਤੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਲੇਕਿਨ ਹਾਂਗਕਾਂਗ 'ਚ ਹੋਏ ਰੋਸ-ਐਕਸ਼ਨਾਂ ਦੇ ਦਬਾਅ ਹੇਠ 28 ਮਾਰਚ ਨੂੰ ਕੇਸ ਵਾਪਸ ਲੈਣਾ ਪਿਆ। ਫਿਰ ਰਿਹਾਈ ਹੋਈ 4 ਅਪਰੈਲ ਨੂੰ 165 ਮੁਸਾਫਰ ਹਾਂਗਕਾਂਗ ਤੋਂ ਸਵਾਰ ਹੋਏ। ਰਸਤੇ 'ਚੋਂ ਸ਼ੰਘਾਈ ਤੋਂ 111, ਮੋਜੀ (ਜਾਪਾਨ) ਤੋਂ 86, ਯੋਕੋਹਾਮਾ (ਜਾਪਾਨ) ਤੋਂ 14 ਚੜ੍ਹੇ। ਇਸ ਤਰ੍ਹਾਂ ਕੁੱਲ ਗਿਣਤੀ 376 ਹੋ ਗਈ। ਜਾਪਾਨੀ ਕੰਪਨੀ ਨੇ ਮਜਬੂਰੀ ਦਾ ਲਾਹਾ ਲੈਂਦਿਆਂ ਪਹਿਲੀ ਕਿਸ਼ਤ 11,000 ਡਾਲਰ ਪਟਾ ਲਿਖਦੇ ਸਾਰ, ਦੂਜੀ 11,000 ਡਾਲਰ ਇਕ ਹਫਤੇ ਬਾਅਦ ਵਸੂਲੀ। ਤੀਜੀ ਕਿਸ਼ਤ 22,000 ਡਾਲਰ ਲਈ ਪੈਸੇ ਮੁੱਕ ਗਏ। ਨਵੇਂ ਮੁਸਾਫਰਾਂ ਤੋਂ ਮੋਜੀ ਵਿਖੇ ਮਿਲੇ ਪੈਸਿਆਂ ਤੋਂ ਇਲਾਵਾ ਭਾਈ ਬਲਵੰਤ ਸਿੰਘ ਖ਼ੁਰਦਪੁਰ (ਬਾਅਦ ਵਿਚ ਕੈਨੇਡਾ ਦੀ .ਗਦਰ ਲਹਿਰ ਦੇ ਸ਼ਹੀਦ) ਨੇ ਬਾਕੀ ਸਾਰੀ ਰਕਮ ਅਦਾ ਕਰਕੇ ਵੱਡਾ ਮੋਢਾ ਲਾਇਆ ਤੇ ਆਪ ਕੋਬੀ ਤੋਂ ਵੱਖਰੇ ਜਹਾਜ਼ ਰਾਹੀਂ ਮੂਹਰੇ ਕੈਨੇਡਾ ਪਹੁੰਚ ਗਏ। ਕਾਮਾਗਾਟਾਮਾਰੂ 21 ਮਈ ਨੂੰ ਵਿਕਟੋਰੀਆ ਦੀ ਕੁਰਾਟੀਨ ਵਿੱਚ ਜਾ ਪਿਆ ਤੇ 23 ਮਈ ਨੂੰ ਵੈਨਕੂਵਰ ਨੇੜੇ ਪੁੱਜ ਗਿਆ। ਪ੍ਰੰਤੂ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦਿੱਤਾ ਤੇ ਦੂਰ ਹੀ ਸਮੁੰਦਰ ਵਿੱਚ ਰੋਕ ਦਿੱਤਾ ਗਿਆ, ਕਿਉਂਕਿ 17 ਅਪਰੈਲ ਨੂੰ ਘਰੋਗੀ ਵਜ਼ੀਰ ਰੋਚੇ ਨੇ ਕੈਨੇਡਾ ਪਾਰਲੀਮੈਂਟ ਨੂੰ ਦੱਸ ਦਿੱਤਾ, "ਘਾਟਾਂ ਦੇ ਮਹਿਕਮੇ ਦੇ ਅਫ਼ਸਰਾਂ ਨੂੰ ਕਿਹਾ ਗਿਆ ਕਿ ਜੇ ਹਿੰਦੀ ਨਵੇਂ ਰੂਲਾਂ ਨੂੰ ਉਲੰਘ ਕੇ ਆਉਣ ਤਾਂ ਉਨ੍ਹਾਂ ਨੂੰ ਨਾ ਉਤਰਨ ਦਿੱਤਾ ਜਾਵੇ। ਕੈਨੇਡਾ ਸਰਕਾਰ ਦਾ ਕਾਮਾਗਾਟਾਮਾਰੂ ਪ੍ਰਤੀ ਰਵੱਈਆ, ਸਮੁੱਚੇ ਅੰਗਰੇਜ਼ ਸਾਮਰਾਜ ਦਾ ਰਵੱਈਆ ਹੀ ਸੀ। ਕੈਨੇਡਾ ਦੀ ਭੂਸਰੀ ਹੋਈ ਸਾਮਰਾਜੀ ਸੋਚ ਦਾ ਪਤਾ 'ਬਰਿਟੈਨਿਕ ਰੀਵਿਊ' ਸਾਮਰਾਜੀ ਅਖ਼ਬਾਰ ਦੇ ਲਿਖੇ ਲੇਖ ਤੋਂ ਲਗਦਾ ਹੈ- "ਇਹ ਮਜ਼ਦੂਰੀ ਦਾ ਸਵਾਲ ਨਹੀਂ, ਇਹ ਨਸਲ ਦਾ ਸਵਾਲ ਨਹੀਂ, ਇਹ ਕੌਮੀ ਪ੍ਰਧਾਨਤਾ ਦਾ ਸਵਾਲ ਹੈ, ਸਾਡੀ ਕੌਮੀ ਹਸਤੀ ਦਾ ਸਵਾਲ ਹੈ। -ਕੈਨੇਡਾ 'ਚ ਆ ਕੇ ਵਸਣ ਦੀ ਕੌਣ ਆਗਿਆ ਦੇਵੇ, ਹਿੰਦੀ ਲੋਕ ਜਾਂ ਕੈਨੇਡਾ?" ਅਸਲ 'ਚ 31 ਮਾਰਚ 1914 ਤੋਂ ਹੀ ਨਾ-ਦਾਖਲੇ ਦੇ ਹੁਕਮ ਨੰਬਰ 920 ਬਾਕਾਇਦਾ ਲਾਗੂ ਕਰ ਦਿੱਤਾ ਗਿਆ ਸੀ।

ਵੈਨਕੂਵਰ ਵਿੱਚ ਮੋਰਚਾਬੰਦੀ ਤੇ ਦੇਸ਼-ਪ੍ਰਦੇਸ਼ 'ਚ ਰੋਸ-ਲਹਿਰ ਮੁਸਾਫਰਾਂ ਲਈ ਰਾਸ਼ਨ-ਪਾਣੀ ਤੇ ਕਿਰਾਏ ਭਾੜੇ ਦੀ ਫੌਰੀ ਸਹਾਇਤਾ ਕਰਨ, ਜਹਾਜ਼ ਨੂੰ ਕੰਢੇ ਲਾਉਣ ਤੇ ਮੁਸਾਫਰਾਂ ਨੂੰ ਕੈਨੇਡਾ ਵਿੱਚ ਦਾਖ਼ਲਾ ਦਿਵਾਉਣ ਲਈ 31 ਮਈ ਐਤਵਾਰ ਨੂੰ ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਦੀ ਰਹਿਨੁਮਾਈ ਹੇਠ 700 ਹਿੰਦੀਆਂ ਦਾ ਵੱਡਾ ਇਕੱਠ ਗੁਰਦੁਆਰਾ ਵੈਨਕੂਵਰ ਵਿਖੇ ਹੋਇਆ। ਭਾਈ ਗੁਰੂ ਬਲਵੰਤ ਸਿੰਘ ਤੇ ਹਸਨ ਰਹੀਮ ਦੀ ਅਪੀਲ 'ਤੇ ਮੌਕੇ ਤੇ ਹੀ 60,000 ਡਾਲਰ ਇਕੱਠੇ ਹੋਏ। 15 ਮੈਂਬਰੀ ਕਾਮਾਗਾਟਾਮਾਰੂ ਸਹਾਇਕ ਕਮੇਟੀ ਬਣਾਈ ਗਈ। ਪਟਿਆਲਾ ਤੇ ਨਾਭਾ ਦੇ ਰਾਜਿਆਂ ਤੇ ਸਰਬ ਹਿੰਦ ਕਾਂਗਰਸ ਕਮੇਟੀ ਨੂੰ ਤਾਰਾਂ ਦਿੱਤੀਆਂ ਗਈਆਂ ਕਿ ਉਹ ਹਿੰਦ ਸਰਕਾਰ 'ਤੇ ਦਬਾਅ ਪਾ ਕੇ ਮਸਲਾ ਹੱਲ ਕਰਵਾਉਣ ਅਤੇ ਜਹਾਜ਼ ਦਾ ਪਟਾ ਕੈਨੇਡਾ ਵਾਸੀਆਂ-ਭਾਈ ਭਾਗ ਸਿੰਘ ਭਿੱਖੀਵਿੰਡ ਤੇ ਹਸਨ ਰਹੀਮ ਦੇ ਨਾਮ ਕਰਵਾ ਕੇ (ਭਾਈ ਗੁਰਦਿੱਤ ਸਿੰਘ ਦੀ ਥਾਂ) 22,000 ਡਾਲਰ ਦੀ ਕਿਸ਼ਤ ਤਾਰੀ ਗਈ 20 ਜੂਨ ਨੂੰ ਰਾਸ਼ਨ-ਪਾਣੀ ਦੀ ਰੋਕ ਖਤਮ ਕਰਵਾਉਣ ਪਿੱਛੋਂ, ਇਸ ਕਮੇਟੀ ਦੀ ਅਗਵਾਈ ਹੇਠ ਸਪਲਾਈ ਸ਼ੁਰੂ ਹੋਈ। ਮੁਸਾਫਰਾਂ ਸਬੰਧੀ ਗੈਰ- ਮਨੁੱਖੀ ਤੇ ਜ਼ਾਲਮਾਨਾ ਸਲੂਕ ਦੇ ਸਿੱਟੇ ਵਜੋਂ ਕੈਨੇਡਾ ਤੇ ਅਮਰੀਕਾ ਦੇ ਹਿੰਦੀਆਂ 'ਚ ਬੜੇ ਰੋਸ ਤੇ ਗੁੱਸੇ ਦਾ ਸੰਚਾਰ ਹੋਇਆ। ਵਿਕਟੋਰੀਆ ਤੇ ਵੈਨਕੂਵਰ ਗੁਰਦੁਆਰਿਆਂ 'ਚ ਰੋਜ਼ ਲਗਦੇ ਦੀਵਾਨਾਂ ਮੌਕੇ ਸਰਕਾਰੀ ਜਬਰ ਵਿਰੁੱਧ ਆਵਾਜ਼ ਬੁਲੰਦ ਹੁੰਦੀ। ਅਮਰੀਕਾ ਦੇ ਹਿੰਦੀਆਂ ਨੇ ਵੀ .ਗਦਰ ਪਾਰਟੀ ਦੀ ਅਗਵਾਈ ਹੇਠ ਜਲਸੇ-ਜਲੂਸਾਂ ਦੀ ਲਹਿਰ ਆਰੰਭ ਦਿੱਤੀ। .ਗਦਰ ਅਖ਼ਬਾਰ ਦਾ ਵਿਸ਼ੇਸ਼ ਅੰਕ ਕੱਢਿਆ। ਹੋਰ ਅਖ਼ਬਾਰਾਂ 'ਚ ਵੀ ਆਵਾਜ਼ ਉਚੀ ਕੀਤੀ ਗਈ। ਹਿੰਦ ਵਿੱਚ ਲਾਹੌਰ, ਰਾਵਲਪਿੰਡੀ, ਗੁਜਰਖਾਨ, ਪਟਿਆਲਾ ਤੇ ਚੱਕਵਾਲ ਸਮੇਤ ਅਨੇਕਾਂ ਥਾਵਾਂ 'ਤੇ ਲਾਏ ਦੀਵਾਨਾਂ 'ਚ ਭੈੜੇ ਸਾਮਰਾਜੀ ਸਲੂਕ ਵਿਰੁੱਧ ਰੋਸ ਪ੍ਰਗਟਾਵੇ ਕੀਤੇ ਗਏ। 18 ਜੂਨ ਨੂੰ ਆਲ ਇੰਡੀਆ ਮੁਸਲਿਮ ਲੀਗ ਲੰਡਨ ਨੇ ਬਸਤੀਆਂ ਦੇ ਲੰਡਨ ਦਫ਼ਤਰ ਮੂਹਰੇ ਸਖਤ ਪ੍ਰਦਰਸ਼ਨ ਕੀਤਾ। ਮੁਸਾਫਰਾਂ ਦੇ ਹੱਕ ਵਿੱਚ ਉਠੀ ਲੋਕ-ਹਮਾਇਤ ਤੋਂ ਪਿੱਛੋਂ ਹੀ ਤਕਰੀਬਨ ਮਹੀਨੇ ਭਰ ਤੋਂ ਬੁਰੀ ਤਰ੍ਹਾਂ ਭੁੱਖ ਮਰੀ ਦਾ ਸ਼ਿਕਾਰ ਹੋ ਰਹੇ ਮੁਸਾਫਰਾਂ ਨੂੰ 28 ਜੂਨ ਤੋਂ ਰਾਸ਼ਨ-ਪਾਣੀ ਪਹੁੰਚਾਉਣ ਤੇ ਮਾਲ ਲਾਹੁਣ-ਲੱਦਣ ਦੀ ਆਗਿਆ ਦੇਣੀ ਪਈ ਤੇ 7 ਜੁਲਾਈ ਤੋਂ ਵਕੀਲਾਂ ਨੂੰ ਮਿਲਣ ਦੀ ਖੁਲ੍ਹ ਦੇਣੀ ਪਈ।

16 ਜੁਲਾਈ ਨੂੰ ਕੈਨੇਡਾ ਸਰਕਾਰ ਨੇ ਕਾਮਾਗਾਟਾਮਾਰੂ ਨੂੰ ਹਰ ਹਾਲਤ ਵਾਪਸ ਭੇਜਣ ਦੇ ਹੁਕਮ ਚਾੜ੍ਹ ਦਿੱਤੇ। ਗੋਰੇ ਅਫ਼ਸਰ ਮਾਰਨਖੁੰਡੇ ਝੋਟਿਆਂ ਵਾਂਗ 'ਮਾਰ ਦਿਓ,' 'ਮਾਰ ਦਿਓ,' ਕਰਦੇ ਫਿਰ ਰਹੇ ਸਨ। 250 ਬੰਦੂਕਧਾਰੀ ਪੁਲੀਸੀਏ ਤੇ ਮਲੀਸ਼ੀਆ ਤਾਇਨਾਤ ਕਰ ਦਿੱਤੇ ਗਏ। ਵੈਨਕੂਵਰ, ਲੰਡਨ, ਉਟਾਵਾ ਤੇ ਦਿੱਲੀ ਦੇ ਗੋਰੇ ਹਾਕਮਾਂ ਵਿੱਚ ਤਾਰਾਂ ਤੇ ਤਾਰਾਂ ਖੜਕੀਆਂ। 19 ਜੁਲਾਈ ਨੂੰ ਤੜਕੇ ਵੱਡਾ ਸਾਰਾ 'ਸੀ-ਲਾਇਨ' ਨਾਮ ਦਾ ਟੱਗ (ਜਹਾਜ਼ਾਂ ਨੂੰ ਖਿੱਚਣ ਵਾਲਾ ਜਹਾਜ਼) ਨੂੰ ਕਾਮਾਗਾਟਾਮਾਰੂ ਨਾਲ ਜੋੜ ਕੇ ਹਮਲਾ ਸ਼ੁਰੂ ਕਰ ਦਿੱਤਾ। ਟੱਗ ਨੀਵਾਂ ਸੀ ਤੇ ਕਾਮਾਗਾਟਾਮਾਰੂ ਉੱਚਾ ਸੀ। ਜਹਾਜ਼ ਨੂੰ ਤੋਰਨ ਤੋਂ ਰੋਕਣ ਲਈ, ਜਹਾਜ਼ੀ ਅਮਲੇ ਨੂੰ ਅਤੇ ਪਹਿਲੇ ਪ੍ਰਬੰਧਕ ਨੂੰ ਮੁਸਾਫਰਾਂ ਨੇ ਕੈਬਿਨਾਂ ਵਿੱਚ ਬੰਦ ਕਰਕੇ ਜਿੰਦੇ ਲਗਾ ਦਿੱਤੇ। ਮੁਸਾਫਰਾਂ ਨੇ ਮੌਤ ਦੇ ਗਾਨੇ ਬੰਨ੍ਹ ਕੇ ਰਵਾਇਤੀ ਹਥਿਆਰਾਂ-ਸੋਟੇ, ਕੁਹਾੜੀਆਂ, ਲੋਹੇ ਦੇ ਡੰਡੇ, ਮਸ਼ੀਨਾਂ ਦੇ ਪੁਰਜ਼ੇ ਤੇ ਪੱਥਰ ਦੇ ਕੋਇਲਿਆਂ ਨਾਲ 20 ਪੁਲੀਸੀਏ ਫੱਟੜ ਕਰ ਦਿੱਤੇ ਤੇ ਇਕ ਵੀ ਪੁਲਿਸੀਆ ਜਹਾਜ਼ 'ਤੇ ਚੜ੍ਹਨ ਨਾ ਦਿੱਤਾ। ਪੁਲੀਸ ਦੀਆਂ ਗੋਲੀਆਂ ਵੀ ਚੱਲੀਆਂ। ਇਕ ਮੁਸਾਫਰ ਦੇ ਮੱਥੇ 'ਤੇ ਗੋਲੀ ਦੀ ਝਰੀਟ ਵੱਜੀ। ਦੂਜੇ ਪਾਸੇ ਸਮੁੰਦਰੀ ਕੰਢੇ 'ਕੱਠੇ ਹੋਏ ਸੈਂਕੜੇ ਹਿੰਦੀਆਂ ਦਾ ਗੁੱਸਾ ਤੇ ਰੋਹ ਉਬਾਲੇ ਮਾਰ ਰਿਹਾ ਸੀ। ਉਹ ਕੰਢੇ 'ਤੇ ਹੀ ਲੜਨ-ਮਰਨ ਅਤੇ ਵੈਨਕੂਵਰ ਨੂੰ ਅੱਗ ਲਾ ਕੇ ਫੂਕ ਦੇਣ ਦੇ ਖਾੜਕੂ ਐਲਾਨ ਕਰ ਰਹੇ ਸਨ। ਕੈਨੇਡਾ ਸਰਕਾਰ ਨੇ ਹੋਰ ਅੱਗੇ ਵਧਦਿਆਂ 'ਰੇਨਬੋ' ਨਾਮ ਦਾ ਜੰਗੀ ਜਹਾਜ਼ ਲਿਆ ਕੇ ਖੜ੍ਹਾ ਕਰ ਦਿੱਤਾ ਤੇ ਗੋਲਾਬਾਰੀ ਦੀਆਂ ਧਮਕੀਆਂ ਦਿੱਤੀਆਂ। ਉਧਰ ਗੋਰੇ ਹਾਕਮਾਂ ਦੀਆਂ ਮੁੜ ਆਪਸੀ ਤਾਰਾਂ ਖੜ੍ਹਕੀਆਂ। ਪਹਿਲੀ ਸੰਸਾਰ ਜੰਗ 'ਚ ਬਰਤਾਨਵੀ ਹਿੱਤਾਂ ਨੂੰ ਮੱਦੇਨਜ਼ਰ ਰੱਖਦਿਆਂ, ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਮਾਂਡ ਅਫ਼ਸਰ ਨੇ ਮਾਰਟਿਨ ਬਰੱਲ ਨੂੰ ਤਾਰ ਦੇ ਕੇ ਤਾਕਤ ਵਰਤਣ ਵਿੱਚ ਬਹੁਤ ਦੂਰ ਜਾਣ ਤੋਂ ਵਰਜਿਆ। ਉਧਰ ਮੁਸਾਫਰਾਂ ਨੇ ਵੀ ਫੈਸਲਾ ਕੀਤਾ ਕਿ ਜੰਗੀ ਜਹਾਜ਼ ਦੀਆਂ ਤੋਪਾਂ ਨਾਲ ਮੁਕਾਬਲਾ ਕਰਨ ਲਈ ਉਨ੍ਹਾਂ ਕੋਲ ਢੁਕਵੇਂ ਹਥਿਆਰ ਨਹੀਂ ਹਨ। ਸੋ ਆਪਣੀਆਂ ਕੁਝ ਸ਼ਰਤਾਂ ਮਨਵਾ ਕੇ ਪਿੱਛੇ ਹਟਣਾ ਹੀ ਬਣਦਾ ਹੈ। ਜਹਾਜ਼ ਦੇ ਨਵੇਂ ਪਟੇਦਾਰਾਂ-ਭਾਈ ਭਾਗ ਸਿੰਘ ਤੇ ਸ੍ਰੀ ਹਸਨ ਰਹੀਮ ਸਮੇਤ ਕੈਨੇਡਾ ਵਿਚਲੇ ਆਗੂਆਂ ਨੂੰ ਮੁਸਾਫਰਾਂ ਨਾਲ ਮੁਲਾਕਾਤ ਦੀ ਆਗਿਆ ਦਿੱਤੀ ਗਈ। ਕੈਨੇਡਾ ਸਰਕਾਰ ਨੇ ਪਟੇਦਾਰਾਂ ਦਾ ਖਰਚਾ ਤੇ ਵਾਪਸੀ ਲੋੜੀਂਦਾ ਰਾਸ਼ਨ-ਪਾਣੀ ਦੇਣ ਤੇ ਮੁਸਾਫਰਾਂ ਨਾਲ ਮੁਲਾਕਾਤਾਂ ਕਰਵਾਉਣਾ ਮੰਨ ਕੇ ਸਮਝੌਤਾ ਕੀਤਾ। 23 ਜੁਲਾਈ ਨੂੰ 'ਸੀ ਲਾਇਨ' ਤੇ 'ਰੇਨਬੋ' ਨੇ ਕਾਮਾਗਾਟਾਮਾਰੂ ਨੂੰ ਕੈਨੇਡਾ ਦੇ ਪਾਣੀਆਂ 'ਚੋਂ ਬਾਹਰ ਹੋਣ ਤੱਕ 3-4 ਮੀਲ ਪਿੱਛਾ ਜਾਰੀ ਰੱਖਿਆ।

ਮੁਸਾਫਰਾਂ ਨੂੰ ਹਿੰਦ ਵਿੱਚ .ਗਦਰ ਲਈ ਤਿਆਰ ਕਰਨ ਵਾਸਤੇ ਵੈਨਕੂਵਰ, ਯੋਕੋਹਾਮਾ, ਮੋਜੀ, ਸ਼ੰਘਾਈ, ਹਾਂਗਕਾਂਗ ਵਿਖੇ ਬਾਕਾਇਦਾ ਗੁਪਤ ਰੂਪ 'ਚ .ਗਦਰ ਅਖਬਾਰ ਤੇ ਹੋਰ ਲਿਖਤੀ ਸਮੱਗਰੀ ਪਹੁੰਚਾਈ ਜਾਂਦੀ ਰਹੀ। ਵੱਖ-ਵੱਖ .ਗਦਰੀ ਆਗੂਆਂ ਤੋਂ ਇਲਾਵਾ ਯੋਕੋਹਾਮਾ ਵਿਖੇ .ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਜਹਾਜ਼ ਕਮੇਟੀ ਤੇ ਸਾਰੇ ਮੁਸਾਫਰਾਂ ਵਿੱਚ .ਗਦਰ ਦੇ ਮਿਸ਼ਨ ਬਾਰੇ ਕੌਮੀ ਚੇਤੰਨਤਾ ਪੈਦਾ ਕੀਤੀ ਅਤੇ ਹਿੰਦ ਵਿੱਚ .ਗਦਰ ਕਰਨ ਵਾਸਤੇ 200 ਪਿਸਤੌਲ ਤੇ 2000 ਗੋਲੀਆਂ ਸਪਲਾਈ ਕੀਤੀਆਂ।

26 ਸਤੰਬਰ ਨੂੰ ਜਹਾਜ਼ ਹਿੰਦ 'ਚ ਕਾਲਪੀ ਵਿਖੇ ਪੁੱਜਾ। 3 ਦਿਨ ਦੀਆਂ ਭਾਰੀ ਤਲਾਸ਼ੀਆਂ ਤੋਂ ਪਿੱਛੋਂ 29 ਸਤੰਬਰ ਨੂੰ ਜਹਾਜ਼ ਨੂੰ ਗੋਰੀ ਪੁਲੀਸ ਨੇ ਜਬਰੀ ਬੱਜ-ਬੱਜ ਘਾਟ ਵਿਖੇ ਭੇਜਿਆ। ਮੁਸਾਫਰਾਂ ਨੇ ਰੋਸ ਮਾਰਚ ਕਰਦੇ ਹੋਏ ਕਲਕੱਤੇ ਹੋ ਕੇ ਪੰਜਾਬ ਜਾਣ ਦੇ ਐਲਾਨ ਕੀਤੇ। ਲੇਕਿਨ ਅੰਗਰੇਜ਼ ਪੁਲੀਸ ਤੇ ਫੌਜ ਦੀਆਂ ਧਾੜਾਂ ਨੇ ਉਨ੍ਹਾਂ ਨੂੰ ਵਾਪਸ ਬੱਜ-ਬੱਜ ਘਾਟ ਵੱਲ ਮੋੜ ਦਿੱਤਾ। ਰੇਲਵੇ ਸਟੇਸ਼ਨ 'ਤੇ ਰਾਤ ਨੂੰ ਥੱਕੇ-ਟੁੱਟੇ ਤੇ ਭੁੱਖੇ-ਤਿਹਾਏ ਮੁਸਾਫਰਾਂ 'ਤੇ ਅਚਾਨਕ ਹਮਲਾ ਕਰਕੇ ਗੋਲੀਆਂ ਦਾ ਮੀਂਹ ਵਰ੍ਹਾਉਂਦਿਆਂ 19 ਮੁਸਾਫਰ ਤੇ 2 ਹੋਰ ਬੰਦੇ ਸ਼ਹੀਦ ਕਰ ਦਿੱਤੇ, 23 ਦੇ ਕਰੀਬ ਜ਼ਖ਼ਮੀ ਕੀਤੇ। 222 ਜੇਲ੍ਹਾਂ 'ਚ ਡੱਕ ਦਿੱਤੇ ਤੇ 72 ਹੋਰ ਨਿਕਲ ਕੇ ਪੰਜਾਬ ਨੂੰ ਰਵਾਨਾ ਹੋ ਗਏ। ਜਿਨ੍ਹਾਂ 'ਚੋਂ ਉਦੋਂ ਲੋਕਾਂ ਮੁਤਾਬਕ 29, ਗੋਰਿਆਂ ਹੱਥੋਂ ਸ਼ਹੀਦ ਕੀਤੇ ਦੱਸੇ ਜਾਂਦੇ ਸਨ, ਮੁਸਾਫਰਾਂ ਨੇ ਆਪ ਦੇ ਪਾਸ ਮੌਜੂਦ 2-3 ਪਿਸਤੌਲਾਂ ਨਾਲ ਹੱਕੀ ਕੌਮੀ ਜੰਗ ਲੜਦਿਆਂ 2 ਗੋਰੇ ਅਫ਼ਸਰ, 2 ਹੋਰ ਪੁਲੀਸੀਏ ਜਾਨੋਂ ਮਾਰ ਮੁਕਾਏ ਅਤੇ 11 ਫੱਟੜ ਕੀਤੇ।

ਜੇਲ੍ਹੀਂ ਡੱਕੇ, ਜੂਹਬੰਦ ਕੀਤੇ ਅਤੇ ਗੁਪਤਵਾਸ ਹੋਏ ਮੁਸਾਫਰ ਕਾਫੀ ਗਿਣਤੀ ਵਿਚ .ਗਦਰੀ ਯੋਧੇ ਬਣੇ, ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਤੇ ਉਸ ਦੇ ਦਲਾਲਾਂ ਦੇ ਰਾਜ ਦਾ ਤਖਤਾ ਪਲਟਣ ਲਈ ਅਤੇ ਹਿੰਦ ਅੰਦਰ ਨਿਆਂ, ਬਰਾਬਰੀ, ਆਜ਼ਾਦੀ, ਖੁਸ਼ਹਾਲੀ ਵਾਲਾ ਅਸਲੀ ਤੇ ਖਰਾ ਨਵ-ਜਮਹੂਰੀ ਤੇ ਲੋਕ-ਪੱਖੀ ਰਾਜ ਪ੍ਰਬੰਧ ਕਾਇਮ ਕਰਨ ਲਈ ਬੇਸ਼ਕੀਮਤੀ ਜਾਨਾਂ ਵਾਰੀਆਂ ਤੇ ਬੇਮਿਸਾਲ ਤਿਆਗ ਤੇ ਕੁਰਬਾਨੀਆਂ ਕਰਦੇ ਹੋਏ ਹਥਿਆਰ ਬੰਦ .ਗਦਰ ਨੂੰ ਅੱਗੇ ਤੋਰਿਆ। ਸੋ ਕਾਮਾਗਾਟਾਮਾਰੂ ਦੀ ਅਮਰ ਕਹਾਣੀ ਨੂੰ ਸ਼ਤਾਬਦੀ ਸਾਲ (20 14) 'ਚ ਲੋਕ ਮਨਾਂ 'ਚ ਤਾਜ਼ਾ ਕਰਨਾ ਤੇ ਇਸ ਦੇ ਪਿੱਛੇ ਖੜੇ ਮਹਾਨ ਆਦਰਸ਼ਾਂ ਤੇ ਸੁੰਦਰ ਸੁਪਨਿਆਂ ਨੂੰ ਪੂਰਾ ਕਰਨ ਲਈ ਜੂਝਣਾ ਹੀ ਮਹਾਨ ਯੋਧਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

---

# ਲੁੱਟਣ ਵਾਲੇ ਵੀ ਪੰਜਾਬੀ ਤੇ ਲੁਟਾਉਣ ਵਾਲੇ ਵੀ ਪੰਜਾਬੀ

**ਬਲਰਾਜ ਸਿੰਘ ਸਿੱਧੂ**



ਭਾਰਤੀਆਂ ਦੇ ਸੁਭਾਅ ਵਿੱਚ ਸਭ ਤੋਂ ਬੁਰੀ ਆਦਤ ਹੈ ਕਿ ਕਿਸੇ ਵੀ ਚੰਗੇ ਮਾੜੇ ਵਿਅਕਤੀ ਦੀ ਨੁਕਤਾਚੀਨੀ ਕਰਨ ਲੱਗਿਆਂ ਮਿੰਟ ਨਹੀਂ ਲਗਾਉਂਦੇ। ਚੰਗੇ ਭਲੇ ਬੰਦੇ ਵਿੱਚ ਵੀ ਕੋਈ ਨਾ ਕੋਈ ਕਮੀ ਕੱਢ ਹੀ ਲੈਂਦੇ ਹਨ। ਸਰਕਾਰੀ ਮਹਿਕਮਿਆਂ ਵਿੱਚ ਵੀ ਮਹਾਂ ਨਲਾਇਕ ਮੁਲਾਜ਼ਮ ਹਮੇਸ਼ਾ ਆਪਣੇ ਅਫਸਰ ਬਾਰੇ ਗਲਤ ਹੀ ਬੋਲਣਗੇ ਚਾਹੇ ਉਹ ਕਿੰਨਾ ਵੀ ਦਿਆਨਤਦਾਰ ਤੇ ਕਾਬਲ ਕਿਉਂ ਨਾ ਹੋਵੇ। ਸਿਆਸੀ ਲੋਕਾਂ ਦਾ ਤਾਂ ਧੰਦਾ ਹੀ ਇਸ ਕੰਮ 'ਤੇ ਚੱਲਦਾ ਹੈ। ਸਰਕਾਰ, ਆਪੋਜ਼ੀਸ਼ਨ ਪਾਰਟੀ ਅਤੇ ਵਿਰੋਧੀ ਨੇਤਾਵਾਂ ਦੀਆਂ ਕਮੀਆਂ ਪੁੱਟ ਪੁੱਟ ਕੇ ਲਿਆਉਣਗੇ। ਵੈਸੇ ਵੀ ਜੇ ਕਿਸੇ ਨੇ ਆਪਣੇ ਖਾਨਦਾਨ ਦੀ ਅਸਲੀਅਤ ਦਾ ਪਤਾ ਲਗਾਉਣਾ ਹੋਵੇ ਤਾਂ ਇੱਕ ਵਾਰ ਇਲੈਕਸ਼ਨ ਜਰੂਰ ਲੜਨੀ ਚਾਹੀਦੀ ਹੈ। ਵਿਰੋਧੀ ਤੁਹਾਡੀਆਂ ਸੱਤ ਪੀੜ੍ਹੀਆਂ ਦਾ ਇਤਿਹਾਸ ਫੋਲ ਕੇ ਦੱਸ ਦੇਣਗੇ। ਅਸਲ ਵਿੱਚ ਨੁਕਤਾਚੀਨੀ ਕਰਨੀ ਸੌਖੀ ਹੀ ਬਹੁਤ ਹੈ। ਕਿਸੇ ਵੀ ਵਿਅਕਤੀ ਦੇ ਸੈਂਕੜੇ ਨੁਕਸ ਮਿੰਟਾਂ ਵਿੱਚ ਕੱਢੇ ਜਾ ਸਕਦੇ ਹਨ।

ਜਦੋਂ ਅਸੀਂ ਘਰੋਂ ਤੁਰਦੇ ਹਾਂ ਤਾਂ ਸਿਰ 'ਤੇ ਹੈਲਮੈਟ ਜਾਂ ਕਾਰ ਦੇ ਕਾਗਜ਼ਾਤ ਨਾਲ ਰੱਖਣ ਦੀ ਬਜਾਏ ਕਿਸੇ ਰਿਸ਼ਤੇਦਾਰ ਨੇਤਾ ਜਾਂ ਪੁਲਿਸ ਵਾਲੇ ਦਾ ਫੋਨ ਨੰਬਰ ਜੇਬ ਵਿੱਚ ਰੱਖਣਾ ਜ਼ਿਆਦਾ ਜ਼ਰੂਰੀ ਸਮਝਦੇ ਹਾਂ। ਟਰੈਫਿਕ ਪੁਲਿਸ ਵਾਲੇ ਨੂੰ ਡਰਾਇਵਿੰਗ ਲਾਇਸੰਸ ਵਿਖਾਉਣ ਦੀ ਬਜਾਏ ਮੋਬਾਇਲ ਉਸ ਦੇ ਕੰਨ ਨੂੰ ਲਗਾ ਦੇਂਦੇ ਹਾਂ। ਜੇ ਹੈਲਮੈਟ ਨਾ ਪਾਉਣ ਕਾਰਨ ਸਿਰ ਫੁੱਟ ਜਾਵੇ ਜਾਂ ਉਵਰ ਸਪੀਡ ਕਰਦਿਆਂ ਸੀਟ ਬੈਲਟ ਨਾ ਲਗਾਉਣ ਕਾਰਨ ਸੱਟਾਂ ਲੱਗ ਜਾਣ ਤਾਂ ਆਪਣੀ ਗਲਤੀ ਮੰਨਣ ਦੀ ਬਜਾਏ ਨਾਕਸ ਟਰੈਫਿਕ ਪ੍ਰਬੰਧਾਂ ਅਤੇ ਮਾੜੀਆਂ ਸੜਕਾਂ ਕਾਰਨ ਪੁਲਿਸ/ਸਰਕਾਰ ਦੀ ਨੁਕਤਾਚੀਨੀ ਕੀਤੀ ਜਾਂਦੀ ਹੈ। ਜੇ ਕੋਈ ਆਪਣੀ ਮਸਤੀ ਨਾਲ ਮਜ਼ੇ ਮਜ਼ੇ ਗੱਡੀ ਚਲਾ ਰਿਹਾ ਹੋਵੇ ਤਾਂ ਲੋਕ ਕਹਿਣਗੇ, ਉਏ ਇਸ ਕੱਛੂਕੁੰਮੇ ਦੀ ਔਲਾਦ ਨੂੰ ਲਾਇਸੰਸ ਕਿਸ ਨੇ ਦੇ ਦਿੱਤਾ? ਨਾ ਆਪ ਤੁਰਦਾ ਨਾ ਕਿਸੇ ਨੂੰ ਤੁਰਨ ਦਿੰਦਾ। ਜੇ ਕੋਈ ਅਨ੍ਹੇਵਾਹ ਗੱਡੀ ਨਠਾਈ ਜਾਵੇ ਤਾਂ ਫਿਰ, ਹੂੰ! ਫੁਕਰਾ ਕਿਸੇ ਥਾਂ ਦਾ। ਆਪ ਤਾਂ ਮਰਨਾ, ਕਿਸੇ ਹੋਰ ਨੂੰ ਵੀ ਲੈ ਕੇ ਮਰੇਗਾ। ਦੱਸੋ ਹੁਣ ਕੋਈ ਕੀ ਕਰੇ? ਅਸੀਂ ਹੋਰ ਕੌਮਾਂ ਨੂੰ ਭ੍ਰਿਸ਼ਟ ਕਰਨ ਵਿੱਚ ਵੀ ਕਸਰ ਨਹੀਂ ਛੱਡ ਰਹੇ। ਕੈਨੇਡਾ ਵਿੱਚ ਆਪਣੇ ਇੱਕ ਮਿੱਤਰ ਨੂੰ ਫਰੀ ਪਾਰਕਿੰਗ ਕਰਾਉਣ ਲਈ ਗਾਰਡਾਂ ਨੂੰ 5-10 ਡਾਲਰ ਦਾ ਲਾਲਚ ਦੇਣ ਦੀ ਕੋਸ਼ਿਸ਼ ਕਰਦਿਆਂ ਮੈਂ ਆਪਣੀ ਅੱਖੀਂ ਵੇਖਿਆ। ਪਰ ਇੱਕ ਵੀ ਵਿਦੇਸ਼ੀ ਨੇ ਉਸ ਦੀ ਰਿਸ਼ਵਤ ਸਵੀਕਾਰ ਨਾ ਕੀਤੀ।

ਅਸੀਂ ਰੱਜ ਕੇ ਹਵਾ-ਪਾਣੀ ਗੰਦਾ ਕਰਦੇ ਹਾਂ। ਪੂਰੀ ਬੇਸ਼ਰਮੀ ਨਾਲ ਨਹਿਰਾਂ, ਡਰੇਨਾਂ ਅਤੇ ਦਰਿਆਵਾਂ ਵਿੱਚ ਜ਼ਹਿਰ ਘੋਲਦੇ ਹਾਂ। ਉਹਨਾਂ ਨੂੰ ਪਵਿੱਤਰ ਰੱਖਣ ਦੀ ਬਜਾਏ ਘਰਾਂ ਵਿੱਚ ਆਰ.ਓ. ਲਗਾ ਕੇ ਸਾਫ ਪਾਣੀ ਪੀਣਾ ਜ਼ਿਆਦਾ ਬਿਹਤਰ ਸਮਝਦੇ ਹਾਂ। ਘਰ ਦਾ ਸਾਰਾ ਕੂੜਾ ਅਤੇ ਹੋਰ ਗੰਦ ਮੰਦ ਸੜਕਾਂ ਉੱਤੇ ਖਿਲਾਰਦੇ ਹਾਂ ਤੇ ਫਿਰ ਗੰਦਗੀ ਦਾ ਦੋਸ਼ ਪੰਚਾਇਤ ਅਤੇ ਮਿਊਂਸਪਲ ਕਮੇਟੀ ਦੇ ਸਿਰ ਮੜ੍ਹਦੇ ਹਾਂ। ਖਰੀਦਦਾਰ ਸਸਤੇ ਦੇ ਲਾਲਚ ਵਿੱਚ ਤੇ ਵਪਾਰੀ ਟੈਕਸ ਬਚਾਉਣ ਦੇ ਚੱਕਰ ਵਿੱਚ ਬਿੱਲ ਨਹੀਂ ਕੱਟਦੇ। ਇੱਕ ਦੂਸਰੇ ਨੂੰ ਲੁੱਟਣ ਦੇ ਚੱਕਰ ਵਿੱਚ ਦੇਸ਼ ਨੂੰ ਲੁੱਟੀ ਜਾਂਦੇ ਹਨ। ਜਦੋਂ ਬਿਨਾਂ ਬਿੱਲ ਦੀ ਵਸਤੂ ਖਰਾਬ ਨਿਕਲਣ 'ਤੇ ਵਪਾਰੀ ਵਾਪਸ ਨਹੀਂ ਕਰਦਾ ਤੇ ਨਾ ਹੀ ਕੰਜ਼ਿਊਮਰ ਕੋਰਟ ਸੁਣਦੇ ਹਨ, ਤਾਂ ਦੋਸ਼ ਫਿਰ ਸਰਕਾਰ ਦੇ ਸਿਰ ਥੋਪਿਆ ਜਾਂਦਾ ਹੈ। ਲੁੱਟਣ ਵਾਲੇ ਵੀ ਪੰਜਾਬੀ ਤੇ ਲੁਟਾਉਣ ਵਾਲੇ ਵੀ ਪੰਜਾਬੀ। ਸਾਡੀ ਤਰਾਸਦੀ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਬਦਲਣ ਦੀ ਬਜਾਏ ਬੇਗਾਨਿਆਂ ਦੇ ਬਦਲਣ ਦੀ ਆਸ ਜ਼ਿਆਦਾ ਰੱਖਦੇ ਹਾਂ। ਜਦੋਂ ਤੱਕ ਅਸੀਂ ਦੂਸਰਿਆਂ ਦੀ ਨੁਕਤਾਚੀਨੀ ਕਰਨ ਦੀ ਬਜਾਏ ਆਪਣੇ ਨੁਕਸ ਨਹੀਂ ਵੇਖਦੇ, ਸਮਾਜ ਕਦੇ ਵੀ ਸੁਧਰ ਨਹੀਂ ਸਕਦਾ।

# ਕਸ਼ਮੀਰ ਦੁਖਾਂਤ : ਵੰਡ ਤੋਂ ਲੈ ਕੇ ਧਾਰਾ 370 ਖਤਮ ਹੋਣ ਤਕ

**ਪਰਮਜੀਤ ਸਿੰਘ ਢੀਂਗਰਾ**



ਇਤਿਹਾਸਕ ਲਿਖਤਾਂ ਵਿਚ ਕਸ਼ਮੀਰ ਨੂੰ ਧਰਤੀ ਦਾ ਸਵਰਗ ਮੰਨਿਆ ਗਿਆ ਹੈ। ਪਰ ਪਿਛਲੇ ਕਰੀਬ 70 ਸਾਲਾਂ ਵਿਚ ਉਥੇ ਜਿੰਨਾ ਲਹੂ ਡੁੱਲ੍ਹਿਆ ਹੈ, ਜਿੰਨੀ ਬਰਬਾਦੀ ਹੋਈ ਹੈ, ਜਿੰਨਾ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ ਹੈ, ਉਸ ਨੂੰ ਦੇਖ ਕੇ ਨਰਕਾਂ ਦੀ ਅੱਖ ਵੀ ਸ਼ਰਮ ਨਾਲ ਨੀਵੀਂ ਪਾ ਲਵੇ। ਭਾਰਤ-ਪਾਕਿ ਵੰਡ ਤੋਂ ਬਾਅਦ ਕਸ਼ਮੀਰ ਸਮੱਸਿਆ ਇਕ ਅਜਿਹੇ ਨਾਸੂਰ ਦਾ ਰੂਪ ਧਾਰਨ ਕਰ ਗਈ ਹੈ, ਜਿਸ ਨੂੰ ਸ਼ਾਇਦ ਕਦੇ ਨਾ ਭਰਿਆ ਜਾ ਸਕੇ। ਕਸ਼ਮੀਰ ਸਮੱਸਿਆ ਦੇ ਪੈਦਾ ਹੋਣ ਵੇਲੇ ਇਕ ਅਹਿਮ ਬਿੰਦੂ ਇਹ ਸੀ ਕਿ ਉਥੋਂ ਦੀ ਆਬਾਦੀ ਮੁਸਲਿਮ ਬਹੁ-ਗਿਣਤੀ ਸੀ ਜਦ ਕਿ ਸ਼ਾਸਕ ਹਿੰਦੂ ਸੀ। ਵੰਡ ਵੇਲੇ ਰਿਆਸਤਾਂ ਕੋਲ ਇਕ ਬਦਲ ਸੀ ਕਿ ਆਬਾਦੀ ਦੇ ਮੁਤਾਬਿਕ ਉਹ ਕਿਸੇ ਵੀ ਦੇਸ਼ ਵਿਚ ਸ਼ਾਮਲ ਹੋ ਸਕਦੀਆਂ ਸਨ। ਕਸ਼ਮੀਰ ਦੇ ਸ਼ਾਸਕ ਹਰੀ ਸਿੰਘ ਦੀ ਦੁਬਿਧਾ ਨੇ ਇਕ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਕਿ ਉਹ ਪਾਕਿਸਤਾਨ ਨਾਲ ਜਾਵੇ ਜਾਂ ਭਾਰਤ ਨਾਲ। ਹਾਲਾਤ ਦੀ ਸਮੀਖਿਆ ਕਰਦਿਆਂ ਉਸ ਨੇ ਬਹੁਤ ਸਮਾਂ ਬਰਬਾਦ ਕਰ ਦਿੱਤਾ ਤੇ ਅਖੀਰ ਆਪਣੀ ਕਿਸਮਤ ਭਾਰਤ ਨਾਲ ਜੋੜ ਕੇ ਰਲੇਵੇਂ ਦਾ ਐਲਾਨ ਕਰ ਦਿੱਤਾ। ਉਸ ਦੇ ਇਸ ਫ਼ੈਸਲੇ 'ਤੇ ਪਾਕਿਸਤਾਨ ਬੌਖ਼ਲਾ ਗਿਆ। ਉਸ ਨੂੰ ਪਤਾ ਸੀ ਕਿ ਏਸ਼ੀਆ ਵਿਚ ਕਸ਼ਮੀਰ ਅਜਿਹਾ ਧਰਾਤਲ ਹੈ ਜੋ ਰਣਨੀਤਕ ਪੱਖੋਂ ਬੜਾ ਮਹੱਤਵਪੂਰਨ ਹੈ। ਏਸੇ ਨੂੰ ਧਿਆਨ ਵਿਚ ਰੱਖਦਿਆਂ ਉਸ ਨੇ ਕਬਾਇਲੀ ਹਮਲੇ ਵਾਲੀ ਸਾਜਿਸ਼ ਰਚੀ, ਜਿਸ ਨੂੰ ਪਹਿਲਾਂ ਉਹ ਸਵੀਕਾਰ ਹੀ ਨਹੀਂ ਸੀ ਕਰ ਰਿਹਾ।

ਕਬਾਇਲੀ ਹਮਲੇ ਦੇ ਵੱਡੇ ਖ਼ਤਰੇ ਸਾਹਮਣੇ ਨੈਸ਼ਨਲ ਕਾਨਫਰੰਸ ਅਤੇ ਸ਼ੇਖ ਅਬਦੁੱਲਾ ਦੀ ਅੰਤ੍ਰਿਮ ਸਰਕਾਰ ਨੇ ਨਾ ਕੇਵਲ ਸ੍ਰੀਨਗਰ ਤੇ ਨੇੜਲੇ ਇਲਾਕਿਆਂ ਲਈ ਹਿਫਾਜ਼ਤੀ ਪ੍ਰਬੰਧ ਕੀਤੇ ਸਗੋਂ ਭਾਰਤੀ ਫ਼ੌਜ ਦੇ ਪਹੁੰਚਣ ਤੱਕ ਮੋਰਚਾ ਵੀ ਸੰਭਾਲੀ ਰੱਖਿਆ। ਕਸ਼ਮੀਰ ਦੇ ਭਵਿੱਖ ਨੂੰ ਲੈ ਕੇ ਉਹ ਚਿੰਤਤ ਸੀ ਕਿਉਂਕਿ ਉਹ ਕਸ਼ਮੀਰੀ ਲੋਕਾਂ ਦਾ ਮਾਨਤਾ ਪ੍ਰਾਪਤ ਆਗੂ ਬਣ ਚੁੱਕਿਆ ਸੀ। ਭਾਰਤ ਨਾਲ ਕਸ਼ਮੀਰ ਦੇ ਜੋੜ ਮੇਲ ਦੇ ਬਾਵਜੂਦ ਉਸ ਨੂੰ ਪਤਾ ਸੀ ਕਿ ਪਾਕਿਸਤਾਨ ਇਸ ਖਿੱਤੇ ਦੀ ਸ਼ਾਂਤੀ ਨੂੰ ਸਥਿਰ ਨਹੀਂ ਰਹਿਣ ਦੇਵੇਗਾ ਕਿਉਂਕਿ ਉਸ ਦੇ ਮਨਸੂਬੇ ਜੱਗ ਜ਼ਾਹਰ ਸਨ। ਉਧਰ ਪਾਕਿਸਤਾਨੀ ਦੂਤ ਬਣ ਕੇ ਆਇਆ ਡਾ: ਮੁਹੰਮਦ ਦੀਨ ਤਾਸੀਰ ਇਸ ਕੋਸ਼ਿਸ਼ ਵਿਚ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਸ਼ੇਖ ਅਬਦੁੱਲਾ ਨੂੰ ਪਾਕਿਸਤਾਨ ਵੱਲ ਜਾਣ ਲਈ ਮਨਾ ਲਵੇ ਪਰ ਅਬਦੁੱਲਾ ਦਾ ਮਤ ਸਪੱਸ਼ਟ ਸੀ ਕਿ ਜੇ ਕਸ਼ਮੀਰੀ ਅਵਾਮ ਦਾ ਭਲਾ ਪਾਕਿਸਤਾਨ ਨਾਲ ਜੁੜਨ 'ਤੇ ਹੋਵੇਗਾ ਤੇ ਉਸ ਨੂੰ ਅਜਿਹਾ ਲੱਗੇਗਾ ਤਾਂ ਉਹ ਕੋਈ ਵੀ ਫ਼ੈਸਲਾ ਲੈਣ ਤੋਂ ਪਿੱਛੇ ਨਹੀਂ ਹਟੇਗਾ। ਉਸ ਸਮੇਂ ਪੰਜਾਬ ਅਤੇ ਜੰਮੂ ਦੋਵੇਂ ਫ਼ਿਰਕੂ ਹਿੰਸਾ ਦੇ ਅਖਾੜੇ ਬਣੇ ਹੋਏ ਸਨ ਪਰ ਇਸ ਦੇ ਬਾਵਜੂਦ ਕਸ਼ਮੀਰ ਵਿਚ ਅਮਨ ਅਮਾਨ ਸੀ।

ਉਧਰ ਜਿਨਾਹ ਨੇ ਪਾਕਿਸਤਾਨੀ ਫ਼ੌਜ ਨੂੰ ਇਸ ਲੜਾਈ ਵਿਚ ਭੇਜਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਕਬਾਈਲੀ ਗੁਰੀਲਾ ਲੜਾਈ ਦੇ ਮਾਹਿਰ ਹਨ ਤੇ ਮਰਨ ਮਾਰਨ ਲਈ ਤਿਆਰ ਹਨ। ਫ਼ੌਜ ਦੇ ਦਖ਼ਲ ਨਾਲ ਭਾਰਤ ਨਾਲ ਟਕਰਾਅ ਤੋਂ ਕੁਝ ਵੀ ਹਾਸਲ ਨਹੀਂ ਹੋਵੇਗਾ।

ਅਜਿਹੀਆਂ ਸਥਿਤੀਆਂ ਵਿਚ ਆਂਚਿਲੇਕ ਨੇ ਗੋਲਮੇਜ਼ ਕਾਨਫ਼ਰੰਸ ਦਾ ਸੁਝਾਅ ਦਿੱਤਾ, ਜਿਸ ਵਿਚ ਮਾਊਂਟਬੈਟਨ, ਜਵਾਹਰ ਲਾਲ ਨਹਿਰੂ, ਮੁਹੰਮਦ ਅਲੀ ਜਿਨਾਹ, ਲਿਆਕਤ ਅਲੀ, ਹਰੀ ਸਿੰਘ ਤੇ ਸ਼ੇਖ ਅਬਦੁੱਲਾ ਸ਼ਾਮਿਲ ਹੋਣ ਤੇ ਆਪਸੀ ਗੱਲਬਾਤ ਰਾਹੀਂ ਘਾਟੀ ਵਿਚਲੇ ਤਣਾਅ ਨੂੰ ਘੱਟ ਕਰਨ ਲਈ ਯਤਨ ਕਰਨ। ਕਸ਼ਮੀਰ ਦੇ ਭਾਰਤ ਨਾਲ ਰਲੇਵੇਂ ਤੋਂ ਬਾਅਦ ਹਰੀ ਸਿੰਘ ਤੇ ਸ਼ੇਖ ਅਬਦੁੱਲਾ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਕਰਨ ਤੋਂ ਨਹਿਰੂ ਨੇ ਇਨਕਾਰ ਕਰ ਦਿੱਤਾ ਹਾਲਾਂਕਿ ਵੱਲਭ ਭਾਈ ਪਟੇਲ ਇਸ ਨਾਲ ਸਹਿਮਤ ਨਹੀਂ ਸੀ।

ਪਹਿਲੀ ਨਵੰਬਰ ਦੀ ਤਰੀਕ ਮਿੱਥੀ ਗਈ ਕਿ ਸਾਰੇ ਗੱਲਬਾਤ ਲਈ ਲਾਹੌਰ ਵਿਚ ਇਕੱਠੇ ਹੋਣਗੇ ਪਰ 31 ਅਕਤੂਬਰ ਦੀ ਸ਼ਾਮ ਨੂੰ ਪਾਕਿਸਤਾਨ ਨੇ ਐਲਾਨ ਕਰ ਦਿੱਤਾ ਕਿ ਭਾਰਤ ਨੇ ਧੋਖੇ ਨਾਲ ਕਸ਼ਮੀਰ ਨੂੰ ਭਾਰਤ ਵਿਚ ਸ਼ਾਮਿਲ ਕਰ ਲਿਆ ਹੈ, ਇਸ ਨੂੰ ਉਹ ਮਾਨਤਾ ਦੇਣ ਤੋਂ ਇਨਕਾਰ ਕਰਦਾ ਹੈ। ਨਤੀਜੇ ਵਜੋਂ ਨਹਿਰੂ ਨੇ ਲਾਹੌਰ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਮਾਊਂਟਬੈਟਨ ਇਕੱਲਾ ਹੀ ਲਾਹੌਰ ਗਿਆ। ਜਾਣ ਤੋਂ ਪਹਿਲਾਂ ਉਹ ਮਹਾਤਮਾ ਗਾਂਧੀ ਨੂੰ ਮਿਲਿਆ। ਮਹਾਤਮਾ ਗਾਂਧੀ ਕਸ਼ਮੀਰ ਮਸਲੇ ਨੂੰ ਲੈ ਕੇ ਪਾਕਿਸਤਾਨ ਵਲੋਂ ਅਪਣਾਈ ਗਈ ਨੀਤੀ ਕਰਕੇ ਬੜੇ ਨਾਰਾਜ਼ ਸਨ। ਉਨ੍ਹਾਂ ਕਿਹਾ ਕਿ ਜੇਕਰ ਕਸ਼ਮੀਰ ਦੀ ਰੱਖਿਆ ਕਰਦੇ ਹੋਏ ਭਾਰਤੀ ਫ਼ੌਜ ਸਪਾਰਟਾ ਦੀ ਫ਼ੌਜ ਵਾਂਗ ਸ਼ਹੀਦ ਹੋ ਜਾਵੇ ਜਾਂ ਸ਼ੇਖ ਅਬਦੁੱਲਾ ਆਪਣੇ ਸਿੱਖ, ਹਿੰਦੂ ਅਤੇ ਮੁਸਲਮਾਨ ਸਾਥੀਆਂ ਨਾਲ ਸਿਰ ਵਢਾ ਲਵੇ ਤਾਂ ਉਹ ਇਕ ਵੀ ਹੰਝੂ ਨਹੀਂ ਕੇਰਨਗੇ। ਇਹ ਪੂਰੇ ਭਾਰਤੀ ਉਪ ਮਹਾਂਦੀਪ ਲਈ ਇਕ ਉਦਾਹਰਨ ਹੋਵੇਗੀ ਅਤੇ ਲੋਕ ਭੁੱਲ ਜਾਣਗੇ ਕਿ ਹਿੰਦੂ, ਸਿੱਖ, ਮੁਸਲਮਾਨ ਕਦੇ ਦੁਸ਼ਮਣ ਸਨ।

ਲਾਹੌਰ ਵਿਚ ਜਿਨਾਹ ਤੇ ਮਾਊਂਟਬੈਟਨ ਵਿਚਾਲੇ ਸਾਢੇ ਤਿੰਨ ਘੰਟਿਆਂ ਤੱਕ ਮੀਟਿੰਗ ਚੱਲੀ। ਜਿਨਾਹ ਦਾ ਸਾਰਾ ਜ਼ੋਰ ਇਸ ਗੱਲ 'ਤੇ ਸੀ ਕਿ ਕਸ਼ਮੀਰ ਦੀ ਭਾਰਤ ਵਿਚ ਸ਼ਮੂਲੀਅਤ ਗ਼ੈਰ-ਕਾਨੂੰਨੀ ਹੈ ਤੇ ਭਾਰਤੀ ਫ਼ੌਜ ਦੇ ਦਖ਼ਲ ਕਰਕੇ ਹੀ ਕਸ਼ਮੀਰ ਵਿਚ ਹਿੰਸਾ ਫੈਲੀ ਹੈ। ਮਾਊਂਟਬੈਟਨ ਨੇ ਆਪਣੇ ਤਰਕਾਂ ਨਾਲ ਭਾਰਤ ਵਿਚ ਕਸ਼ਮੀਰ ਦੀ ਸ਼ਮੂਲੀਅਤ ਨੂੰ ਦਰੁਸਤ ਦੱਸਿਆ। ਸਮਝੌਤੇ ਬਾਰੇ ਜਿਨਾਹ ਨੇ ਕਿਹਾ ਕਿ ਜੇ ਘਾਟੀ ਵਿਚੋਂ ਭਾਰਤ ਆਪਣੀ ਫ਼ੌਜ ਕੱਢ ਲਵੇ ਤਾਂ ਮੈਂ ਕਬਾਇਲੀ ਹਮਲੇ ਬੰਦ ਕਰਵਾ ਦਿਆਂਗਾ। ਇਸ ਤੋਂ ਸਪੱਸ਼ਟ ਹੋ ਗਿਆ ਕਿ ਜਿਨਾਹ ਦੋਗਲੀ ਨੀਤੀ 'ਤੇ ਚੱਲ ਰਿਹਾ ਸੀ। ਪਹਿਲਾਂ ਤਾਂ ਉਹ ਇਨ੍ਹਾਂ ਹਮਲਿਆਂ ਨੂੰ ਲੋਕਾਂ ਦੇ ਗੁੱਸੇ ਵਜੋਂ ਹੀ ਪੇਸ਼ ਕਰਦਾ ਸੀ ਜਦ ਕਿ ਹੁਣ ਉਨ੍ਹਾਂ ਨੂੰ ਰੋਕਣ ਦੀ ਚਾਬੀ ਉਸ ਕੋਲ ਹੋਣ ਦੀ ਗੱਲ ਸਵੀਕਾਰ ਕਰ ਲਈ। ਮਾਊਂਟਬੈਟਨ ਨੇ ਸੁਝਾਅ ਦਿੱਤਾ ਕਿ ਕਸ਼ਮੀਰ, ਜੂਨਾਗੜ੍ਹ ਤੇ ਹੈਦਰਾਬਾਦ ਰਿਆਸਤਾਂ ਦੇ ਮਸਲੇ ਸੁਲਝਾਉਣ ਲਈ ਜਿਨ੍ਹਾਂ ਰਿਆਸਤਾਂ ਵਿਚ ਜਿਹੜੇ ਲੋਕ ਬਹੁਗਿਣਤੀ ਹਨ ਤੇ ਇਕ ਵੱਖਰੇ ਧਰਮ ਦੇ ਹਨ ਪਰ ਉਥੋਂ ਦੇ ਰਾਜੇ ਦਾ ਧਰਮ ਵੱਖ ਹੈ ਤਾਂ ਰਾਜਾ ਜਿਸ ਦੇਸ਼ ਵਿਚ ਸ਼ਾਮੂਲੀਅਤ ਕਰੇਗਾ, ਉਸ ਤੋਂ ਪਹਿਲਾਂ ਉਥੋਂ ਦੇ ਲੋਕਾਂ ਨੂੰ ਰਾਏਸ਼ੁਮਾਰੀ ਦਾ ਅਧਿਕਾਰ ਦਿੱਤਾ ਜਾਵੇ ਕਿ ਉਹ ਕਿਸ ਮੁਲਕ ਵਿਚ ਜਾਣਾ ਚਾਹੁੰਦੇ ਹਨ। ਜਿਨਾਹ ਭਾਰਤੀ ਫ਼ੌਜ ਅਤੇ ਸ਼ੇਖ ਅਬਦੁੱਲਾ ਦੀ ਰਹਿਨੁਮਾਈ ਹੇਠ ਇਸ ਰਾਏਸ਼ੁਮਾਰੀ ਦੇ ਹੱਕ ਵਿਚ ਨਹੀਂ ਸੀ ਕਿਉਂਕਿ ਉਸ ਨੂੰ ਖਦਸ਼ਾ ਸੀ ਕਿ ਇਨ੍ਹਾਂ ਦੇ ਰਹਿੰਦਿਆਂ ਘਾਟੀ ਦੀ ਮੁਸਲਿਮ ਜਨਤਾ ਕਦੇ ਵੀ ਨਿਡਰ ਹੋ ਕੇ ਨਿਰਪੱਖ ਫ਼ੈਸਲਾ ਨਹੀਂ ਕਰ ਸਕੇਗੀ। ਇਸ ਲਈ ਇਹ ਰਾਏਸ਼ੁਮਾਰੀ ਮਾਊਂਟਬੈਟਨ ਤੇ ਉਹਦੀ (ਜਿਨਾਹ) ਰਹਿਨੁਮਾਈ ਹੇਠ ਹੋਵੇ। ਪਰ ਮਾਊਂਟਬੈਟਨ ਨੇ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ ਕਿ ਸੰਵਿਧਾਨਕ ਤੌਰ 'ਤੇ ਉਹ ਅਜਿਹਾ ਨਹੀਂ ਕਰ ਸਕਦਾ ਤੇ ਉਸ ਨੇ ਯੂ.ਐਨ.ਓ. ਦੀ ਨਿਗਰਾਨੀ ਹੇਠ ਰਾਏਸ਼ੁਮਾਰੀ ਦਾ ਸੁਝਾਅ ਦਿੱਤਾ ਪਰ ਜਿਨਾਹ ਨੇ ਇਸ ਨੂੰ ਮੂਲੋਂ ਰੱਦ ਕਰ ਦਿੱਤਾ।

2 ਨਵੰਬਰ ਨੂੰ ਜਵਾਹਰ ਲਾਲ ਨਹਿਰੂ ਨੇ ਰੇਡੀਓ ਤੋਂ ਦਿੱਤੇ ਇਕ ਭਾਸ਼ਨ ਵਿਚ ਪਹਿਲੀ ਵਾਰ ਰਾਏਸ਼ੁਮਾਰੀ ਤੇ ਯੂ.ਐਨ.ਓ. ਦਾ ਜ਼ਿਕਰ ਕਰਦਿਆਂ ਕਿਹਾ, 'ਹਮਲੇ ਦਾ ਖਤਰਾ ਟਲ ਜਾਣ ਤੋਂ ਬਾਅਦ ਕਸ਼ਮੀਰ ਵਿਚ ਫ਼ੌਜਾਂ ਰੱਖਣ ਦਾ ਸਾਡਾ ਕੋਈ ਇਰਾਦਾ ਨਹੀਂ। ਅਸੀਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਹੈ ਕਿ ਲੋਕਾਂ ਦੀ ਕਿਸਮਤ ਦਾ ਫ਼ੈਸਲਾ ਲੋਕ ਖੁਦ ਹੀ ਕਰਨਗੇ। ਅਸੀਂ ਇਸ ਗੱਲ ਲਈ ਤਿਆਰ ਹਾਂ ਕਿ ਜਦੋਂ ਅਮਨ ਕਾਨੂੰਨ ਦੀ ਹਾਲਤ ਠੀਕ ਹੋ ਜਾਵੇਗੀ ਤਾਂ ਯੂ.ਐਨ.ਓ. ਵਰਗੀ ਕੌਮਾਂਤਰੀ ਸੰਸਥਾ ਦੀ ਨਿਗਰਾਨੀ ਹੇਠ ਇਕ ਰਾਏਸ਼ੁਮਾਰੀ ਕਰਾਈ ਜਾਵੇਗੀ ਪਰ ਪਾਕਿਸਤਾਨ ਨੇ ਸਿੱਧੇ ਤੌਰ 'ਤੇ ਇਸ ਸੁਝਾਅ ਨੂੰ ਰੱਦ ਕਰ ਦਿੱਤਾ।' ਲਿਆਕਤ ਅਲੀ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ, 'ਇਹ ਭਿਆਨਕ ਸੰਭਾਵਨਾਵਾਂ ਨਾਲ ਭਰਿਆ ਹੋਇਆ ਹੈ। ਭਾਰਤ ਸਰਕਾਰ ਜਿਸ ਨੂੰ ਸਿਰਫ ਅਮਨ ਕਾਨੂੰਨ ਦੀ ਸਮੱਸਿਆ ਕਹਿ ਰਹੀ ਹੈ, ਉਹ ਦਰਅਸਲ ਜੰਮੂ ਅਤੇ ਕਸ਼ਮੀਰ ਦੀ ਮੁਸਲਿਮ ਆਬਾਦੀ ਦਾ ਦਮਨ ਕਰਕੇ, ਉਨ੍ਹਾਂ ਦੀਆਂ ਹੱਤਿਆਵਾਂ ਕਰਕੇ ਉਨ੍ਹਾਂ ਨੂੰ ਖਦੇੜਨ ਦੀ ਕੋਸ਼ਿਸ਼ ਹੈ। ਜਦ ਤੱਕ ਪੂਰਬੀ ਪੰਜਾਬ ਜਾਂ ਭਾਰਤ ਵਿਚਲੇ ਪੰਜਾਬ ਦੇ ਰਾਜ ਵਾਂਗ ਆਬਾਦੀ ਦਾ ਤਬਾਦਲਾ ਪੂਰੀ ਤਰ੍ਹਾਂ ਬਦਲ ਨਾ ਜਾਵੇ, ਇਥੋਂ ਤੱਕ ਕਿ ਪੰਡਿਤ ਨਹਿਰੂ ਨੇ 'ਪਲੈਬੀਸਾਈਟ' (Plebiscite) ਸ਼ਬਦ ਦੀ ਵਰਤੋਂ ਤੋਂ ਬਚਦਿਆਂ ਰੈਫਰੈਂਡਮ (Referendum) ਸ਼ਬਦ ਵਰਤਿਆ ਹੈ, ਜਿਸ ਦਾ ਅਰਥ ਕੁਝ ਵੀ ਹੋ ਸਕਦਾ ਹੈ। ਭਾਰਤ ਸਰਕਾਰ ਦੁਆਰਾ ਜੰਮੂ ਅਤੇ ਕਸ਼ਮੀਰ 'ਤੇ ਪੂਰੀ ਤਰ੍ਹਾਂ ਕੰਟਰੋਲ ਕਰਨ ਤੋਂ ਬਾਅਦ ਕਰਾਇਆ ਗਿਆ 'ਪਲੈਬੀਸਾਈਟ' (Plebiscite) ਜਾਂ ਰੈਫਰੈਂਡਮ (Referendum) ਇਕ ਨਾਟਕ ਹੀ ਹੋਵੇਗਾ ਹੋਰ ਕੁਝ ਨਹੀਂ।'

ਅਜਿਹੀਆਂ ਸਥਿਤੀਆਂ ਅਤੇ ਅੜ੍ਹਬ ਰਵੱਈਏ ਕਰਕੇ ਘਾਟੀ ਵਿਚਲੇ ਹਾਲਾਤ ਬੇ-ਤਰਤੀਬੇ ਅਤੇ ਸ਼ੱਕੀ ਬਣ ਗਏ। ਭਾਰਤ ਦੁਆਰਾ ਕਸ਼ਮੀਰ ਵਿਚ ਫ਼ੌਜੀ ਦਖ਼ਲ ਅੰਦਾਜ਼ੀ ਤੋਂ ਬਾਅਦ ਬਰਤਾਨਵੀ ਸਰਕਾਰ ਵਲੋਂ ਇਸ ਨੂੰ ਕਾਬੂ ਕਰਨ ਅਤੇ ਯੁੱਧਬੰਦੀ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਨਹਿਰੂ ਅਤੇ ਲਿਆਕਤ ਅਲੀ ਦੋਵਾਂ ਪ੍ਰਧਾਨ ਮੰਤਰੀਆਂ ਵਲੋਂ ਇਕ-ਦੂਜੇ 'ਤੇ ਦੋਸ਼ ਲਾਏ ਜਾ ਰਹੇ ਸਨ। ਲਿਆਕਤ ਅਲੀ ਨੇ ਇਕ ਚਿੱਠੀ ਵਿਚ ਸ਼ੇਖ ਅਬਦੁੱਲਾ ਨੂੰ ਗੱਦਾਰ ਤੱਕ ਕਹਿ ਦਿੱਤਾ ਜਦ ਕਿ ਨਹਿਰੂ ਨੇ ਉਸ ਨੂੰ ਲੋਕਾਂ ਦਾ ਪ੍ਰਵਾਨਤ ਤੇ ਸਤਿਕਾਰਤ ਨੇਤਾ ਕਿਹਾ। ਉਧਰ ਬਰਤਾਨਵੀ ਸਰਕਾਰ ਸਿੱਧੇ ਦਖ਼ਲ ਤੋਂ ਖਹਿੜਾ ਛੁਡਾਉਣ ਦੇ ਰੌਂਅ ਵਿਚ ਸੀ।

ਅੰਤਰਰਾਸ਼ਟਰੀ ਕੂਟਨੀਤੀ ਵਿਚ ਵੱਖ ਵੱਖ ਧਿਰਾਂ ਵੱਖ ਵੱਖ ਖਿਆਲਾਂ ਦੀਆਂ ਧਾਰਨੀ ਸਨ ਪਰ ਇਸ ਦੇ ਬਾਵਜੂਦ ਰੂਸ ਦਾ ਝੁਕਾਅ ਭਾਰਤ ਵੱਲ ਰਿਹਾ। ਉਸ ਨੇ ਆਪਣੀ ਵੀਟੋ ਤਾਕਤ ਵਰਤ ਕੇ ਯੂ.ਐਨ.ਓ. ਵਿਚ ਕਈ ਵਾਰ ਭਾਰਤ ਵਿਰੋਧੀ ਮਤੇ ਪਾਸ ਨਹੀਂ ਹੋਣ ਦਿੱਤੇ। ਦਿੱਲੀ ਦੀ ਮੀਟਿੰਗ ਤੋਂ ਬਾਅਦ ਦੋਵਾਂ ਦੇਸ਼ਾਂ ਵਿਚ ਸਹਿਮਤੀ ਬਣ ਗਈ ਕਿ ਭਾਰਤ ਆਪਣੀ ਜ਼ਿਆਦਾਤਰ ਫ਼ੌਜ ਨੂੰ ਘਾਟੀ ਵਿਚੋਂ ਵਾਪਸ ਬੁਲਾ ਲਵੇਗਾ ਤਾਂ ਪਾਕਿਸਤਾਨ ਕਬਾਇਲੀਆਂ ਨੂੰ ਵਾਪਸ ਬੁਲਾਉਣ ਲਈ ਪੂਰੀ ਕੋਸ਼ਿਸ਼ ਕਰੇਗਾ ਤਾਂ ਕਿ ਯੁੱਧ ਬੰਦੀ ਹੋ ਸਕੇ ਅਤੇ ਯੂ.ਐਨ.ਓ. ਨੂੰ ਕੋਈ ਨਿਰਪੱਖ ਕਮਿਸ਼ਨ ਭੇਜਣ ਲਈ ਕਿਹਾ ਜਾ ਸਕੇ ਤਾਂ ਜੋ ਰਾਏਸ਼ੁਮਾਰੀ ਕਰਾਈ ਜਾ ਸਕੇ। ਪਰ ਇਹ ਸਹਿਮਤੀ ਬਹੁਤੀ ਦੇਰ ਨਾ ਚੱਲ ਸਕੀ। ਵੱਲਭ ਭਾਈ ਪਟੇਲ ਦੇ ਕਸ਼ਮੀਰ ਦੌਰੇ ਤੋਂ ਬਾਅਦ ਹਮਲਾਵਰ ਵੱਡੀ ਗਿਣਤੀ ਵਿਚ ਪੱਛਮੀ ਪੰਜਾਬ ਵਿਚ ਇਕੱਠੇ ਹੋ ਗਏ ਤੇ ਉਨ੍ਹਾਂ ਦੀਆਂ ਕਾਰਵਾਈਆਂ ਦਿਨੋਂ ਦਿਨ ਤੇਜ਼ ਹੋਣ ਲੱਗੀਆਂ। ਭਾਰਤ ਸਰਕਾਰ ਨੇ ਇਸ 'ਤੇ ਸਖ਼ਤ ਰੁਖ਼ ਅਪਣਾਇਆ ਤੇ ਨਵੰਬਰ, 1947 ਦੇ ਅਖੀਰ ਵਿਚ ਲਾਹੌਰ ਵਿਚ ਹੋਈ ਮੀਟਿੰਗ ਵਿਚ ਜਦੋਂ ਕੋਈ ਸਹਿਮਤੀ ਬਣਦੀ ਨਜ਼ਰ ਨਾ ਆਈ ਤੇ ਨਾ ਹੀ ਸਮਝੌਤੇ ਦੇ ਆਸਾਰ ਦਿਸੇ ਤਾਂ ਮਾਊਂਟਬੈਟਨ ਨੇ ਮੁੜ ਇਹ ਮਸਲਾ ਯੂ.ਐਨ.ਓ. ਵਿਚ ਲਿਜਾਣ ਲਈ ਕਹਿ ਦਿੱਤਾ। ਲਿਆਕਤ ਅਲੀ ਨੇ ਤੁਰੰਤ ਹਾਂ ਕਰ ਦਿੱਤੀ ਪਰ ਨਹਿਰੂ ਨੇ ਫ਼ੈਸਲਾ ਕਰਦਿਆਂ ਕੁਝ ਹਫਤੇ ਲਾ ਦਿੱਤੇ।

---

# ਤਰਦੇ ਨਾਰੀਅਲ - ਡੁੱਬਦੇ ਬੱਚੇ !

**ਕੁਲਦੀਪ ਸਿੰਘ ਧਨੌਲਾ**

ਕੋਈ ਸਮਾਂ ਸੀ ਜਦੋਂ ਪੰਜਾਬ ਦੀ ਨੌਜਵਾਨੀ ਉੱਤੇ ਗਾਇਕੀ ਦਾ ਭੂਤ ਸਵਾਰ ਸੀ। ਉਦੋਂ ਹਰ ਗੱਭਰੂ, ਹਰ ਮੁਟਿਆਰ ਗਾਇਕੀ ਦੇ ਰਾਹ ਪੈ ਗਿਆ ਸੀ। ਪਰ ਕੈਸੇਟ ਯੁੱਗ ਖਤਮ ਹੋਣ ਨਾਲ ਗਾਇਕੀ ਵਾਲਾ ਭੂਤ ਕਾਫ਼ੂਰ ਹੋ ਗਿਆ ਤੇ ਬੇਰੁਜ਼ਗਾਰੀ ਵਿੱਚ ਹੋ ਰਹੇ ਵਾਧੇ ਕਾਰਨ ਅਤੇ ਨਸ਼ਿਆਂ ਤੋਂ ਬਚਣ ਲਈ ਹੁਣ ਨੌਜਵਾਨੀ ਵਿੱਚ ਵਿਦੇਸ਼ ਜਾਣ ਦੀ ਹੋੜ ਜਿਹੀ ਲੱਗੀ ਹੋਈ ਹੈ। ਇਸ ਵੇਲੇ ਪੰਜਾਬ ਦੀ ਜਵਾਨੀ ਕਿਹੜੇ ਹਾਲਾਤ ਵਿੱਚੋਂ ਦੀ ਲੰਘ ਰਹੀ ਹੈ, ਇਸ ਪਾਸਿਓਂ ਰਾਜ ਕਰਨ ਵਾਲੇ ਅੱਖਾਂ ਅਤੇ ਕੰਨ ਬੰਦ ਕਰਕੇ ਐਸ਼ ਨਾਲ ਰਾਜ ਕਰ ਰਹੇ ਹਨ ਤੇ ਕੁਰਸੀ ਖੁੱਸਣ ਵਾਲੇ ਆਉਣ ਵਾਲੀਆਂ ਚੋਣਾਂ ਨੂੰ ਅੱਡੀਆਂ ਚੁੱਕ-ਚੁੱਕ ਉਡੀਕ ਰਹੇ ਹਨ।

'ਕੋਈ ਮਰੇ, ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇਂ' ਵਾਲੀ ਹਾਲਤ ਬਣੀ ਹੋਈ ਹੈ। ਇਸੇ ਕਾਰਨ ਰੁਜ਼ਗਾਰਹੀਣ ਹੋਈ ਜਵਾਨੀ ਨੇ ਵਿਦੇਸ਼ਾਂ ਵਲ ਰੁਖ ਕਰ ਲਿਆ ਹੈ। ਕਿਸੇ ਦੇ ਘਰ ਜਾਓ, ਹੋਰ ਗੱਲਾਂ-ਬਾਤਾਂ ਕਰਨ ਤੋਂ ਬਾਅਦ ਇਹੋ ਗੱਲ ਤੁਰਦੀ ਹੈ ਕਿ ਬੇਟਾ-ਬੇਟੀ ਕਿਹੜੇ ਦੇਸ਼ ਜਾ ਰਿਹਾ ਹੈ, ਜਾਂ ਗਿਆ ਹੈ। ਪਹਿਲਾਂ ਮੁੰਡੇ ਵਾਲੇ ਕੁੜੀ ਵਾਲਿਆਂ ਤੋਂ ਦਾਜ ਮੰਗਦੇ ਸਨ ਪਰ ਹੁਣ ਤਾਂ ਬਾਕਾਇਦਾ ਅਖ਼ਬਾਰਾਂ ਵਿੱਚ ਇਸ਼ਤਿਹਾਰ ਛਪਦੇ ਹਨ ਕਿ ਬਾਹਰ ਜਾਣ ਦਾ ਸਾਰਾ ਖਰਚਾ ਮੁੰਡੇ ਵਾਲਿਆਂ ਵੱਲੋਂ ਓਟਿਆ ਜਾਵੇਗਾ। ਇਸਦਾ ਕਾਰਨ ਇਹ ਹੈ ਕਿ ਕੁੜੀਆਂ ਦੇ ਮੁਕਾਬਲੇ ਮੁੰਡੇ ਪੜ੍ਹਾਈ ਵਿੱਚ ਪਛੜਨ ਲੱਗ ਪਏ ਹਨ। ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚ ਜਿਵੇਂ ਕਿਸੇ ਸਮੇਂ ਲੁਧਿਆਣੇ ਦੇ ਬੱਸ ਅੱਡੇ ਕੋਲ ਗਾਇਕਾਂ-ਗਾਇਕਾਵਾਂ ਦੇ ਬੋਰਡ ਲੱਗੇ ਹੁੰਦੇ ਸਨ, ਉਸੇ ਤਰ੍ਹਾਂ ਹੁਣ ਆਈਲੈਟਸ ਕਰਵਾਉਣ ਵਾਲਿਆਂ ਦੇ ਬੋਰਡ ਨਜ਼ਰ ਆਉਂਦੇ ਹਨ। ਨੌਜਵਾਨ ਮੁੰਡੇ-ਕੁੜੀਆਂ ਪੜ੍ਹਾਈ ਉੱਤੇ ਆਸ ਰੱਖਣ ਦੇ ਨਾਲ-ਨਾਲ ਜਾਦੂ-ਟੂਣਿਆਂ ਵਾਲਿਆਂ ਦਾ ਵੀ ਸਹਾਰਾ ਲੈਣ ਲੱਗ ਪਏ ਹਨ। ਆਈਲੈਟਸ ਕਰਾਉਣ ਵਾਲਿਆਂ ਦੇ ਮੁਕਾਬਲੇ ਹੀ ਤਾਂਤਰਿਕਾਂ ਦੇ ਡੇਰਿਆਂ ਉੱਤੇ ਮੁੰਡੇ-ਕੁੜੀਆਂ ਦੇ ਝੁੰਡ ਵੀ ਦੇਖੇ ਜਾਂਦੇ ਹਨ। ਇਕ ਦਿਨ ਸਵੇਰੇ-ਸਵੇਰੇ ਜਦੋਂ ਮੋਬਾਇਲ ਦੇਖਿਆ ਤਾਂ ਵਸਟਐਪ ਉੱਤੇ ਮਾਨਸਾ ਜ਼ਿਲ੍ਹੇ ਦੇ ਪਿੰਡ ਜੋਗੇ ਕੋਲ ਜਾਂਦੇ ਇੱਕ ਸੂਏ ਦੀ ਕਹਾਣੀ ਫਿਲਮਾਈ ਹੋਈ ਸੀ, ਜਿਸ ਵਿੱਚੋਂ ਕੁਝ ਮੁੰਡਿਆਂ ਨੇ ਤਰਦੇ ਚਾਰ ਖੋਪੇ ਦੇ ਗੁਟ ਕੱਢੇ। ਇਨ੍ਹਾਂ ਚੌਹਾਂ ਉੱਤੇ ਅਲੱਗ-ਅਲੱਗ ਲਾਲ ਖੰਮਣੀਆਂ ਨਾਲ ਕਾਗਜ਼ ਦੀਆਂ ਪਰਚੀਆਂ ਬੰਨ੍ਹੀਆਂ ਹੋਈਆਂ ਸਨ, ਜਿਨ੍ਹਾਂ ਉੱਤੇ ਕੁੜੀ ਦੇ ਨਾਂ ਦੀ ਪਰਚੀ ਲਿਖੀ ਹੋਈ ਸੀ ਕਿ ਛੇਤੀ ਤੋਂ ਛੇਤੀ ਆਸਟਰੇਲੀਆ ਵਗ ਜਾਵੇ ਤੇ ਗੋਲਡੀ ਬੁਲਾ ਲਵੇ ਫੋਨ ਕਰਕੇ। ਖਵਾਜ਼ਾ ਬਲੀ - ਕਰਦੇ ਭਲੀ। ਖੋਪੇ ਦੇ ਗੁੱਟ ਕੱਢਣ ਵਾਲੇ ਮੁੰਡੇ ਸ਼ਾਇਦ ਅਜਿਹੇ ਪਾਖੰਡਾਂ ਤੋਂ ਸੁਚੇਤ ਸਨ, ਇਸੇ ਕਾਰਨ ਹੀ ਉਹ ਸੰਦੇਸ਼ ਵੀ ਦਿੰਦੇ ਹਨ ਕਿ ਜੇ ਇਸ ਤਰ੍ਹਾਂ ਖੋਪੇ ਦੇ ਗੁੱਟ ਤਾਰਨ ਨਾਲ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ ਜਾਣ ਲੱਗ ਜਾਣ, ਫਿਰ ਆਈਲੈਟਸ ਅਤੇ ਪੜ੍ਹਾਈਆਂ ਕਰਨ ਦਾ ਕੀ ਫਾਇਦਾ ? ਵਿਦੇਸ਼ ਜਾਣ ਲਈ ਪੜ੍ਹਾਈ ਕਰਨ ਤੋਂ ਬਾਅਦ ਸੱਤ ਬੈਂਡ ਅਤੇ ਬਾਪੂ ਦੀ ਜੇਬ ਵਿੱਚ ਲਗਭਗ 20 ਲੱਖ ਰੁਪਏ ਚਾਹੀਦੇ ਹਨ ਭਾਵੇਂ ਉਹ ਕਿੱਲੇ ਵੇਚੇ, ਜਾਹੇ ਘਰ। ਇਸੇ ਵਿਸ਼ੇ ਨਾਲ ਸਬੰਧਤ ਅਖ਼ਬਾਰ ਵਿੱਚ ਛਪੀ ਖ਼ਬਰ ਉੱਤੇ ਨਜ਼ਰ ਪਈ ਕਿ ਦਿੜ੍ਹਬੇ ਨੇੜਲੇ ਪਿੰਡ ਖਾਨਪੁਰ ਫਕੀਰਾਂ ਵਿੱਚੋਂ ਦੀ ਲੰਘਦੀ ਨਹਿਰ



**ਬਾਕੀ ਸਫ਼ਾ 35 'ਤੇ**




# ਪਾਠਕਾਂ ਦਾ ਨਜ਼ਰੀਆ

## ਅੰਮ੍ਰਿਤਧਾਰੀ ਗੁਰੂ ਦਾ ਮਾਡਲ ਹੋਵੇ

ਅੰਮ੍ਰਿਤਧਾਰੀ ਗੁਰੂ ਦਾ ਮਾਡਲ ਹੋਣਾ ਚਾਹੀਦਾ। ਅੰਮ੍ਰਿਤ ਦੀ ਦਾਤ ਏਨੀ ਸਸਤੀ ਨਹੀਂ ਕਿ ਜਣਾ ਖਣਾ ਛਕੀ ਫਿਰੇ। ਸਾਧਾਂ ਸੰਤਾਂ ਤੇ ਹੋਰਨਾਂ ਪਖੰਡੀਆਂ ਨੇ ਇਹ ਦਾਤ ਏਨੀ ਸਸਤੀ ਕਰ ਦਿੱਤੀ ਕਿ ਅੰਮ੍ਰਿਤ ਦਾ ਸੰਕਲਪ ਰੋਲ ਕੇ ਰੱਖ ਦਿਤਾ। ਜਦੋਂ ਮੈਂ ਬਾਣੇ ਵਿਚ ਇਹਨਾਂ ਠੱਗਾਂ ਮਸੰਦਾਂ, ਦੂਜਿਆਂ ਦਾ ਹੱਕ ਮਾਰਨ ਵਾਲਿਆਂ ਨੂੰ ਦੇਖਦਾ ਹਾਂ ਤੇ ਇਹਨਾਂ ਦੇ ਪਖੰਡ ਨੂੰ ਦੇਖਦਾ ਹਾਂ ਤਾਂ ਆਪਣੇ ਗੁਰੂ ਦਸਮੇਸ਼ ਨੂੰ ਬੇਨਤੀ ਕਰਦਾ ਹਾਂ ਕਿ ਹੇ ਮਹਾਨ ਗੁਰੂ ਪਿਤਾ ਤੁਸਾਂ ਮਲਕ ਭਾਗੋਆਂ, ਮਸੰਦਾਂ ਨੂੰ ਅੰਮ੍ਰਿਤ ਛਕਾਇਆ ਨਹੀਂ ਸੀ ਤੇ ਇਹ ਕਿਥੋਂ ਤੇ ਕਿਉਂ ਪੈਦਾ ਹੋ ਰਹੇ ਹਨ। ਇਕ ਵਾਰ ਬਹੁਤ ਤੇ ਇਹਨਾਂ ਦਾ ਮਸੰਦਾਂ ਵਾਲਾ ਹਾਲ ਕਰ ਤਾਂ ਜੋ ਸਿੱਖੀ ਬਚ ਸਕੇ। ਸਿੱਖ ਕੌਮ ਦੇ ਇਸ ਬਿਖੜੇ ਸਮੇਂ ਦੇ ਸਿੱਖ ਆਗੂਆਂ ਦੀ ਸੋਝੀ, ਸਿਆਣਪ ਤੇ ਬੌਧਿਕ ਪੱਧਰ ਨੂੰ ਦੇਖਦਿਆਂ ਭਾਈ ਗੁਰਦਾਸ ਜੀ ਦੀ 35ਵੀਂ ਵਾਰ ਦੀ 22ਵੀਂ ਪਉੜੀ ਦੀ ਇਹ ਤੁਕ ਅੱਜ ਸਾਡੀ ਕੌਮ ਦੀ ਅਧੋਗਤੀ ਤੇ ਢੁੱਕਦੀ ਨਜ਼ਰ ਆਉਂਦੀ ਹੈ ;

ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ॥
ਆਗੂ ਲੈ ਉਝੜਿ ਪਵੈ, ਕਿਸੁ ਕਰੈ ਪੁਕਾਰਾ॥

-ਬਲਵਿੰਦਰ ਪਾਲ ਸਿੰਘ

## ਮੋਦੀ ਮਾਡਲ ਨੇ ਭਾਰਤ ਦਾ ਕੌਮਾਂਤਰੀ ਪੱਧਰ 'ਤੇ ਜਲੂਸ ਕੱਢਿਆ

ਰਾਜਸੀ ਹਾਲਾਤ ਸੰਗਠਨਾਂ ਨੂੰ ਕਿਥੋਂ ਦਾ ਕਿਥੇ ਪਹੁੰਚਾ ਦਿੰਦੇ ਹਨ। ਆਰਐਸਐਸ ਸੱਤਰ ਸਾਲਾਂ ਤੋਂ ਕਾਂਗਰਸ ਨੂੰ ਭੰਡਦੀ ਆ ਰਹੀ ਸੀ ਕਿ ਉਹ ਹਰ ਐਰੇ ਗੈਰੇ, ਖਾਸ ਤੌਰ ਤੇ ਮੁਸਲਮਾਨਾਂ ਨੂੰ , ਪਰਸੰਨ ਕਰਨ ਦੀਆਂ ਨੀਤੀਆਂ ਅਪਣਾਉਂਦੀ ਹੈ।

ਸਾਬਕ ਭਾਰਤੀ ਕੂਟਨੀਤਕ ਐਮ ਕੇ ਬਹਾਦਰ ਕੁਮਾਰ ਖੁੱਲੇ ਤੌਰ ਤੇ ਕਹਿ ਰਿਹਾ ਹੈ ਕਿ ਕਸ਼ਮੀਰ ਨਾਲ ਸਬੰਧਤ 5 ਅਗਸਤ 2019 ਵਾਲੇ ਫੈਸਲਿਆਂ ਕਾਰਨ ਬਣੇ ਕੌਮਾਂਤਰੀ ਹਾਲਾਤ ਨੂੰ ਸ਼ਾਂਤ ਕਰਨ ਲਈ ਮੋਦੀ ਸਰਕਾਰ ਤਿੰਨ ਤਾਕਤਾਂ-ਰੂਸ, ਫਰਾਂਸ ਤੇ ਅਮਰੀਕਾ -ਨੂੰ ਰਿਆਇਤਾਂ ਤੇ ਰਿਆਇਤਾਂ ਦੇ ਰਹੀ ਹੈ। ਆਪ ਕਰਜ਼ੇ ਦੇ ਬੋਝ ਨਾਲ ਪਿਸ ਰਿਹਾ ਭਾਰਤ ਰੂਸ ਜਿਹੇ ਵਿਕਸਤ ਦੇਸ ਨੂੰ 720 ਕਰੋੜ ਰੁਪਏ ਦਾ ਕਰਜ਼ਾ ਦੇ ਰਿਹਾ ਹੈ। ਫਰਾਂਸ ਨੂੰ ਜੰਗੀ ਸਾਮਾਨ ਦੇ ਆਰਡਰ ਤੇ ਆਰਡਰ ਦਿਤੇ ਜਾ ਰਹੇ ਹਨ।

ਕਸ਼ਮੀਰ ਦੇ ਸਾਬਕ ਖਜ਼ਾਨਾ ਮੰਤਰੀ ਹਸੀਬ ਏ ਡਰੈਬੂ ਅਨੁਸਾਰ ਭਾਰਤ ਸਰਕਾਰ ਨੇ 5 ਅਗਸਤ ਤੋਂ ਪਿਛੋਂ ਕਸ਼ਮੀਰ ਅੰਦਰ ਉਹ ਕੁਝ ਕੀਤਾ ਹੈ, ਜਿਸ ਦਾ ਦੇਸ ਵਾਸੀਆਂ ਨੂੰ ਕੋਈ ਇਲਮ ਨਹੀਂ। ਇਸ ਨੇ ਕਸ਼ਮੀਰੀਆਂ ਨੂੰ ਜਿੱਤਣ ਲਈ ਮਾਇਆ ਵੰਡਣ ਦਾ ਹੜ੍ਹ ਲੈ ਆਂਦਾ ਹੈ।

366 ਕਰੋੜ ਰੁਪਏ ਸਿੱਧੇ ਪੰਚਾਇਤਾਂ ਦੇ ਖਾਤਿਆਂ ਵਿਚ ਭੇਜ ਦਿਤੇ ਹਨ, ਹਰ ਸਰਪੰਚ ਨੂੰ 2500 ਰੁਪਏ, ਹਰ ਪੰਚਾਇਤ ਮੈਂਬਰ ਨੂੰ 1000 ਰੁਪਏ ਹਰ ਮਹੀਨੇ ਤਨਖਾਹ ਲਾ ਦਿਤੀ ਹੈ।

ਕਸ਼ਮੀਰੀ ਪੰਚਾਇਤਾਂ ਦਾ ਹਿਸਾਬ ਕਿਤਾਬ ਰੱਖਣ ਲਈ 2000 ਖਜ਼ਾਨਚੀ ਭਰਤੀ ਕਰ ਲਏ ਹਨ। ਇਸੇ ਤਰਾਂ ਸ਼ਹਿਰੀ ਲੋਕਲ ਬਾਡੀਆਂ ਦੇ ਮੇਅਰਾਂ, ਡਿਪਟੀ ਮੇਅਰਾਂ ਤੇ ਕੌਂਸਲਰਾਂ ਨੂੰ ਦੇਸ ਵਿਚੋਂ ਸਭ ਤੋਂ ਵੱਧ ਮਹੀਨੇਵਾਰ ਤਨਖਾਹਾਂ ਲਾ ਦਿਤੀਆਂ ਹਨ।

ਆਂਗਨਵਾੜੀ ਵਰਕਰਾਂ ਤੇ ਸਹਾਇਕਾਂ ਦੀਆਂ ਤਨਖਾਹਾਂ 25 ਫੀਸਦੀ ਵਧਾ ਦਿਤੀਆਂ ਹਨ । ਅਦਾਲਤੀ ਸਹਾਇਕਾਂ ਦੇ ਵਜ਼ੀਫੇ 66 ਫੀਸਦੀ ਵਧਾ ਦਿਤੇ ਹਨ। ਪੇਂਡੂ ਕਾਮਿਆਂ ਦੀਆਂ ਤਨਖਾਹਾਂ ਪੰਜ ਗੁਣਾ ਕਰ ਦਿਤੀਆਂ ਹਨ, 30000 ਵਿਸ਼ੇਸ਼ ਪੁਲਿਸ ਅਫਸਰਾਂ ਦੇ ਮਿਹਨਤਾਨੇ ਅਤੇ ਪੁਲਿਸ ਦੇ 'ਔਖਿਆਈ ਅਲਾਊਂਸ' ਵਿਚ ਵਾਧਾ ਕਰ ਦਿਤਾ ਹੈ। ਬੁਢਾਪਾ ਪੈਨਸ਼ਨ ਦੇ ਘੇਰੇ ਵਿਚ 40,000 ਨਵੇਂ ਕਸ਼ਮੀਰੀ ਲੈ ਆਂਦੇ ਹਨ।

ਸੇਬਾਂ ਦੀ ਸਰਕਾਰੀ ਖਰੀਦ ਦੇ ਭਾਅ ਮਾਰਕਿਟ ਤੋਂ ਚੌਖੇ ਉਪਰ ਚੁੱਕ ਦਿਤੇ ਹਨ। ਇਸ ਮਕਸਦ ਲਈ ਨੈਫੇਡ ਵਾਸਤੇ 5500 ਕਰੋੜ ਰੁਪਏ ਨਿਰਧਾਰਤ ਕਰ ਦਿਤੇ ਹਨ।

ਸਕੂਲਾਂ ਲਈ 4000 ਟੀਚਰ ਭਰਤੀ ਕਰ ਲਏ ਹਨ, 30, 000 ਰਹਿਬਰੇ ਤਾਲੀਮ ਵੱਖਰੇ ਰੱਖੇ ਹਨ। ਚੀਨ ਵਿਚ ਅਧਿਆਪਕ ਵਿਦਿਆਰਥੀ ਅਨੁਪਾਤ 1:19 ਹੈ, ਗੁਜਰਾਤ ਵਿਚ 1:32 ਹੈ, ਬਿਹਾਰ ਵਿਚ 1:57 ਹੈ ਪਰ ਕਸ਼ਮੀਰ ਵਿਚ ਇਹ ਅਨੁਪਾਤ 1:16 ਕਰ ਦਿਤਾ ਹੈ।

ਦਿਲਚਸਪ ਤੱਥ ਇਹ ਹੈ ਕਿ ਇਹ ਸਭ ਕੁਛ ਰਸਸ ਦੇ ਜ਼ਰਖੇਜ਼ ਦਿਮਾਗਾਂ ਦੀ ਉਤਪਤੀ ਨਹੀਂ ਸਗੋਂ ਨਹਿਰੂ ਸਰਕਾਰ ਵੇਲੇ ਦੇ ਭ੍ਰਿਸ਼ਟ ਮਾਡਲ ਦਾ ਹੀ ਨਵਾਂ/ਪੁਰਾਣਾ ਰੂਪ ਹੈ। ਨਹਿਰੂ ਵੇਲੇ ਦੀਆਂ ਮਿਸਾਲਾਂ ਦੱਸਦੀਆਂ ਹਨ ਕਿ 1954 ਵਿਚ ਜਦ 370 ਵਿਚ ਵੱਡਾ ਘੋਟ ਰਲਾਇਆ ਗਿਆ ਸੀ ਤਾਂ ਉਸ ਵੇਲੇ ਤਟ ਫਟ ਝੋਨੇ ਦੀ ਖਰੀਦ ਕੀਮਤ 35 ਫੀਸਦੀ ਵਧਾ ਦਿਤੀ ਸੀ, ਵੇਚਣ ਭਾਅ 18 ਫੀਸਦੀ ਘਟਾ ਦਿਤੇ ਸਨ ਅਤੇ ਰਾਸ਼ਨ ਕੋਟਾ 25 ਫੀਸਦੀ ਵਧਾ ਦਿਤਾ ਸੀ। ਚੌਲ ਕਸ਼ਮੀਰੀਆਂ ਲਈ 36 ਪੈਸੇ ਪ੍ਰਤੀ ਕਿਲੋ ਦੇ ਹਿਸਾਬ ਦਿਤੇ ਜਾ ਰਹੇ ਸਨ।

ਉਹੀ ਨਹਿਰੂ ਵਾਲਾ ਭ੍ਰਿਸ਼ਟਾਚਾਰੀ ਮਾਡਲ ਪਰਤ ਆਇਆ ਹੈ ਜੋ ਪਹਿਲਾਂ ਹੀ ਬੁਰੀ ਤਰਾਂ ਫੇਲ੍ਹ ਹੋ ਚੁੱਕਾ ਹੈ ਅਤੇ ਜਿਸ ਨੇ ਪਿਛਲੇ ਲੰਮੇ ਅਰਸੇ ਵਿਚ ਕਸ਼ਮੀਰ ਦਾ ਕੋਈ ਵਿਕਾਸ ਨਹੀਂ ਕੀਤਾ। ਕਸ਼ਮੀਰੀ ਰੋਟੀ -ਕੱਪੜਾ ਬਨਾਮ ਆਜ਼ਾਦੀ ਵਿਚੋਂ ਦੂਜੇ ਸਥਾਨ ਵਾਲੀ ਚੀਜ਼ ਨੂੰ ਪਹਿਲ ਦਿੰਦੇ ਹਨ। ਉਨਾਂ ਲਈ ਆਪਣੀ ਪਛਾਣ ਦੀ ਸਥਾਪਨਾ ਕਿਤੇ ਵਧ ਕੀਮਤੀ ਹੈ ਪਰ ਮੋਦੀ ਦੇ ਇਸ ਨਹਿਰੂ ਮਾਰਕਾ ਮਾਡਲ ਨੇ ਭਾਰਤ ਦਾ ਕੌਮਾਂਤਰੀ ਤੌਰ ਤੇ ਜਲੂਸ ਜ਼ਰੂਰ ਕੱਢ ਕੇ ਰਖ ਦਿਤਾ ਹੈ।

**ਸੁਖਦੇਵ ਸਿੰਘ**, ਸੀਨੀਅਰ ਪੱਤਰਕਾਰ

## ਸਰਦਾਰਾ ਸਿੰਘ ਜੌਹਲ ਦੀ ਪੁਕਾਰ

"ਮੈਨੂੰ ਮੇਰੀ ਪਸੰਦ ਦਾ ਮੁੱਖ ਮੰਤਰੀ ਦਿਉ ਤੇ ਜੇ ਪੰਜਾਂ ਸਾਲਾਂ 'ਚ ਪੰਜਾਬ ਨੂੰ ਮੁੜ ਖੜ੍ਹਾ ਨਾ ਕੀਤਾ ਤਾਂ ਬੇਸ਼ੱਕ ਮੈਨੂੰ ਚੌਕ 'ਚ ਖੜ੍ਹਾ ਕੇ ਗੋਲੀ ਮਾਰ ਦਿਓ! ਇਹ ਕਹਿਣਾ ਹੈ 'ਖੇਤੀ ਅਰਥਚਾਰੇ ਦੇ ਧਰੂ ਤਾਰੇ' ਡਾ. ਸਰਦਾਰਾ ਸਿੰਘ ਜੌਹਲ ਦਾ। ਡਾ. ਜੌਹਲ ਵਿਦਵਤਾ ਦਾ ਭਰ ਵਗਦਾ ਦਰਿਆ ਹੈ। ਗਿਆਨ ਦਾ ਲਟ-ਲਟ ਬਲਦਾ ਚਿਰਾਗ ਜਿਸ ਨਾਲ ਨਿੱਤ ਨਵੇਂ ਦੀਵੇ ਜਗਦੇ ਹਨ। ਉਨ੍ਹਾਂ ਦੀ ਸਵੈ-ਜੀਵਨੀ 'ਰੰਗਾਂ ਦੀ ਗਾਗਰ' ਲੱਖਾਂ ਪਾਠਕਾਂ ਨੇ ਪੜ੍ਹੀ ਹੈ ਜਿਸ ਦੇ ਅਨੇਕਾਂ ਐਡੀਸ਼ਨ ਛਪ ਚੁੱਕੇ ਹਨ। ਉਨ੍ਹਾਂ ਨੂੰ ਵਡੇਰੀ ਉਮਰ ਵਿਚ ਵੀ ਆਹਰੇ ਲੱਗੇ ਵੇਖ ਕੇ ਹਰ ਕਿਸੇ ਨੂੰ ਪ੍ਰੇਰਨਾ ਮਿਲਦੀ ਹੈ ਕਿ ਆਪਾਂ ਵੀ ਕੁਝ ਕਰੀਏ। ਉਸੇ ਪ੍ਰੇਰਨਾ ਸਦਕਾ ਮੈਥੋਂ ਉਨ੍ਹਾਂ ਦੀ ਜੀਵਨੀ 'ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ" ਲਿਖੀ ਗਈ ਸੀ।

ਡਾ. ਜੌਹਲ ਕੌਮਾਂਤਰੀ ਪੱਧਰ ਦੇ ਖੇਤੀ ਅਰਥ-ਸ਼ਾਸਤਰੀ ਹਨ। ਉਨ੍ਹਾਂ ਦੀਆਂ ਸੇਵਾਵਾਂ ਕੌਮਾਂਤਰੀ ਪੱਧਰ ਤਕ ਪਹੁੰਚੀਆਂ ਹਨ। ਉਹ ਸੱਚੇ-ਸੁੱਚੇ, ਸੁਹਿਰਦ, ਇਮਾਨਦਾਰ ਤੇ ਉੱਚੇ ਕਿਰਦਾਰ ਦੇ ਮਾਲਕ ਹਨ। ਵਿਦਵਤਾ ਦੇ ਬਾਬਾ ਬੋਹੜ। ਉਹ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਚਾਰ ਸਾਲ ਵੱਡੇ ਹਨ। ਦੋਵੇਂ ਸਰਦਾਰ ਧੁਰੰਤਰ ਅਰਥ-ਸ਼ਾਸਤਰੀ ਹਨ ਜੋ ਪੱਛਮੀ ਪੰਜਾਬ ਵਿਚ ਜੰਮੇ-ਪਲੇ। ਡਾ. ਮਨਮੋਹਨ ਸਿੰਘ ਦਾ ਪਿੰਡ ਪੋਠੋਹਾਰ ਵਿਚ ਗਾਹ ਹੈ ਅਤੇ ਡਾ. ਜੌਹਲ ਦਾ ਬਾਰ ਵਿਚ ਚੱਕ 104 ਸਮਰਾ-ਜੰਡਿਆਲਾ। ਦੇਸ਼ ਦੀ ਵੰਡ ਸਮੇਂ ਇਹ ਪਿੰਡ ਪਾਕਿਸਤਾਨ ਵਿਚ ਰਹਿ ਗਏ। ਪਾਕਿਸਤਾਨ 'ਚੋਂ ਉੱਜੜੇ ਇਹ ਦੋਵੇਂ ਪੇਂਡੂ ਨੌਜਵਾਨ ਚੜ੍ਹਦੇ ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਭਾਰਤੀ ਯੂਨੀਵਰਸਿਟੀਆਂ ਦੇ ਮਾਣਯੋਗ ਪ੍ਰੋਫੈਸਰ ਬਣੇ। ਦੋਹਾਂ ਨੇ ਯੂਐੱਨਓ ਵਿਚ ਸੇਵਾ ਕੀਤੀ, ਭਾਰਤੀ ਰਿਜ਼ਰਵ ਬੈਂਕ ਦੇ ਡਾਇਰੈਕਟਰ ਬਣੇ ਤੇ ਭਾਰਤ ਦੇ ਪ੍ਰਧਾਨ ਮੰਤਰੀਆਂ ਦੀਆਂ ਆਰਥਿਕ ਸਲਾਹਕਾਰ ਕੌਂਸਲਾਂ ਦੇ ਮੈਂਬਰ ਰਹੇ। ਡਾ. ਮਨਮੋਹਨ ਸਿੰਘ ਵਰਲਡ ਬੈਂਕ ਵਿਚ ਕੰਮ ਕਰਨ ਅਤੇ ਭਾਰਤ ਦਾ ਖ਼ਜ਼ਾਨਾ ਮੰਤਰੀ ਬਣਨ ਪਿੱਛੋਂ ਦੋ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਪਰ ਡਾ. ਜੌਹਲ ਰਾਜ ਸੱਤਾ ਮਗਰ ਨਾ ਗਏ।

ਡਾ. ਜੌਹਲ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਡਾਇਰੈਕਟਰ ਰਿਸਰਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਅਮਰੀਕਾ ਦੀ ਓਹਾਈਓ ਸਟੇਟ ਯੂਨੀਵਰਸਿਟੀ ਦੇ ਵਿਜ਼ਿਟਿੰਗ ਪ੍ਰੋਫੈਸਰ, ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਦੇ ਨੈਸ਼ਨਲ ਪ੍ਰੋਫੈਸਰ ਆਫ਼ ਐਮੀਨੈਂਸ ਇਨ ਇਕਨੌਮਿਕਸ, ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ ਦੇ ਚੇਅਰਮੈਨ, ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮਾਣਯੋਗ ਮੈਂਬਰ, ਡਾਇਰੈਕਟਰ ਸੈਂਟਰਲ ਗਵਰਨਿੰਗ ਬੋਰਡ ਆਫ ਰਿਜ਼ਰਵ ਬੈਂਕ, ਕੰਸਲਟੈਂਟ ਵਰਲਡ ਬੈਂਕ, ਐਡੀਟਰ ਇਨ ਚੀਫ ਮੈਨ ਐਂਡ ਡਿਵੈਲਪਮੈਂਟ ਮੈਗਜ਼ੀਨ ਅਤੇ ਯੋਜਨਾ ਬੋਰਡ ਪੰਜਾਬ ਦੇ ਉਪ ਚੇਅਰਮੈਨ ਰਹਿਣ ਪਿੱਛੋਂ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਦੇ ਪਹਿਲੇ ਚਾਂਸਲਰ ਬਣੇ।

ਬਣੇ ਤਾਂ ਉਹ ਹੋਰ ਵੀ ਬਹੁਤ ਕੁਝ ਪਰ ਸਿਆਸਤ ਦੀਆਂ ਪੌੜੀਆਂ ਨਹੀਂ ਚੜ੍ਹੇ। ਇਸੇ ਕਾਰਨ ਉਨ੍ਹਾਂ ਦੀ ਚਰਚਾ ਡਾ. ਮਨਮੋਹਨ ਸਿੰਘ ਜਿੰਨੀ ਨਹੀਂ ਹੋਈ। ਚੋਣ ਲੜਨ ਦਾ ਮੌਕਾ ਮਿਲਣ ਦੇ ਬਾਵਜੂਦ ਉਨ੍ਹਾਂ ਸਿਆਸੀ ਚੋਣ ਲੜਨ ਦੀ ਹਾਮੀ ਨਹੀਂ ਭਰੀ। ਹਾਮੀ ਭਰਦੇ ਤਾਂ ਪੰਜਾਬ/ਕੇਂਦਰ ਦੇ ਵਿੱਤ ਮੰਤਰੀ ਸਹਿਜੇ ਹੀ ਬਣ ਸਕਦੇ ਸਨ। ਗਵਰਨਰ ਲੱਗ ਸਕਦੇ ਸਨ, ਰਾਜਦੂਤ ਹੋ ਸਕਦੇ ਸਨ, ਉਪ ਰਾਸ਼ਟਰਪਤੀ ਤੇ ਰਾਸ਼ਟਰਪਤੀ ਬਣਨ ਦੇ ਰਾਹ ਪੈ ਸਕਦੇ ਸਨ। ਉਨ੍ਹਾਂ ਦਾ ਬਿੰਬ ਇਕ ਸਾਊ, ਸਾਦੇ, ਮਿਹਨਤੀ, ਮਿਲਾਪੜੇ ਤੇ ਖੁੱਲ੍ਹਦਿਲੇ ਵਿਦਵਾਨ ਦਾ ਬਣਿਆ ਹੋਇਆ ਹੈ। ਵੱਡੇ ਹੋ ਕੇ ਵੀ ਉਹ ਕਿਸੇ ਨੂੰ ਆਪਣੀ ਵਡੱਪਣ ਮਹਿਸੂਸ ਨਹੀਂ ਹੋਣ ਦਿੰਦੇ। ਹਰੇਕ ਨੂੰ ਇੰਜ ਲੱਗਦੈ ਜਿਵੇਂ ਆਪਣਾ ਪਰਿਵਾਰਕ ਵਡੇਰਾ ਹੋਵੇ। ਡਾ. ਜੌਹਲ ਅਤੇ ਡਾ. ਮਨਮੋਹਨ ਸਿੰਘ ਕੱਚੇ ਕੋਠਿਆਂ ਵਾਲੇ ਪਿੰਡਾਂ ਵਿਚ ਜੰਮੇ-ਪਲੇ ਤੇ ਤੱਪੜਾਂ ਵਾਲੇ ਸਕੂਲਾਂ ਵਿਚ ਅਨਟ੍ਰੇਂਡ ਅਧਿਆਪਕਾਂ ਤੋਂ ਪੜ੍ਹੇ। ਦੋਹਾਂ ਨੇ ਮੁੱਢਲੇ ਅੱਖਰ ਅਲਫ਼ ਬੇ ਅਤੇ ਏਕਾ-ਦੂਆ ਰੇਤੇ ਉਤੇ ਲਿਖਣੇ ਸਿੱਖੇ। ਉਨ੍ਹਾਂ ਦਾ ਆਲਾ-ਦੁਆਲਾ ਅਨਪੜ੍ਹ ਲੋਕਾਂ ਦਾ ਸੀ ਜਿੱਥੇ ਮੈਟ੍ਰਿਕ ਪਾਸ ਵੀ ਕੋਈ ਘੱਟ ਹੀ ਮਿਲਦਾ ਸੀ। ਸਕੂਲਾਂ ਦੇ ਉਸਤਾਦ ਵੀ ਅੱਠ-ਦਸ ਜਮਾਤਾਂ ਹੀ ਪੜ੍ਹੇ ਹੁੰਦੇ ਸਨ। ਬਹੁਤਿਆਂ ਨੇ ਮਾਸਟਰੀ ਦਾ ਕੋਈ ਕੋਰਸ ਨਹੀਂ ਸੀ ਕੀਤਾ ਹੁੰਦਾ ਪਰ ਉਨ੍ਹਾਂ ਅੰਦਰ ਪੜ੍ਹਾਈ ਕਰਾਉਣ ਦਾ ਮਿਸ਼ਨਰੀ ਜਜ਼ਬਾ ਹੁੰਦਾ ਸੀ।

ਉਦੋਂ ਪਿੰਡਾਂ ਵਿਚ ਸ਼ਹਿਰੀ ਵਿੱਦਿਆ ਦਾ ਚਾਨਣ ਨਹੀਂ ਸੀ ਅੱਪੜਿਆ। ਵਿਦਿਆਰਥੀਆਂ ਦੇ ਪੜ੍ਹਨ-ਲਿਖਣ ਲਈ ਕਾਇਦੇ ਤੇ ਫੱਟੀਆਂ ਸਨ। ਕਾਨਿਆਂ ਦੀਆਂ ਕਲਮਾਂ, ਸੂਫ ਦੀ ਸਿਆਹੀ ਤੇ ਫੱਟੀਆਂ ਪੋਚਣ ਲਈ ਗਾਚਣੀ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਉਸ ਮਾਹੌਲ ਵਿਚ ਮੁੱਢਲੀ ਵਿੱਦਿਆ ਹਾਸਲ ਕਰਨ ਵਾਲੇ ਸਰਦਾਰਾ ਸਿੰਘ ਅਤੇ ਮਨਮੋਹਨ ਸਿੰਘ ਵਿਸ਼ਵ ਦੇ ਉੱਘੇ ਅਰਥ-ਸ਼ਾਸਤਰੀ ਬਣੇ।

ਸਵਾਲ ਪੈਦਾ ਹੁੰਦਾ ਹੈ ਕਿ ਅੱਜਕੱਲ੍ਹ ਮਹਿੰਗੀਆਂ ਫੀਸਾਂ ਲੈਣ ਵਾਲੇ, ਟਿਊਸ਼ਨਾਂ ਕਰਨ-ਕਰਾਉਣ ਵਾਲੇ, ਬੱਚਿਆਂ ਤੋਂ ਬਚਪਨ ਦੀ ਬਾਦਸ਼ਾਹੀ ਖੋਹਣ ਵਾਲੇ, ਕਿਤਾਬਾਂ-ਕਾਪੀਆਂ ਦੇ ਭਾਰ ਹੇਠਾਂ ਬੱਚਿਆਂ ਨੂੰ ਦਬਾਉਣ ਵਾਲੇ, ਸਿਹਤਾਂ ਗੁਆਉਣ ਵਾਲੇ, ਐਨਕਾਂ ਲੁਆਉਣ ਵਾਲੇ ਅਤੇ ਇਮਤਿਹਾਨਾਂ ਦੀਆਂ ਚਿੰਤਾਵਾਂ ਵਿਚ ਡਬੋਈ ਰੱਖਣ ਵਾਲੇ ਮਾਡਲ ਸਕੂਲ ਕਾਹਦੇ ਲਈ ਵਧੀ-ਫੁੱਲੀ ਜਾਂਦੇ ਹਨ? ਵਿਦਿਆਰਥੀਆਂ ਨੂੰ ਉਹ ਜੋ ਬਣਾਉਂਦੇ ਹਨ ਉਹ ਕਿਸੇ ਤੋਂ ਗੁੱਝੇ ਨਹੀਂ। ਲੋਕ ਭਲਾਈ ਕਰਨ ਵਾਲੇ ਇਮਾਨਦਾਰ ਇਨਸਾਨ ਬਣਾਉਣ ਦੀ ਥਾਂ ਉਹ ਜ਼ਿਆਦਾਤਰ ਪੈਸੇ ਕਮਾਉਣ ਦੀਆਂ ਮਸ਼ੀਨਾਂ ਤਿਆਰ ਕਰ ਰਹੇ ਹਨ। ਕਰੀਅਰ ਬਣਾਉਣ ਦੇ ਨਾਂ ਉਤੇ ਬੱਚਿਆਂ ਤੋਂ ਬਚਪਨ ਖੋਹ ਲੈਣਾ, ਜਵਾਨਾਂ ਤੋਂ ਜਵਾਨੀ ਅਤੇ ਬਜ਼ੁਰਗਾਂ ਤੋਂ ਬਜ਼ੁਰਗੀ, ਇਹ ਕਿੱਧਰਲੀ ਪੜ੍ਹਾਈ ਅਤੇ ਕਿੱਧਰਲੀ ਤਰੱਕੀ ਹੈ? ਸੋਚਣਾ ਚਾਹੀਦੈ ਕਿ ਸਾਡੀ ਸਿੱਖਿਆ ਨੀਤੀ ਸਾਡੇ ਬੱਚਿਆਂ ਨੂੰ ਕਿੱਧਰ ਨੂੰ ਲਿਜਾ ਰਹੀ ਹੈ? ਜੇ ਪੁਰਾਣੇ ਆਮ ਸਕੂਲ ਸੁਹਿਰਦ ਇਨਸਾਨ ਤੇ ਵਿਦਵਾਨ ਪੈਦਾ ਕਰਦੇ ਰਹੇ ਤਾਂ ਹੁਣ ਦੇ ਆਧੁਨਿਕ ਸਕੂਲਾਂ ਨੂੰ ਕੀ ਬਿਮਾਰੀ ਪਈ ਹੈ?

ਡਾ. ਨਿਰਮਲ ਸਿੰਘ ਲਾਂਬੜਾ ਨੇ ਸਹੀ ਲਿਖਿਆ ਹੈ, "ਡਾ. ਜੌਹਲ ਸਵੈਮਾਨੀ, ਅਣਖੀਲਾ, ਸੰਵੇਦਨਸ਼ੀਲ, ਸੋਚਵਾਨ, ਅੱਗੇਵਧੂ, ਧੀਰਜਵਾਨ ਤੇ ਕਿਰਤੀ ਮਨੁੱਖ ਹੈ। ਉਸ ਨੂੰ ਆਪਣੀ ਮਿੱਟੀ ਨਾਲ ਹਕੀਕੀ ਮੋਹ ਹੈ। ਉਹ ਹਮੇਸ਼ਾਂ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਦਾ ਹੈ। ਉਜੱਡਵਾਦ ਦੀ ਹਉਮੈ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੈ। ਪੇਂਡੂ ਪਿਛੋਕੜ, ਪੰਜਾਬੀ ਮਾਂ ਬੋਲੀ, ਹੱਥੀਂ ਕੰਮ ਕਰਨ, ਸਦਾ ਸੱਚ 'ਤੇ ਪਹਿਰਾ ਦੇਣ ਅਤੇ ਖਰੀ-ਖਰੀ ਕਹਿਣ 'ਤੇ ਸਾਡੇ ਵੱਡੇ ਵੀਰ ਜੌਹਲ ਨੂੰ ਜਿਹੜਾ ਮਾਣ ਹੈ, ਉਹ ਉੱਚੇ ਤੋਂ ਉੱਚੇ ਅਹੁਦੇ ਹਾਸਲ ਕਰਨ ਵਿਚ ਕਦੀ ਰੋੜਾ ਨਹੀਂ ਬਣਦਾ।'

ਭਾਰਤ ਸਰਕਾਰ ਨੇ ਪਿੱਛੇ ਜਿਹੇ ਉਨ੍ਹਾਂ ਨੂੰ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਆ ਸੀ। ਉਹ 92 ਸਾਲ ਦੇ ਹੋ ਕੇ ਵੀ ਜਵਾਨਾਂ ਵਾਲੇ ਜੋਸ਼ ਨਾਲ ਭਰੇ ਹੋਏ ਹਨ। ਅਜੇ ਵੀ 18 ਅਦਾਰਿਆਂ ਅਤੇ ਸਭਾਵਾਂ ਦੇ ਚੇਅਰਮੈਨ ਹਨ। ਹੁਣ ਉਹ ਲੋਕ ਜਮਹੂਰੀ ਅਧਿਕਾਰ ਲਹਿਰ ਦੀ ਅਗਵਾਈ ਕਰਨ ਲੱਗੇ ਹਨ। ਦੁਆ ਕਰਦੇ ਹਾਂ ਕਿ ਉਹ ਨਰੋਈ ਸਿਹਤ ਨਾਲ ਸੈਂਚਰੀ ਮਾਰਨ, ਵਿਦਵਤਾ ਦਾ ਚਾਨਣ ਵੰਡਦੇ ਰਹਿਣ ਅਤੇ ਪੰਜਾਬ ਨੂੰ ਪੈਰਾਂ ਸਿਰ ਕਰਨ ਵਿਚ ਸਹਾਈ ਹੋਣ। ਵੇਖਦੇ ਹਾਂ ਉਨ੍ਹਾਂ ਦੀ ਪੁਕਾਰ ਕਿੰਨੇ ਕੁ ਪੰਜਾਬੀਆਂ ਨੂੰ ਜਗਾਉਂਦੀ ਹੈ?

-ਪ੍ਰਿੰ. ਸਰਵਣ ਸਿੰਘ

## ਸਿੱਖ ਧਰਮ ਅਤੇ ਗਊ ਸੇਵਾ

ਗਊ ਪੂਜਾ ਹਿੰਦੂ ਕਰਦਾ ਹੈ ਕਿਉਂਕਿ ਹਿੰਦੂ ਸ਼ਾਸ਼ਤਰਾਂ ਅਨੁਸਾਰ ਗਊ ਵਿੱਚ ਤੇਤੀ ਕ੍ਰੋੜ ਦੇਵਤੇ ਨਿਵਾਸ ਕਰਦੇ ਹਨ। ਪਰ ਹਿੰਦੂ ਕੋਲ ਪੰਜਾਬ ਵਿੱਚ ਕੋਈ ਖੇਤ ਨਹੀਂ ਜਿਨ੍ਹਾਂ 'ਚ ਗਾਂਵਾਂ ਚਾਰੀਆਂ ਜਾ ਸਕਣ ਅਤੇ ਬਿਨਾ ਵਿਵਾਦ ਸਭ ਨੂੰ ਇਸ ਗੱਲ ਦਾ ਇਲਮ ਹੈ ਕਿ ਪੰਜਾਬ ਵਿੱਚ ਫਸਲ ਦੀ ਮਾਲਕੀ ਸਿੱਖਾਂ ਕੋਲ ਹੈ ਅਤੇ ਸਿੱਖ ਗਊ ਪੂਜਕ ਨਹੀਂ ਹਨ।

ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਗਊ ਨੂੰ ਹਿੰਦੂ ਦੇਵਤਿਆਂ ਨਾਲ ਭਰੀ ਹੋਣ ਕਰਕੇ ਨਫਰਤ ਕਰਦਾ ਹੈ ਅਤੇ ਉਸ ਦੀ ਸੇਵਾ ਨਹੀਂ ਕਰਦਾ। ਅਸਲ ਵਿੱਚ ਸਿੱਖ ਗਊ ਨੂੰ ਸਿਰਫ ਇੱਕ ਦੁਧਾਰੂ ਪਸ਼ੂ ਹੀ ਮੰਨਦਾ ਹੈ ਅਤੇ ਉਸ ਦੀ ਸੇਵਾ ਸਿਰਫ ਦੁੱਧ ਪ੍ਰਾਪਤ ਕਰਨ ਲਈ ਕਰਦਾ ਹੈ ਅਤੇ ਪਸ਼ੂ ਚਾਹੇ ਗਊ ਹੋਵੇ ਚਾਹੇ ਮੱਝ ਪਸ਼ੂ ਧਨ ਨੂੰ ਸਿੱਖ ਆਪਣੇ ਬੱਚਿਆਂ ਵਾਂਗ ਪਿਆਰ ਨਾਲ ਪਾਲਦਾ ਹੈ ਨਾਂ ਕਿ ਉਹਨਾਂ ਨੂੰ ਆਪਣੀਆਂ ਮਾਂਵਾਂ ਬਣਾ ਕੇ ਆਪ ਗਊ ਪੁੱਤਰ ਬਣਦਾ ਹੈ।

ਖਾਸ ਵਿਚਾਰਨਯੋਗ ਨੁਕਤਾ ਇਹ ਹੈ ਕਿ ਜਦ ਗਊ ਪੂਜਾ ਦਾ ਲਾਭ ਹਿੰਦੂ ਨੇ ਲੈਣਾ ਹੈ ਅਤੇ ਇਸ ਪੂਜਾ ਨਾਲ ਮਾਨਸਿਕ ਸੰਤੁਸ਼ਟੀ ਵੀ ਹਿੰਦੂ ਦੀ ਹੀ ਹੋਣੀ ਹੈ, ਤਾਂ ਸਿੱਖ ਗਊ ਨੂੰ ਭੇਟਾ ਕਿਓਂ ਅਰਪਣ ਕਰੇ, ਜਦ ਕਿ ਗਊ ਸਿੱਖ ਦਾ ਕੋਈ ਇਸ਼ਟ ਦੇਵ ਨਹੀਂ ਹੈ। ਜਿੱਥੇ ਹਿੰਦੂ ਰਾਸ਼ਟਰ ਹੋਣ ਦਾ ਸਬੂਤ ਦੇਂਦਿਆ ਮੌਜੂਦਾ ਦੌਰ ਵਿੱਚ ਭਾਰਤ ਸਰਕਾਰ ਆਮ ਜਨਤਾ ਤੋਂ ਗਊ ਕਰ ਦੇ ਨਾਮ ਤੇ ਮੋਟੀਆਂ ਰਕਮਾਂ ਵਸੂਲ ਰਹੀ ਹੈ ਅਤੇ ਸਿੱਖਾਂ ਨੂੰ ਵੀ ਇਹ ਟੈਕਸ ਨਾਂ ਚਾਹੁੰਦਿਆ ਹੋਈਆਂ ਵੀ ਦੇਣਾ ਪੈ ਰਿਹਾ ਹੈ, ਓਥੇ ਪਿਛਲੇ ਕੁਝ ਸਾਲਾਂ ਤੋਂ ਬਾਬਾ ਬਕਾਲਾ ਸਥਿਤ ਤਰਨਾ ਦਲ ਵੀ ਘੱਟ ਨਹੀਂ ਗੁਜਾਰ ਰਿਹਾ। ਇਹ ਗੱਲ ਮੇਰੀ ਸਮਝ ਤੋਂ ਪਰ੍ਹੇ ਦੀ ਹੈ ਕਿ ਗੁਰੂ ਕੀਆਂ ਇਹ ਲਾਡਲੀਆਂ ਫੌਜਾਂ ਹੁਣ ਖੁਦ ਨੂੰ ਹਿੰਦੂਆਂ ਤੋਂ ਵੀ ਵੱਡੇ ਗਊ ਪੁੱਤਰ ਅਖਵਾ ਕੇ ਮਾਨ ਮਹਿਸੂਸ ਕਰਨ ਤੱਕ ਸੀਮਤ ਨਹੀਂ ਹਨ ਬਲਕਿ ਇਹ ਗਊ ਮੂਤਰ ਪੀਣ ਤੱਕ ਵੀ ਉਤਾਰੂ ਹੋ ਚੁੱਕੇ ਹਨ ਅਤੇ ਆਮਣੇ ਤੇ ਅਕੀਦਾ ਰੱਖਣ ਵਾਲੇ ਕਈ ਸਿੱਖਾਂ ਨੂੰ ਗਊ ਮੂਤਰ ਪਿਆ ਵੀ ਚੁੱਕੇ ਹਨ।

ਇਹ ਅੱਖਰ ਲਿਖਦਿਆਂ ਮੇਰੇ ਮਨ ਵਿੱਚ ਇਕ ਸਵਾਲ ਉੱਠ ਰਿਹਾ ਆ ਕਿ ਕਿਤੇ ਇਹ ਅਖੌਤੀ ਨਿਹੰਗ ਆਰੀਆ ਸਮਾਜੀ ਸਵਾਮੀ ਦਇਆਨੰਦ ਸਰਸਵਤੀ ਦੀ ਤਰਜ ਤੇ ਸਿੱਖਾਂ ਦਾ ਸ਼ੁੱਧੀਕਰਨ ਤੇ ਨਹੀਂ ਕਰ ਰਹੇ ? ਇਹ ਸਵਾਲ ਇਸ ਲਈ ਵੀ ਜਰੂਰੀ ਹੈ ਕਿਉਂਕਿ ਨਿਹੰਗ ਸਿੰਘ ਪਹਿਲਾਂ ਵੀ ਖਾਲਸਾ ਪੰਥ ਵਿੱਚ ਹਿੰਦੂ ਪ੍ਰੰਪਰਾ ਦੀ ਤਰਜ ਤੇ ਬਲੀ ਦੇਣ ਲਈ ਬਦਨਾਮ ਹਨ। ਮੇਰੇ ਇਹ ਸ਼ਬਦ ਝਟਕੇ ਦੇ ਵਿਰੁੱਧ ਸਮਝਣ ਦੀ ਗਲਤੀ ਨਾਂ ਕੀਤੀ ਜਾਵੇ ਕਿਉਂਕਿ ਝਟਕਾ ਕਰ ਕੇ ਛਕਣਾ ਅਤੇ ਬਲੀ ਦੇਣਾ ਵੱਖ ਵੱਖ ਕਾਰਜ ਹਨ। ਝਟਕਾ ਛਕਣ ਲਈ ਕੀਤਾ ਜਾਂਦਾ ਹੈ ਅਤੇ ਬਲੀ ਰੱਬ ਨੂੰ ਪ੍ਰਸੰਨ ਕਰਨ ਲਈ ਦਿੱਤੀ ਜਾਂਦੀ ਹੈ। ਕੀ ਸੇਵਾ, ਸਿਮਰਨ, ਭਗਤੀ ਅਤੇ ਗਿਆਨ ਨੂੰ ਛੱਡ ਕੇ ਬੱਕਰੇ ਦੀ ਬਲੀ ਅਤੇ ਗਊ ਮੂਤਰ ਨੂੰ ਵਾਹਿਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਨ ਦਾ ਜਾਂ ਖਾਲਸਾ ਹੋਣ ਦਾ ਪ੍ਰਮਾਣ ਮੰਨਿਆ ਜਾ ਸਕਦਾ ਹੈ? ਜੇਕਰ ਹਾਂ ਤਾਂ ਬਾਬਾ ਬਕਾਲਾ ਦੇ ਨਿਹੰਗ ਸਿੰਘ ਕੌਮ ਸਾਮ੍ਹਣੇ ਉਹ ਰਹਿਤਨਾਮਾ ਪੇਸ਼ ਕਰਨ ਜਾਂ ਇਹ ਦੱਸਣ ਦੀ ਖੇਚਲ ਕਰਨ ਕਿ ਬਲੀ ਅਤੇ ਗਊ ਮੂਤਰ ਰਾਹੀਂ ਗੁਰਬਾਣੀ ਦੇ ਕਿਸ ਹੁਕਮ ਜਾਂ ਸਿਧਾਂਤ ਦੀ ਪਾਲਣਾ ਕੀਤੀ ਜਾਂਦੀ ਹੈ?

ਅਖੀਰ ਨਿਹੰਗ ਸਿੰਘਾਂ ਨੂੰ ਦਾਸ ਦੀ ਬੇਨਤੀ ਹੈ ਕਿ ਗਊ ਸੇਵਾ ਜਿਨ੍ਹਾਂ ਦਾ ਧਰਮ ਹੈ ਉਹਨਾਂ ਲਈ ਹੀ ਰਾਖਵਾਂ ਰਹਿਣ ਦਿਓ ਅਤੇ ਖੁਦ ਆਪਣੇ ਖਾਲਸਾ ਧਰਮ ਦਾ ਪ੍ਰਚਾਰ ਪ੍ਰਸਾਰ ਕਰਨ ਵੱਲ ਧਿਆਨ ਦਿਓ। ਗੁਰਬਾਣੀ ਦੇ ਸ਼ੁੱਧ ਪਾਠੀ ਅਤੇ ਗਿਆਨੀ ਪੈਦਾ ਕਰਨ ਵਾਲੀ ਜੱਥੇਬੰਦੀ ਦੇ ਰਾਹ ਦਾ ਰੋੜਾ ਬਣਨ ਦੀ ਕੋਸ਼ਿਸ ਨਾਂ ਕਰੋ। ਤੁਹਾਡੇ ਕੋਲ ਜਿਹੜੀ ਹਜਾਰਾਂ ਏਕੜ ਜਮੀਨ ਹੈ ਉਸ ਵਿੱਚ ਜਿੰਨੇ ਮਰਜੀ ਪੱਠੇ ਬੀਜ ਕੇ ਗਾਵਾਂ ਪਾਲੋ ਅਤੇ ਉਹਨਾਂ ਦਾ ਦੁੱਧ ਛਕੋ, ਲੰਗਰ ਲਗਾਓ, ਪਿੰਡ ਪਿੰਡ ਸਿੱਖ ਜਵਾਨੀ ਨੂੰ ਗਤਕਾ ਸਿਖਾਓ, ਆਪ ਨਸ਼ੇ ਛੱਡੋ ਅਤੇ ਪੰਜਾਬ ਦੇ ਗੱਭਰੂਆਂ ਦੇ ਨਸ਼ੇ ਛੁਡਵਾਓ। ਕੌਮ ਨੂੰ ਤੁਸੀਂ ਬਹੁਤ ਵਧੀਆ ਸੇਵਾਵਾਂ ਦੇ ਸਕਦੇ ਹੋ ਅਤੇ ਕੌਮ ਨੂੰ ਤੁਹਾਡੀ ਹਮੇਸ਼ਾ ਲੋੜ ਹੈ। ਪਰ ਤੁਸੀਂ ਕੌਮ ਦੀ ਸੇਵਾ ਤਾਂ ਹੀ ਕਰ ਸਕੋਗੇ ਜੇਕਰ ਨਿੱਜੀ ਸਵਾਰਥ ਅਧੀਨ ਧੱਕਾਸ਼ਾਹੀ ਬੰਦ ਕਰੋਗੇ।

- ਅੰਮ੍ਰਿਤਪਾਲ ਸਿੰਘ ਨਿਊਜ਼ੀਲੈਂਡ

## ਬਲਦੇਵ ਕੁਮਾਰ ਭਾਰਤੀ ਏਜੰਸੀਆਂ ਤੇ ਮੀਡੀਆ ਦਾ ਇੱਕ ਨਵਾਂ ਛੁਣਛੁਣਾ

ਬਲਦੇਵ ਕੁਮਾਰ ਨੂੰ ਬਲਦੇਵ ਸਿੰਘ ਦੇ ਰੂਪ ਵਿੱਚ ਪੇਸ਼ ਕਰ ਕੇ ਭਾਰਤੀ ਹਾਕਮ ਤੇ ਮੀਡੀਆ ਪਾਕਿਸਤਾਨ ਦੇ ਖਿਲਾਫ ਨਵੇਂ ਹਥਿਆਰ ਵਾਂਗ ਵਰਤਣ ਦੀ ਕੋਸ਼ਿਸ ਕਰ ਰਿਹਾ ਹੈ।

ਬਲਦੇਵ ਕੁਮਾਰ ਭਾਰਤੀ ਏਜੰਸੀਆਂ ਤੇ ਮੀਡੀਆ ਦਾ ਇੱਕ ਨਵਾਂ ਛੁਣਛੁਣਾ ਹੈ, ਇਸ ਤੋਂ ਵੱਧ ਕੁੱਝ ਨਹੀਂ।

ਕੁੱਝ ਦਿਨ ਇਸ ਨਵੇਂ ਛੁਣਛੁਣੇ ਨੂੰ ਵਜਾਏਗਾ , ਤੇ ਫਿਰ ਨਾਕਾਮ ਹੋ ਕੇ ਚੁੱਪ ਕਰ ਜਾਵੇਗਾ।

ਦੁਨੀਆਂ ਦਾ ਧਿਆਨ ਕਸ਼ਮੀਰ ਵਿੱਚ ਭਾਰਤ ਵੱਲੋਂ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਤੋਂ ਧਿਆਨ ਹਟਾਉਣ ਅਤੇ ਕਰਤਾਰਪੁਰ ਸਾਹਿਬ ਲਾਂਘੇ ਦੇ ਖੁਲ੍ਹਣ ਵਿੱਚ ਰੁਕਾਵਟ ਪਾਣ ਲਈ, ਇਹ ਹੱਥਕੰਡੇ ਵਰਤ ਰਿਹਾ ਹੈ।

ਭਾਰਤੀ ਹਾਕਮਾਂ ਦਾ ਅੰਦਰ ਦਾ ਅਸਲ ਡਰ ਖਾਲਿਸਤਾਨ ਸੰਘਰਸ਼ ਹੈ , ਜਿਸ ਦਾ ਮੁਕਾਬਲਾ ਕਦੇ ਇਹ ਪਾਕਿਸਤਾਨ ਦੇ ਖਿਲਾਫ ਬੋਲ ਕੇ ਕਰਦਾ ਹੈ, ਤੇ ਕਦੇ ਕਨੇਡਾ ਦੇ।

ਖਾਲਿਸਤਾਨ ਸੰਘਰਸ਼ ਇਸ ਖਿੱਤੇ ਵਿੱਚ ਅੱਜ ਦੀ ਅਸਲ ਹਕੀਕਤ ਹੈ। ਅੱਜ ਸੰਘਰਸ਼ ਹਕੀਕਤ ਹੈ, ਕੱਲ ਖਾਲਿਸਤਾਨ ਇੱਕ ਆਜ਼ਾਦ ਦੇਸ਼ ਦੇ ਰੂਪ ਵਿੱਚ ਹਕੀਕਤ ਹੋਵੇਗਾ।

-ਗਜਿੰਦਰ ਸਿੰਘ ਦਲ ਖਾਲਸਾ।

## ਬਲੈਕਲਿਸਟ ਦੇ ਡਰਾਮੇ

ਗੂਗਲ ਉਤੇ ਜਾਕੇ ਸਿੱਖ ਬਲੈਕਲਿਸਟ ਲਿਖ ਕੇ ਸਰਚ ਮਾਰੀਏ ਤਾਂ ਦੋ ਸੌ ਤੋਂ ਵੱਧ ਖਬਰਾਂ ਦੇ ਲਿੰਕ ਆ ਜਾਂਦੇ ਨੇ ਕਿ ਐਨੇ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚੋਂ ਕੱਢੇ ਗਏ।ਪਰ ਹੈਰਾਨੀ ਹੁੰਦੀ ਹੈ ਕਿ ਹਰ ਖਬਰ ਵਿਚ ਜਿੰਨੇ ਨਾਂ ਬਚੇ ਦਿਸਦੇ ਨੇ,ਉਸ ਤੋਂ ਅਗਲੀ ਖਬਰ ਵਿਚ ਚਾਰ ਗੁਣਾਂ ਫੇਰ ਨਾਂ ਕਾਲੀ ਸੂਚੀ ਵਿਚ ਹਾਜਿਰ ਹੋ ਜਾਂਦੇ ਨੇ। ਮਤਲਬ ਖਬਰ ਸਿਰਫ ਨਾਂ ਕੱਢਣ ਦੀ ਦਿਤੀ ਜਾਂਦੀ ਹੈ, ਪਰ ਨਾਂ ਪਾਉਣ ਦੀ ਕੋਈ ਖਬਰ ਨਹੀਂ ਹੁੰਦੀ। ਦਰਅਸਲ ਇਹ ਸਿੱਖਾਂ ਨੂੰ ਲੱਤ ਹੇਠ ਦੀ ਲੰਘਾਉਣ ਵਾਲੀ ਖੇਡ ਹੈ ਕਿ ਪਹਿਲਾਂ ਨਾਂ ਪਾਓ, ਫੇਰ ਕੱਢੋ ਤਾਂ ਕਿ ਵਿਦੇਸ਼ਾਂ ਵਿਚ ਹੋਰ ਸਿੱਖ ਕਾਲੀ ਸੂਚੀ ਵਿਚ ਨਾਂ ਪੈਣ ਦੇ ਡਰੋਂ ਪੰਥਕ ਸਰਗਰਮੀਆਂ ਵਿਚ ਨਾ ਜਾਣ। ਦੋ ਸਿੱਖਾਂ ਦੇ ਨਾਂ ਰਹਿ ਜਾਣ ਦੀ ਖਬਰ ਤੋਂ ਬਾਗੋ-ਬਾਗ ਸਿਖਾਂ ਨੂੰ ਬੇਨਤੀ ਹੈ ਕਿ ਵਧਾਈਆਂ ਦੇਣ ਤੋਂ ਪਹਿਲਾਂ ਗੂਗਲ ਤੇ ਚੈਕ ਜਰੂਰ ਕਰ ਲਿਓ ਕਿ ਵਾਕਈ ਇਹ ਕਾਲ਼ੀ ਸੂਚੀ ਅਸਲ ਵਿਚ ਸਿੱਖ ਜਗਤ ਲਈ ਸੁਨਹਿਰੀ ਸੂਚੀ ਹੈ। ਜਿਨ੍ਹਾਂ ਸਿੱਖਾਂ ਦੇ ਨਾਂ ਕਾਲੀ ਸੂਚੀ ਵਿਚ ਦਰਜ ਰਹੇ ਨੇ, ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀਆਂ ਪੁਸ਼ਤਾਂ ਮਾਣ ਕਰਿਆ ਕਰਨਗੀਆਂ। ਇਤਿਹਾਸ ਵਿਚ ਇਹ ਨਾਂ ਪੰਥ-ਪ੍ਰਸਤ ਸਿੱਖਾਂ ਵਜੋਂ ਜਾਣੇ ਜਾਣਗੇ ਕਿ ਜਦ ਪੰਥ ਉਪਰ ਅੰਤਾਂ ਦਾ ਭਿਆਨਕ ਸਮਾਂ ਸੀ ਤਾਂ ਇਹ ਸੂਰਮੇ ਗੱਜ-ਵੱਜ ਕੇ ਜ਼ੁਲਮ ਦਾ ਵਿਰੋਧ ਕਰਦੇ ਰਹੇ। ਇਹ ਸੂਚੀ ਹਕੂਮਤ ਨੇ ਸਿੱਖਾਂ ਨੂੰ ਜਰਕਾਉਣ, ਡਰਾਉਣ, ਧਮਕਾਉਣ , ਬਦਨਾਮ ਕਰਨ, ਜਲੀਲ ਕਰਨ ਲਈ ਬਣਾਈ ਸੀ ਜਦਕਿ ਸਿੱਖ ਜਗਤ ਵਿਚ ਉਹ ਸਿੱਖ ਕੌਮੀ ਯੋਧੇ ਦੇ ਰੂਪ ਵਿਚ ਜਾਣੇ ਗਏ ਜਿਨ੍ਹਾਂ ਦੇ ਨਾਂ ਇਸ ਸੂਚੀ ਵਿਚ ਦਰਜ ਹੋਏ। ਇਸ ਸੂਚੀ ਦੀ ਅਹਿਮੀਅਤ ਬਣਾਉਣ ਲਈ ਹਕੂਮਤ ਆਪੇ ਹੀ ਸਾਲ-ਛੇ ਮਹੀਨੇ ਮਗਰੋਂ ਇਹਦੀ ਚਰਚਾ ਕਰਵਾ ਦਿੰਦੀ ਹੈ, ਜਦਕਿ ਸਿੱਖਾਂ ਨੂੰ ਇਹਦੇ ਨਾਲ ਕੋਈ ਫਰਕ ਨਹੀ ਪੈਂਦਾ।

-ਸਰਬਜੀਤ ਸਿੰਘ ਘੁਮਾਣ

# ਕ੍ਰਾਂਤੀਕਾਰੀਆਂ ਦਾ ਫ਼ਿਰੋਜ਼ਪੁਰ ਵਿਚਲਾ ਗੁਪਤ ਟਿਕਾਣਾ

**ਰਾਕੇਸ਼ ਕੁਮਾਰ**

ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਮਨੋਰਥ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣਾ ਹੀ ਨਹੀਂ ਸੀ, ਸਗੋਂ ਉਨ੍ਹਾਂ ਦਾ ਅੰਤਮ ਮਨੋਰਥ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਸੀ ਜਿਸ ਅੰਦਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਮੁਕੰਮਲ ਖਾਤਮਾ ਹੋਵੇ।

ਸਪੈਸ਼ਲ ਟ੍ਰਿਬਿਊਨਲ ਅੱਗੇ ਉਨ੍ਹਾਂ ਆਪਣੇ ਮਨੋਰਥ ਬਾਰੇ ਕਿਹਾ ਸੀ-

"ਸਾਡਾ ਵਿਸ਼ਵਾਸ ਹੈ ਕਿ ਆਜ਼ਾਦੀ ਸਭ ਮਨੁੱਖਾਂ ਦਾ ਅਮਿੱਟ ਹੱਕ ਹੈ। ਹਰ ਮਨੁੱਖ ਆਪਣੀ ਮਿਹਨਤ ਦਾ ਫਲ ਮਾਣਨ ਦਾ ਹਰ ਹੱਕ ਰੱਖਦਾ ਹੈ। ਹਰ ਕੌਮ ਆਪਣੇ ਬੁਨਿਆਦੀ ਕੁਦਰਤੀ ਸਾਧਨਾਂ ਦੀ ਪੂਰੀ ਮਾਲਕ ਹੈ। ਜੇ ਕੋਈ ਸਰਕਾਰ ਜਨਤਾ ਨੂੰ ਉਨ੍ਹਾਂ ਦੇ ਇਨ੍ਹਾਂ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰੱਖਦੀ ਹੈ ਤਾਂ ਲੋਕਾਂ ਦਾ ਕੇਵਲ ਹੱਕ ਹੀ ਨਹੀਂ, ਸਗੋਂ ਜ਼ਰੂਰੀ ਫਰਜ਼ ਹੈ ਕਿ ਅਜਿਹੀ ਸਰਕਾਰ ਨੂੰ ਤਬਾਹ ਕਰ ਦੇਣ। ਕਿਉਂਕਿ ਬਰਤਾਨਵੀ ਸਰਕਾਰ ਇਨ੍ਹਾਂ ਅਸੂਲਾਂ ਜਿਨ੍ਹਾਂ ਵਾਸਤੇ ਅਸੀਂ ਲੜ ਰਹੇ ਹਾਂ, ਦੇ ਬਿਲਕੁਲ ਉਲਟ ਹੈ। ਇਸ ਲਈ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਰ ਕੋਸ਼ਿਸ਼ ਤੇ ਹਰ ਅਪਣਾਇਆ ਤਰੀਕਾ ਜਿਸ ਰਾਹੀਂ ਇਨਕਲਾਬ ਲਿਆਂਦਾ ਜਾ ਸਕੇ ਤੇ ਇਸ ਸਰਕਾਰ ਦਾ ਮਲੀਆਮੇਟ ਕੀਤਾ ਜਾ ਸਕੇ, ਉਹ ਨੈਤਿਕ ਤੌਰ 'ਤੇ ਜਾਇਜ਼ ਹੈ। ਅਸੀਂ ਵਰਤਮਾਨ ਢਾਂਚੇ ਦੇ ਸਮਾਜਿਕ, ਆਰਥਿਕ ਤੇ ਰਾਜਨੀਤਕ ਪੱਖਾਂ ਵਿੱਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿੱਚ ਹਾਂ। ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਨਵੇਂ ਨਰੋਏ ਸਮਾਜ ਵਿੱਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿੱਚ ਪੂਰੀ ਆਜ਼ਾਦੀ ਯਕੀਨੀ ਬਣਾਈ ਜਾਵੇ। ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾ ਚਿਰ ਸਾਰਾ ਸਮਾਜਿਕ ਢਾਂਚਾ ਬਦਲਿਆ ਨਹੀਂ ਜਾਂਦਾ ਤੇ ਉਸ ਦੀ ਥਾਂ ਸਮਾਜਵਾਦੀ ਸਮਾਜ ਸਥਾਪਤ ਨਹੀਂ ਹੁੰਦਾ, ਸਾਰੀ ਦੁਨੀਆਂ ਇਕ ਤਬਾਹਕੁਨ ਪਰਲੋ ਦੇ ਖਤਰੇ ਹੇਠ ਰਹੇਗੀ।"

ਨਵੇਂ ਢਾਂਚੇ ਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਲਈ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਕ੍ਰਾਂਤੀਕਾਰੀ ਪਾਰਟੀ ਬਣਾਈ ਤੇ ਉਸ ਦੀਆਂ ਸਰਗਰਮੀਆਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਗੁਪਤ ਰੂਪ 'ਚ ਕੀਤੀਆਂ। ਪਾਰਟੀ ਦੇ ਗੁਪਤ ਟਿਕਾਣੇ ਬਣਾਏ। ਫਿਰੋਜ਼ਪੁਰ ਦੇ ਤੂੜੀ ਬਾਜ਼ਾਰ, ਮੁਹੱਲਾ ਸਾਹਗੰਜ ਦੀ ਇੱਕ ਇਮਾਰਤ ਵਿੱਚ ਵੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਕ੍ਰਾਂਤੀਕਾਰੀ ਪਾਰਟੀ ਦਾ ਗੁਪਤ ਟਿਕਾਣਾ ਬਣਾਇਆ ਸੀ। ਇਹ ਟਿਕਾਣਾ 10 ਅਗਸਤ 1928 ਤੋਂ ਲੈ ਕੇ 4 ਫਰਵਰੀ 1929 ਤੱਕ ਰਿਹਾ। ਇਹ ਪਾਰਟੀ ਦੀਆਂ ਲੋੜਾਂ, ਸਰਗਰਮੀਆਂ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਸੀ।



ਭਗਤ ਸਿੰਘ ਦੇ ਫ਼ਿਰੋਜਪੁਰ ਵਿਖੇ ਗੁਪਤ ਟਿਕਾਣੇ ਦੀ ਤਸਵੀਰ

ਪਾਰਟੀ ਫ਼ੈਸਲੇ ਮੁਤਾਬਕ ਕ੍ਰਾਂਤੀਕਾਰੀ ਪਾਰਟੀ ਦੇ ਡਾ. ਗਯਾ ਪ੍ਰਸਾਦ ਨੇ ਫਿਰੋਜ਼ਪੁਰ ਵਿੱਚ ਡਾ. ਬੀ.ਐਸ. ਨਿਗਮ ਦੇ ਫਰਜ਼ੀ ਨਾਮ ਨਾਲ ਲੇਖ ਰਾਜ ਤੋਂ ਮਕਾਨ ਤੂੜੀ ਬਾਜ਼ਾਰ ਵਿੱਚ ਕਿਰਾਏ 'ਤੇ ਲਿਆ। ਉਸ ਨੇ ਹੇਠਾਂ ਦਵਾਖਾਨਾ ਖੋਲ੍ਹਿਆ ਤੇ ਉੱਪਰ ਰਿਹਾਇਸ਼ ਕੀਤੀ। ਬਾਹਰ ਬੋਰਡ ਲਗਾਇਆ "ਨਿਗਮ ਫਾਰਮੇਸੀ ਅਤੇ ਡਰੱਗਇਸਟ"। ਪਾਰਟੀ ਨੇ ਜੈ ਗੋਪਾਲ ਨੂੰ ਭੇਜਿਆ ਕਿ ਉਹ ਗੁਆਂਢੀ ਦੀਵਾਨ ਚੰਦ ਰਾਹੀਂ ਡਾ. ਨਿਗਮ ਕੋਲ ਸਹਿ ਕੰਪਾਊਂਡਰ ਦੀ ਨੌਕਰੀ ਲਵੇ। ਦੀਵਾਨ ਚੰਦ ਰਾਹੀਂ ਵਿਚੋਲਗਿਰੀ ਦਾ ਇਹ ਕੰਮ ਲੁਕਾਉਣ ਲਈ ਕਰਵਾਇਆ ਗਿਆ ਸੀ ਤਾਂ ਕਿ ਇਹ ਸ਼ੱਕ ਨਾ ਹੋਵੇ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੇ ਹਨ ਜਾਂ ਇੱਕ ਸੰਗਠਨ ਨਾਲ ਜੁੜੇ ਹਨ। ਜੈ ਗੋਪਾਲ ਨੇ ਆਪਣਾ ਨਾਂ ਗੋਪਾਲ ਦੱਸਿਆ।

ਭਗਤ ਸਿੰਘ ਦਾ ਵੀ ਇਸ ਟਿਕਾਣੇ ਉਤੇ ਆਉਣਾ-ਜਾਣਾ ਸੀ। ਮਹਾਂਵੀਰ ਸਿੰਘ ਨੇ ਆਪਣੇ ਇਕਬਾਲੀਆ ਬਿਆਨ ਵਿੱਚ ਕਿਹਾ ਸੀ ਕਿ ਉਹ ਪਹਿਲਾਂ ਪਹਿਲ ਭਗਤ ਸਿੰਘ ਨੂੰ ਫਿਰੋਜ਼ਪੁਰ ਵਿੱਚ ਨਵੰਬਰ 1928 ਵਿੱਚ ਮਿਲਿਆ ਸੀ। ਭਗਤ ਸਿੰਘ ਨੇ ਪਾਰਟੀ ਦੇ ਫ਼ੈਸਲੇ ਅਨੁਸਾਰ ਆਪਣੀ ਅਸਲੀ ਪਹਿਚਾਣ ਲੁਕਾਉਣ ਲਈ ਆਪਣੇ ਵਾਲ ਤੇ ਦਾੜ੍ਹੀ ਵੀ ਇੱਥੇ ਹੀ ਕਟਵਾਏ ਸਨ। ਜੈ ਗੋਪਾਲ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਸੁਖਦੇਵ ਦੇ ਆਉਣ 'ਤੇ ਮੈਂ ਡਾ. ਨਿਗਮ ਅਤੇ ਸੁਖਦੇਵ ਨੇ ਭਗਤ ਸਿੰਘ ਦੇ ਵਾਲ ਤੇ ਦਾੜ੍ਹੀ ਕੱਟੀ ਸੀ ਅਤੇ ਭਗਤ ਸਿੰਘ ਨੇ ਵਿਲਾਇਤੀ ਫੈਸ਼ਨ ਦੇ ਵਾਲ ਰੱਖ ਲਏ ਸਨ। ਫੇਰ ਉਹ ਯੂ.ਪੀ. ਵਾਲਾ ਪਹਿਰਾਵਾ ਧੋਤੀ ਤੇ ਕਮੀਜ਼ ਪਾ ਕੇ ਦਿੱਲੀ ਗਿਆ ਸੀ। ਜੈ ਗੋਪਾਲ ਨੇ ਗਵਾਹੀ 'ਚ ਕਿਹਾ ਸੀ ਕਿ ਭਗਤ ਸਿੰਘ ਸਾਡੇ ਕੋਲ ਫਿਰੋਜ਼ਪੁਰ ਆਇਆ। ਉਸ ਕੋਲ ਸਵੈ-ਚਾਲਕ ਪਿਸਤੌਲ ਸੀ। ਰਸਾਲੇ 'ਚ ਗੋਲੀਆਂ ਭਰੀਆਂ ਸਨ ਤੇ ਇੱਕ ਕਿਤਾਬ "ਰੋਡ ਟੂ ਫਰੀਡਮ" ਸੀ। ਸ਼ਿਵ ਵਰਮਾ ਇੱਥੇ ਸਤੰਬਰ 1928 ਦੇ ਅੰਤ 'ਚ ਕੁਝ ਚਿਰ ਰੁਕਿਆ ਸੀ। ਉਸ ਨੇ ਆਪਣਾ ਨਾਮ ਰਾਮ ਨਰਾਇਣ ਕਪੂਰ ਰੱਖਿਆ ਹੋਇਆ ਸੀ। ਉਸ ਨੂੰ ਇੱਥੇ ਵੱਡੇ ਭਾਈ ਸਾਹਿਬ ਦੇ ਨਾਮ ਨਾਲ ਬੁਲਾਉਂਦੇ ਸਨ। ਜਦੋਂ ਉਹ ਇੱਥੇ ਰਹੇ, ਉਨ੍ਹਾਂ ਕੋਲ ਕਈ ਕਿਤਾਬਾਂ ਸਨ। ਉਨ੍ਹਾਂ ਨੇ ਇੱਥੇ ਚਾਂਦ ਪੱਤ੍ਰਿਕਾ ਦੇ ਫਾਂਸੀ ਨਾਂ ਦੇ ਅੰਕ ਲਈ ਸ਼ਹੀਦ ਹੋ ਚੁੱਕੇ ਕ੍ਰਾਂਤੀਕਾਰੀਆਂ ਦੀਆਂ ਜੀਵਨੀਆਂ ਲਿਖੀਆਂ ਜਿਹੜੀਆਂ ਬਾਅਦ 'ਚ ਫਾਂਸੀ ਅੰਕ ਵਿੱਚ ਛਪੀਆਂ ਸਨ।

ਕ੍ਰਾਂਤੀਕਾਰੀ ਸੁਖਦੇਵ ਦਾ ਵੀ ਇੱਥੇ ਆਉਣਾ-ਜਾਣਾ ਸੀ। ਇਸ ਨੂੰ ਵਿਲੇਜਰ ਕਹਿੰਦੇ ਸਨ। ਇਹ ਪਾਰਟੀ ਦੀ ਪੰਜਾਬ ਸ਼ਾਖਾ ਦਾ ਆਗੂ ਸੀ। ਇਸ ਦੀ ਪੁਸ਼ਟੀ ਜੈ ਗੋਪਾਲ ਨੇ ਆਪਣੇ ਬਿਆਨ 'ਚ ਕੀਤੀ ਸੀ। ਗੁਆਂਢੀ ਗੱਜੂ ਰਾਮ ਨੇ ਸੁਖਦੇਵ ਦੀ ਪਹਿਚਾਣ ਕੀਤੀ ਸੀ।

ਇੱਕ ਹੋਰ ਕ੍ਰਾਂਤੀਕਾਰੀ ਮਹਾਂਵੀਰ ਸਿੰਘ ਜਿਸ ਨੇ ਆਪਣਾ ਫ਼ਰਜ਼ੀ ਨਾਮ ਪ੍ਰਤਾਪ ਸਿੰਘ ਰੱਖਿਆ ਹੋਇਆ ਸੀ। ਪੇਚਿਸ ਦੀ ਬਿਮਾਰੀ ਦਾ ਇਲਾਜ ਕਰਵਾਉਣ ਲਈ ਇਸ ਗੁਪਤ ਟਿਕਾਣੇ 'ਤੇ ਕੁਝ ਹਫਤੇ ਰੁਕਿਆ।

ਕ੍ਰਾਂਤੀਕਾਰੀ ਵਿਜੈ ਕੁਮਾਰ ਸਿਨਹਾ, ਇਸ ਨੂੰ ਬੱਚੂ ਨਾਮ ਨਾਲ ਬੁਲਾਇਆ ਜਾਂਦਾ ਸੀ, ਦਾ ਵੀ ਇਸ ਟਿਕਾਣੇ 'ਤੇ ਆਉਣਾ ਜਾਣਾ ਸੀ। ਇਸ ਦੀ ਪਹਿਚਾਣ ਅਦਾਲਤ ਵਿੱਚ ਤੁਲਸੀ ਰਾਮ ਨੇ ਕੀਤੀ ਸੀ ਜਿਹੜਾ ਅਤਿਰਿਕਤ ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਦਾ ਰੀਡਰ ਸੀ। ਡਾ. ਗਯਾ ਪ੍ਰਸਾਦ ਨੇ ਵੀ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਵਿਜੈ ਕੁਮਾਰ ਸਿਨਹਾ ਮੇਰੇ ਕੋਲ ਫਿਰੋਜ਼ਪੁਰ ਆਉਂਦਾ ਸੀ। ਜੈ ਗੋਪਾਲ ਨੇ ਅਦਾਲਤ ਵਿੱਚ ਆਪਣੇ ਬਿਆਨ 'ਚ ਦੱਸਿਆ ਸੀ ਕਿ ਭਗਤ ਸਿੰਘ ਅਤੇ ਚੰਦਰ ਸ਼ੇਖਰ ਆਜ਼ਾਦ ਉਰਫ ਪੰਡਤ ਜੀ ਦੋਵੇਂ ਸਾਡੇ ਕੋਲ ਇੱਕਠੇ ਆਏ ਸਨ। ਚੰਦਰ ਸ਼ੇਖਰ ਆਜ਼ਾਦ ਪਾਰਟੀ ਦੇ ਮਿਲਟਰੀ ਵਿਭਾਗ ਦਾ ਮੁਖੀਆ ਸੀ। ਉਨ੍ਹਾਂ ਕੋਲ ਕਾਲੇ ਰੰਗ ਦਾ ਛੋਟਾ ਸੂਟਕੇਸ ਸੀ ਅਤੇ ਚਾਂਦ ਰਸਾਲੇ ਦੇ ਫਾਂਸੀ ਅੰਕ ਦਾ ਬੰਡਲ ਸੀ। ਪੰਡਤ ਜੀ ਅਤੇ ਭਗਤ ਸਿੰਘ ਸਾਡੇ ਕੋਲ ਰੁਕੇ, ਦੋਵਾਂ ਨੇ ਆਪਣੇ ਸੂਟਕੇਸ 'ਚੋਂ ਦੋ ਪਿਸਤੋਲ ਕੱਢ ਕੇ ਆਪਣੇ-ਆਪਣੇ ਸਿਰਹਾਣੇ ਹੇਠਾਂ ਰੱਖ ਲਏ ਸਨ।

ਜੈ ਗੋਪਾਲ ਉਰਫ ਗੋਪਾਲ ਜਿਹੜਾ ਡਾ. ਨਿਗਮ ਦੇ ਨੌਕਰ ਬਣ ਕੇ ਰਿਹਾ ਸੀ ਤੇ ਫੜੇ ਜਾਣ ਤੋਂ ਬਾਅਦ ਉਹ ਸਰਕਾਰੀ ਵਾਅਦਾ ਮੁਆਫ ਗਵਾਹ ਬਣ ਗਿਆ ਸੀ। ਉਸ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਕਿ ਕ੍ਰਾਂਤੀਕਾਰੀਆਂ ਵੱਲੋਂ ਫਿਰੋਜ਼ਪੁਰ 'ਚ ਅੱਡੇ ਬਣਾਉਣ ਦੇ ਹੇਠ ਲਿਖੇ ਕਾਰਨ ਸਨ।

1) ਪਾਰਟੀ ਦੇ ਮੈਂਬਰ ਜੋ ਪੰਜਾਬ ਤੋਂ ਪੂਰਬ ਜਾਂ ਪੂਰਬ ਤੋਂ ਪੰਜਾਬ ਯਾਤਰਾ ਕਰ ਰਹੇ ਹੁੰਦੇ ਸਨ, ਉਨ੍ਹਾਂ ਦੇ ਲਈ ਜਗ੍ਹਾ ਮੁਹੱਈਆ ਕਰਨਾ ਜਿੱਥੇ ਉਹ ਕੱਪੜੇ ਵਗੈਰਾ ਬਦਲ ਕੇ ਨਿਸਚਿਤ ਜਗ੍ਹਾ ਲਈ ਪਹੁੰਚ ਸਕਣ।

2) ਬੰਬ ਆਦਿ ਬਣਾਉਣ ਦਾ ਸਾਮਾਨ ਡਾ. ਨਿਗਮ ਵੱਲੋਂ ਲਿਆ ਜਾਵੇ। ਡਾਕਟਰੀ ਪੇਸ਼ਾ ਵਧੀਆ ਚੱਲਣ 'ਤੇ ਪਾਰਟੀ ਦੀ ਆਰਥਿਕ ਮਦਦ ਕੀਤੀ ਜਾਵੇ। ਪਰ ਕ੍ਰਾਂਤੀਕਾਰੀ ਸੁਖਦੇਵ ਨੇ ਜੈ ਗੋਪਾਲ ਦੇ ਤੀਜੇ ਕਾਰਨ 'ਤੇ ਟਿੱਪਣੀ ਕਰਕੇ ਇਸ ਨੂੰ ਗਲਤ ਕਿਹਾ ਸੀ।

ਗਵਾਹੀਆਂ 'ਚ ਇਸ ਗੱਲ ਦੀ ਪੁਸ਼ਟੀ ਵੀ ਹੋਈ ਸੀ ਕਿ ਡਾ. ਨਿਗਮ ਬੰਬ ਬਣਾਉਣ ਦਾ ਸਾਮਾਨ ਜਿਵੇਂ ਨਾਈਟਰਿਕ ਤੇਜ਼ਾਬ, ਸਲਫਿਊਰਿਕ ਤੇਜਾਬ, ਪੋਟਾਸ਼ੀਅਮ ਕਲੋਰਾਈਡ ਆਦਿ ਇਕੱਠਾ ਕਰਦਾ ਸੀ ਤੇ ਕ੍ਰਾਂਤੀਕਾਰੀਆਂ ਨੂੰ ਦਿੰਦਾ ਸੀ। ਜੈ ਗੋਪਾਲ ਨੇ ਅਦਾਲਤ 'ਚ ਕਿਹਾ ਸੀ ਕਿ ਡਾ. ਨਿਗਮ ਨੇ ਮੈਨੂੰ ਬੰਬ ਬਣਾਉਣ ਦਾ ਸਾਮਾਨ ਲਿਆ ਕੇ ਦਿੱਤਾ ਸੀ। ਮੈਂ ਉਹ ਸੁਖਦੇਵ ਨੂੰ ਦੇ ਦਿੱਤਾ ਸੀ।

ਉਨ੍ਹਾਂ ਦਿਨਾਂ 'ਚ ਹੀ ਲਾਹੌਰ ਵਿੱਚ 30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਪੁਲੀਸ ਵੱਲੋਂ ਵਰਸਾਈਆਂ ਲਾਠੀਆਂ ਦੇ ਕਾਰਨ ਜ਼ਖ਼ਮੀ ਹੋਏ ਲਾਲਾ ਲਾਜਪਤ ਰਾਏ ਦੀ 17 ਨਵੰਬਰ 1928 ਨੂੰ ਮੌਤ ਹੋ ਗਈ ਸੀ। ਭਗਤ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਪਾਰਟੀ ਦੀ ਮੀਟਿੰਗ 'ਚ ਫੈਸਲਾ ਲਿਆ ਕਿ ਕੌਮ ਦੀ ਹੋਈ ਬੇਇੱਜ਼ਤੀ ਦਾ ਬਦਲਾ ਲਿਆ ਜਾਵੇ ਅਤੇ ਅਜਿਹੀ ਘਿਨਾਉਣੀ ਹਰਕਤ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾਵੇ। ਉਨ੍ਹਾਂ ਨੇ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦਾ ਫੈਸਲਾ ਕੀਤਾ। ਇਸ ਸਾਰੀ ਕਾਰਵਾਈ ਦੀ ਜ਼ਿੰਮੇਵਾਰੀ ਆਜ਼ਾਦ ਨੇ ਲਈ ਸੀ। 17 ਦਸੰਬਰ 1928 ਨੂੰ ਐਕਸ਼ਨ ਦੌਰਾਨ ਭੁਲੇਖੇ ਨਾਲ ਮਿਸਟਰ ਸਾਂਡਰਸ ਮਾਰਿਆ ਗਿਆ ਸੀ। ਜੈ ਗੋਪਾਲ ਨੂੰ ਜ਼ਿੰਮੇਵਾਰੀ ਸੌਂਪੀ ਗਈ ਸੀ ਤੇ ਉਹ ਸਕਾਟ ਦੇ ਦਫਤਰ ਪਹੁੰਚਣ ਦੇ ਵਕਤ 'ਤੇ ਨਜ਼ਰ ਰੱਖੇ। ਇਸ ਐਕਸ਼ਨ 'ਚ ਚੰਦਰ ਸ਼ੇਖਰ ਆਜ਼ਾਦ, ਰਾਜਗੁਰੂ ਤੇ ਭਗਤ ਸਿੰਘ ਨੇ ਹਿੱਸਾ ਲਿਆ ਸੀ। ਡਾ. ਦੀਵਨ ਸਿੰਘ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਉਸ ਨੇ 4 ਫਰਵਰੀ 1929 ਨੂੰ ਡਾ. ਨਿਗਮ ਦੀ ਦੁਕਾਨ ਦਾ ਮੇਜ਼ ਕੁਰਸੀ ਅਤੇ ਦਵਾਈਆਂ ਆਦਿ 25 ਰੁਪਏ ਵਿੱਚ ਡਾ. ਨਿਗਮ ਤੋਂ ਖਰੀਦੇ ਸਨ।

ਲੋਕਾਂ ਮੁਤਾਬਕ ਫਿਰੋਜ਼ਪੁਰ ਨਿਵਾਸੀ ਸਵਰਗੀ ਰਾਮ ਗੋਪਾਲ ਦੱਸਦੇ ਹੁੰਦੇ ਸਨ ਕਿ ਉਹ ਜਦੋਂ 7-8 ਸਾਲ ਦੀ ਉਮਰ ਦੇ ਸਨ। ਉਨ੍ਹਾਂ ਦੇ ਬਜ਼ੁਰਗ ਉਨ੍ਹਾਂ ਦੇ ਕਿਤਾਬਾਂ ਵਾਲੇ ਬੈਗ ਵਿੱਚ ਕਿਤਾਬਾਂ ਦੇ ਨਾਲ ਰੋਟੀ ਬੰਨ੍ਹ ਦਿੰਦੇ ਸਨ ਜਿਹੜੀ ਉਹ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਤੂੜੀ ਬਾਜ਼ਾਰ ਦੇ ਕੇ ਆਉਂਦੇ ਸਨ। ਉਨ੍ਹਾਂ ਮੁਤਾਬਕ ਭਗਤ ਸਿੰਘ ਜਾਂ ਤਾਂ ਕੁਝ ਪੜ੍ਹ-ਲਿਖ ਰਿਹਾ ਹੁੰਦਾ ਸੀ ਜਾਂ ਕਸਰਤ ਕਰ ਰਿਹਾ ਹੁੰਦਾ ਸੀ। ਜਿਸ ਇਮਾਰਤ 'ਚ ਕ੍ਰਾਂਤੀਕਾਰੀਆਂ ਦਾ ਗੁਪਤ ਟਿਕਾਣਾ ਹੁੰਦਾ ਸੀ, ਉੱਥੇ ਅੱਜ ਦਵਾਖਾਨੇ ਵਾਲੀ ਥਾਂ 'ਤੇ ਇੱਕ ਕਰਿਆਨੇ ਦੀ ਦੁਕਾਨ ਖੁੱਲ੍ਹੀ ਹੋਈ ਹੈ। ਉੱਪਰ ਵਾਲਾ ਚੁਬਾਰਾ ਜਿੱਥੇ ਡਾ. ਗਯਾ ਪ੍ਰਸਾਦ ਰਿਹਾ ਕਰਦਾ ਸੀ, ਉੱਥੇ ਇੱਕ ਪਰਿਵਾਰ ਕਿਰਾਏ 'ਤੇ ਰਹਿ ਰਿਹਾ ਹੈ। ਇਹ ਇਮਾਰਤ ਇਸ ਵੇਲੇ ਸ੍ਰੀ ਕ੍ਰਿਸ਼ਨਾ ਮੰਦਰ ਟਰੱਸਟ ਦੇ ਅਧੀਨ ਹੈ। ਉਹ ਹੀ ਕਿਰਾਇਆ ਲੈਂਦੇ ਹਨ। ਇਮਾਰਤ ਦੀ ਦਿੱਖ ਅੱਜ ਵੀ ਬਾਹਰੋਂ ਬਹੁਤ ਪੁਰਾਣੀ ਹੈ। ਸਾਲਾ ਤੋਂ ਰੰਗ ਰੋਗਨ ਨਹੀਂ ਹੋਇਆ।

ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਸੱਦੇ 'ਤੇ ਕਰੀਬ ਅੱਠ ਸਾਲ ਪਹਿਲਾਂ ਡਾਇਰੇਕਟਰ ਨੈਸ਼ਨਲ ਮਿਊਜ਼ੀਅਮ ਅਤੇ ਆਰਕਾਲੋਜੀ ਸਰਵੇ ਆਫ ਇੰਡੀਆ ਦੇ ਅਧਿਕਾਰੀਆਂ ਦੀ ਟੀਮ ਨੇ ਇਥੇ ਤੂੜੀ ਬਾਜ਼ਾਰ ਦਾ ਦੌਰਾ ਕੀਤਾ ਸੀ। ਉਸ ਵੇਲੇ ਵੀ ਲੋਕਾਂ ਨੇ ਬੇਨਤੀ ਕੀਤੀ ਕਿ ਇਸ ਚੁਬਾਰੇ ਦੀ ਨੈਸ਼ਨਲ ਹੈਰੀਟੇਜ ਵਜੋਂ ਸੰਭਾਲ ਕੀਤੀ ਜਾਵੇ ਪਰ ਅਜੇ ਤੱਕ ਕੁਝ ਨਹੀਂ ਹੋਇਆ।

ਸ੍ਰੀ ਨੰਦ ਕਿਸ਼ੋਰ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਲਾਹੌਰੀ ਰਾਮ ਸ਼ਾਸਤਰੀ ਵੀ ਇਸ ਚੁਬਾਰੇ 'ਚ ਰਹਿੰਦੇ ਰਹੇ ਹਨ। ਹੁਣ ਇਹ ਚੁਬਾਰਾ ਮੇਰੇ ਅਧੀਨ ਹੈ। ਹੁਣ ਇੱਥੇ ਮੇਰੇ ਦੋਸਤ ਦਾ ਪਰਿਵਾਰ ਕਿਰਾਏ 'ਤੇ ਰਹਿ ਰਿਹਾ ਹੈ। ਮੈਂ ਇਸ ਦਾ ਕਿਰਾਇਆ ਕ੍ਰਿਸ਼ਨਾ ਮੰਦਰ ਟਰੱਸਟ ਨੂੰ ਦਿੰਦਾ ਹਾਂ ਪਰ ਜੇ ਸਰਕਾਰ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਫਿਰੋਜ਼ਪੁਰ ਨਾਲ ਜੁੜੀ ਯਾਦਗਾਰ ਦੇ ਪ੍ਰਤੀਕ ਇਸ ਮਕਾਨ ਨੂੰ ਸਮਾਰਕ ਬਣਾਉਣਾ ਚਾਹਵੇ ਤਾਂ ਉਹ ਖੁਸ਼ੀ-ਖੁਸ਼ੀ ਪੰਜਾਬ ਸਰਕਾਰ ਦੇ ਆਦੇਸ਼ ਨੂੰ ਪ੍ਰਵਾਨ ਕਰਨਗੇ।

ਫਿਰੋਜ਼ਪੁਰ ਦੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਸ ਇਮਾਰਤ ਨੂੰ ਸ਼ਹੀਦਾਂ ਦੀ ਯਾਦਗਾਰ 'ਚ ਬਦਲਣਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਆਜ਼ਾਦੀ ਲਈ ਜ਼ਿੰਦੜੀਆਂ ਕੁਰਬਾਨ ਕਰਨ ਵਾਲੇ ਸ਼ਹੀਦ ਲੋਕਾਂ ਦੇ ਮਨਾਂ 'ਚ ਜ਼ਿੰਦਾ ਰਹਿਣ।

# ਗੁਰਬਾਣੀ ਵਿੱਚ ਨਿਮਰਤਾ ਦਾ ਸੰਕਲਪ

**- ਸੁਖਬੀਰ ਕੌਰ**

ਨਿਮਰਤਾ ਮਨੁੱਖੀ ਜੀਵਨ ਦਾ ਇਕ ਬਹੁਮੁੱਲਾ ਗੁਣ ਹੈ ਜੋ ਸਾਡੀ ਜ਼ਿੰਦਗੀ ਨੂੰ ਸਰਲ, ਸਪੱਸ਼ਟ ਅਤੇ ਸੁਚੱਜਾ ਬਣਾਉਣ ਵਿਚ ਅਹਿਮ ਯੋਗਦਾਨ ਪਾਉਂਦਾ ਹੈ। ਦੁਨੀਆ ਨਿਮਰ, ਮਿੱਠਬੋਲੜੇ ਅਤੇ ਹੱਸਮੁਖੇ ਸੁਭਾਅ ਵਾਲੇ ਮਨੁੱਖਾਂ ਨੂੰ ਹੀ ਪਸੰਦ ਕਰਦੀ ਅਤੇ ਸਤਿਕਾਰਦੀ ਹੈ। ਜੋ ਵਿਅਕਤੀ ਆਪਣੇ ਦੋਸਤਾਂ, ਸਾਥੀਆਂ, ਵੱਡਿਆਂ, ਛੋਟਿਆਂ ਅਤੇ ਨੌਕਰਾਂ ਨਾਲ ਵੀ ਨਿਮਰਤਾ ਭਰਪੂਰ ਵਿਹਾਰ ਕਰਦਾ ਹੈ, ਉਹ ਦੂਜਿਆਂ ਤੋਂ ਸਦਾ ਸੁਖ ਅਤੇ ਸਹਿਯੋਗ ਪ੍ਰਾਪਤ ਕਰਦਾ ਹੈ। ਨਿਮਰਤਾ ਹੀ ਸਾਡੇ ਰੋਜ਼ਾਨਾ ਜੀਵਨ ਦੀ ਇਕ ਅਜਿਹੀ ਚਾਬੀ ਹੈ ਜਿਸ ਨਾਲ ਅਸੀਂ ਹਰੇਕ ਦੇ ਦਿਲ ਵਿਚ ਪ੍ਰਵੇਸ਼ ਕਰਨ ਦੇ ਯੋਗ ਬਣ ਜਾਂਦੇ ਹਾਂ। ਇਹ ਸਾਨੂੰ ਕੇਵਲ ਇਸ ਸੰਸਾਰ ਵਿਚ ਹੀ ਸਫਲਤਾ ਨਹੀਂ ਬਖਸ਼ਦੀ ਸਗੋਂ ਨਿਰੰਕਾਰ ਪਾਸ ਪਹੁੰਚਣ ਲਈ ਵੀ ਇਕ ਮਹੱਤਵਪੂਰਨ ਕਦਮ ਦਾ ਕੰਮ ਕਰਦੀ ਹੈ।

ਗੁਰਬਾਣੀ ਨੂੰ ਗਹੁ ਨਾਲ ਵਿਚਾਰਿਆਂ ਸਾਨੂੰ ਨਿਮਰਤਾ, ਅਹਿੰਸਾ ਅਤੇ ਸਾਦਗੀ ਦਾ ਜੀਵਨ ਬਤੀਤ ਕਰਨ ਲਈ ਸਿੱਖਿਆ ਮਿਲਦੀ ਹੈ। ਪ੍ਰਾਚੀਨ ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਧਾਰਮਿਕ ਗ੍ਰੰਥਾਂ ਅਤੇ ਜਨਮਸਾਖੀਆਂ ਵਿਚ ਇਸ ਦੀ ਮਹਾਨਤਾ ਦੱਸੀ ਗਈ ਹੈ। ਰੂਹਾਨੀ ਪੰਜਾਬੀ ਕਵਿਤਾ ਦੇ ਬਾਨੀ ਸ਼ੇਖ਼ ਫਰੀਦ ਨੇ ਆਪਣੀ ਬਾਣੀ ਵਿਚ ਸਾਨੂੰ ਨਿਮਰਤਾ ਅਤੇ ਪ੍ਰੇਮਭਾਵ ਦਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ ਹੈ। ਅਜਿਹਾ ਕਰਨ ਨਾਲ ਅਸੀਂ ਨਾ ਕੇਵਲ ਆਪਣੇ ਸਾਥੀਆਂ ਦਾ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਬਣਦੇ ਹਾਂ ਸਗੋਂ ਰੂਹਾਨੀਅਤ ਵਾਲੇ ਰਸਤੇ ਦੇ ਅਧਾਰ ਨੂੰ ਵੀ ਸਮਝਣ ਲੱਗ ਜਾਂਦੇ ਹਾਂ। ਹਰੇਕ ਮਨੁੱਖ ਨਾਲ ਪਿਆਰ, ਨਿਮਰਤਾ ਦਾ ਵਿਹਾਰ, ਦੁੱਖ-ਸੁੱਖ ਦੀ ਭਾਈਵਾਲੀ, ਨਿਵ-ਚਲਣਾ, ਅਹਿੰਸਾ ਦਾ ਜੀਵਨ, ਸ਼ਾਕਾਹਾਰੀ ਭੋਜਨ ਅਤੇ ਹਉਮੈਂ ਦਾ ਤਿਆਗ ਕਰਨ ਵਰਗੇ ਅਜਿਹੇ ਗੁਣ ਹਨ ਜੋ ਰੂਹਾਨੀਅਤ ਦੇ ਰਸਤੇ ਦੇ ਮੀਲਪੱਥਰ ਮੰਨੇ ਜਾਂਦੇ ਹਨ। ਉਹ ਸਾਨੂੰ ਅੱਤ ਦਰਜੇ ਦੀ ਨਿਮਰਤਾ ਸਮਝਾਉਂਦੇ ਹੋਏ ਦੱਸਦੇ ਹਨ ਕਿ ਜੇਕਰ ਤੁਹਾਨੂੰ ਕੋਈ ਮਾਰ-ਕੁੱਟ ਵੀ ਲਵੇ ਤਾਂ ਉਸ ਕੋਲੋਂ ਬਦਲਾ ਨਾ ਲਓ, ਸਗੋਂ ਉਸ ਦੇ ਪੈਰੀਂ ਹੱਥ ਲਗਾ ਕੇ ਆਰਾਮ ਨਾਲ ਆਪਣੇ ਘਰ ਨੂੰ ਪਰਤ ਆਓ। ਬਾਬਾ ਫਰੀਦ ਜੀ ਦਾ ਇਹ ਵੀ ਕਹਿਣਾ ਹੈ ਕਿ ਹੇ ਮਨੁੱਖ ! ਤੂੰ ਰੱਬ ਦੇ ਘਰ ਨੂੰ ਜਾਂਦੇ ਰਸਤੇ ਦੀ ਦਭੁ ਬਣ ਜਾਹ, ਭਗਤ ਲੋਕ ਤੇਰੇ ਉੱਪਰ ਦੀ ਲੰਘਦੇ ਹੋਏ ਰੱਬ ਪਾਸ ਪਹੁੰਚਣਗੇ ਅਤੇ ਜੇਕਰ ਰੱਬ ਨੂੰ ਤੇਰੀ ਇਹ ਨਿਮਰਤਾ ਪਸੰਦ ਆਵੇਗੀ ਤਾਂ ਉਹ ਭਗਤ ਆਪਣੇ ਪੈਰਾਂ ਨਾਲ ਘੜੀਸਦੇ ਹੋਏ ਤੈਨੂੰ ਵੀ ਰੱਬ ਦੇ ਘਰ ਲੈ ਜਾਣਗੇ। ਸੋ ਇਸ ਤਰ੍ਹਾਂ ਅੱਤ ਦਰਜੇ ਦੀ ਨਿਮਰਤਾ, ਹਉਮੈਂ ਦਾ ਤਿਆਗ ਅਤੇ ਸਾਦਾ ਜੀਵਨ ਇਸ ਆਸ਼ੇ ਦੀ ਪ੍ਰਾਪਤੀ ਵਿਚ ਸਾਡੀ ਬਹੁਤ ਮਦਦ ਕਰ ਸਕਦਾ ਹੈ। ਸ਼ੇਖ ਫਰੀਦ ਜੀ ਲਿਖਦੇ ਹਨ -

ਫਰੀਦਾ ਥੀਉ ਪਵਾਹੀ ਦਭੁ।। ਜੇ ਸਾਈਂ ਲੋੜਹਿ ਸਭੁ।।
ਇਕ ਛਿਜਹਿ ਬਿਆ ਲਤਾੜੀਅਹਿ, ਤਾਂ ਸਾਈਂ ਦੇ ਦਰਿ ਵਾੜੀਅਹਿ।।

ਗੁਰਬਾਣੀ ਦੇ ਰਚਨਹਾਰ ਸਮੂਹ ਗੁਰੂਆਂ, ਪੀਰਾਂ ਅਤੇ ਭਗਤਾਂ ਦੀ ਤਰ੍ਹਾਂ ਸੰਤ ਕਬੀਰ ਵੀ ਮਨੁੱਖ ਨੂੰ ਨਿਮਰਤਾ ਦਾ ਜੀਵਨ ਬਤੀਤ ਕਰਨ ਦੀ ਹੀ ਸਿੱਖਿਆ ਦਿੰਦੇ ਹਨ। ਦੂਜੇ ਮਹਾਂਪੁਰਖਾਂ ਦੀ ਤਰ੍ਹਾਂ ਉਨ੍ਹਾਂ ਦਾ ਨਿੱਜੀ ਜੀਵਨ ਵੀ ਮਿਹਨਤ, ਸਾਦਗੀ, ਤਿਆਗ ਅਤੇ ਨਿਮਰਤਾ ਨਾਲ ਭਰਪੂਰ ਸੀ। ਉਹ ਆਪਣੇ ਪਰਿਵਾਰਕ ਜੀਵਨ ਦੇ ਨਿਰਭਾਹ ਲਈ ਕੱਪੜਾ ਬੁਣਨ ਦਾ ਕੰਮ ਕਰਦੇ ਹੋਏ ਹਰੇਕ ਮਨੁੱਖ ਨਾਲ ਹਉਮੈਂ ਰਹਿਤ ਹੋ ਕੇ ਨਿਮਰਤਾ ਨਾਲ ਹੀ ਪੇਸ਼ ਆਉਂਦੇ ਸਨ। ਉਨ੍ਹਾਂ ਨੇ ਸਾਨੂੰ ਦੱਸਿਆ ਹੈ ਕਿ ਜੇ ਅਸੀਂ ਰੱਬ ਦੀ ਪ੍ਰਾਪਤੀ ਦੇ ਰਾਹ 'ਤੇ ਚਲਣਾ ਚਾਹੁੰਦੇ ਹਾਂ ਤਾਂ ਸਾਨੂੰ ਹਉਮੈਂ ਰਹਿਤ ਹੋ ਕੇ ਉਸ ਰਸਤੇ ਦੇ ਰੋੜੇ ਦੀ ਤਰ੍ਹਾਂ ਜੀਵਨ ਬਤੀਤ ਕਰਨਾ ਚਾਹੀਦਾ ਹੈ ਜੋ ਲੋਕਾਂ ਦੇ ਠੁੱਡੇ ਖਾਂਦਾ ਹੋਇਆ ਵੀ ਖ਼ੁਸ਼ ਹੈ। ਉਹ ਸਮਝਦਾ ਹੈ ਕਿ ਜੋ ਮਨੁੱਖ ਰੱਬ ਦੇ ਰਾਹ 'ਤੇ ਚੱਲਦੇ ਹਨ, ਰੱਬੀ ਦਰਗਾਹ ਵਿਚ ਪਹੁੰਚ ਰੱਖਦੇ ਹਨ, ਉਹ ਰੋੜਾ ਉਨ੍ਹਾਂ ਦੇ ਠੁੱਡੇ ਖਾਂਦਾ ਹੋਇਆ ਵੀ ਉਨ੍ਹਾਂ ਦੀ ਚਰਨਧੂੜ ਬਣ ਕੇ ਇਕ ਦਿਨ ਜ਼ਰੂਰ ਰੱਬੀ ਦਰਗਾਹ ਵਿਚ ਪਹੁੰਚ ਜਾਵੇਗਾ। ਰੱਬ ਪਾਸ ਪਹੁੰਚਣ ਲਈ ਗੁਰਬਾਣੀ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈਂ ਵਰਗੇ ਔਗੁਣਾਂ ਨੂੰ ਤਿਆਗ ਕੇ ਨਿਮਰਤਾ, ਹਲੀਮੀ, ਸ਼ਰਾਫ਼ਤ ਅਤੇ ਸਾਦਗੀ ਦਾ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੰਦੀ ਹੈ। ਭਗਤ ਕਬੀਰ ਨੇ ਲਿਖਿਆ ਹੈ:-

ਕਬੀਰਾ ਰੋੜਾ ਹੂਆ ਰਹੁ ਬਾਟ ਕਾ।। ਤਜਿ ਮਨ ਕਾ ਅਭਿਮਾਨ।।
ਹਰਿ ਜਨ ਐਸਾ ਚਾਹੀਐ।। ਤਾਹਿ ਮਿਲੇ ਭਗਵਾਨ।।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮਨੁੱਖ ਨੂੰ ਨਿਮਰਤਾ, ਪਿਆਰ ਅਤੇ ਸ਼ਰਾਫਤ ਦਾ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੱਤੀ ਹੈ। ਉਨ੍ਹਾਂ ਨੇ ਕਿਰਤ ਕਰਨੀ, ਵੰਡ ਛਕਣਾ, ਦੂਜਿਆਂ ਦਾ ਸਤਿਕਾਰ ਕਰਨਾ ਅਤੇ ਨਿਉਂ ਚੱਲਣ ਨੂੰ ਰੂਹਾਨੀ ਜੀਵਨ ਦੇ ਪੱਕੇ ਥੰਮ੍ਹ ਮੰਨਿਆ ਹੈ। ਕੋਈ ਮਨੁੱਖ ਭਾਵੇਂ ਕਿੰਨਾ ਵੀ ਚੁਸਤ, ਅਮੀਰ ਅਤੇ ਤਾਕਤਵਰ ਕਿਉਂ ਨਾ ਹੋਵੇ ਜੇਕਰ ਉਸ ਦੇ ਜੀਵਨ ਵਿੱਚ ਮਿਠਾਸ, ਨਿਮਰਤਾ, ਸਹਿਣਸ਼ੀਲਤਾ ਅਤੇ ਸਾਦਗੀ ਨਹੀਂ ਤਾਂ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਨਹੀਂ ਚਲ ਸਕਦਾ। ਅਜਿਹੇ ਮਨੁੱਖ ਦਾ ਜੀਵਨ ਖੁਸ਼ਕ, ਰੁੱਖਾ ਅਤੇ ਦਿਸ਼ਾਹੀਣ ਹੋਵੇਗਾ ਜੋ ਨਿਰੰਕਾਰ ਦੀ ਪ੍ਰਾਪਤੀ ਤੋਂ ਕੋਹਾਂ ਦੂਰ ਰਹਿ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਅਮੀਰ, ਆਕੜਖਾਨ ਮਨੁੱਖਾਂ ਨੂੰ ਸਿੰਮਲ ਰੁੱਖ ਨਾਲ ਉਪਮਾਇਆ ਹੈ। ਉਹ ਦੱਸਦੇ ਹਨ ਕਿ ਸਿੰਮਲ ਦਾ ਰੁੱਖ ਬੜਾ ਮੋਟਾ, ਲੰਬਾ ਅਤੇ ਖਿਲਾਰ ਵਾਲਾ ਹੁੰਦਾ ਹੈ, ਪਰ ਜੇਕਰ ਕੋਈ ਪੰਛੀ ਇਸ ਦਰਖਤ ਦੇ ਵੱਡੇ ਪਣ ਨੂੰ ਦੇਖ ਕੇ ਇਸ ਉਪਰ ਆ ਕੇ ਬੈਠ ਜਾਵੇ ਕਿ ਉਸ ਦੀ ਭੁੱਖ ਮਿੱਟ ਜਾਵੇਗੀ ਤਾਂ ਉਸ ਨੂੰ ਨਿਰਾਸ਼ਾ ਹੀ ਮਿਲਦੀ ਹੈ। ਉਹ ਦੱਸਦੇ ਹਨ ਕਿ ਇਸ ਵੱਡੇ ਦਰੱਖਤ ਦੇ ਫੁੱਲ, ਫ਼ਲ ਅਤੇ ਪੱਤੇ ਵੀ ਬੜੇ ਕੌੜੇ ਅਤੇ ਬੇਸੁਆਦ ਹੁੰਦੇ ਹਨ, ਜਿਸ ਕਾਰਨ ਭੁੱਖੇ ਆਸਵੰਦ ਪੰਛੀ ਨੂੰ ਨਿਰਾਸ਼ਾ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ। ਸੋ, ਪੰਛੀ ਅਜਿਹੇ ਵੱਡੇ ਦਰੱਖਤਾਂ ਤੋਂ ਨਿਰਾਸ਼ ਅਤੇ ਦੁਖੀ ਹੋ ਕੇ ਭੁੱਖੇ ਹੀ ਵਾਪਸ ਪਰਤ ਜਾਂਦੇ ਹਨ। ਉਹ ਸਾਨੂੰ ਸਮਝਾਉਂਦੇ ਹਨ ਕਿ ਬਹੁਤੇ ਕਿਤਾਬੀ ਗਿਆਨਵਾਨ, ਅਮੀਰ, ਤਾਕਤਵਰ ਅਤੇ ਹੰਕਾਰ ਵਾਲੇ ਵਿਅਕਤੀ ਮਨੁੱਖਤਾ ਦੀ ਸੇਵਾ ਕਰਨ ਤੋਂ ਅਸਮਰਥ ਰਹਿ ਜਾਂਦੇ ਹਨ। ਅਜਿਹੇ ਮਨੁੱਖਾਂ ਦਾ ਜੀਵਨ ਖੁਸ਼ਕ, ਦਿਸ਼ਾਹੀਣ ਅਤੇ ਆਸ਼ਾ-ਰਹਿਤ ਹੁੰਦਾ ਹੈ ਅਤੇ ਉਹ ਮਨੁੱਖਤਾ ਦੀ ਸਰੀਰਕ, ਮਾਨਸਿਕ ਅਤੇ ਆਤਮਿਕ ਭੁੱਖ ਨੂੰ ਨਹੀਂ ਮਿਟਾ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਸਿੰਮਲ ਰੁਖ ਦਾ ਅਲੰਕਾਰ ਵਰਤ ਕੇ ਸਾਨੂੰ ਦਸਦੇ ਹਨ :-

ਸਿੰਮਲ ਰੁਖ ਸਰਾਇਰਾ ਅਤਿ ਦੀਰਘ ਅਤਿ ਮੁਚੁ।।
ਓਇ ਜਿ ਆਵਹਿ ਆਸ ਕਰਿ ਜਾਇ ਨਿਰਾਸੇ ਕਿਤੁ।।
ਫਲ ਫਿਕੇ ਫੁਲ ਬਕਬਕੇ ਕੰਮ ਨਾ ਆਵਹਿ ਪਤੁ।।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ।।

ਇਸ ਤਰ੍ਹਾਂ ਗੁਰਬਾਣੀ ਸਾਨੂੰ ਦੱਸਦੀ ਹੈ ਕਿ ਅਸਲੀ ਵਡਿਆਈ ਨਿਮਰਤਾ ਗ੍ਰਹਿਣ ਕਰਨ, ਅਹਿੰਸਾ ਅਤੇ ਪਿਆਰ ਦਾ ਜੀਵਨ ਬਤੀਤ ਕਰਨ ਅਤੇ ਸਦਾ ਨਿਉਂ ਕੇ ਚੱਲਣ ਵਿਚ ਹੈ। ਨਿਮਰ ਮਨੁੱਖ ਹਮੇਸ਼ਾ ਆਪਣੇ ਆਪ ਨੂੰ ਨਿਮਾਣਾ, ਨਿਤਾਣਾ, ਬੇ-ਆਸਰਾ ਅਤੇ ਗੁਣ-ਹੀਨ ਮੰਨਦੇ ਹਨ ਅਤੇ ਸਹੀ ਅਰਥਾਂ ਵਿਚ ਉਹੀ ਗੁਣਵਾਨ ਅਤੇ ਪਰਮਪੂਜਨੀ ਹੁੰਦੇ ਹਨ। ਗੁਰਬਾਣੀ ਰਚਣ ਵਾਲੇ ਮਹਾਂਪੁਰਖ ਸਦਾ ਆਪਣੇ ਆਪ ਨੂੰ ਨੀਚ, ਮੰਦਬੁਧੀ ਵਾਲਾ ਦੱਸਦੇ ਹੋਏ ਦੂਜਿਆਂ ਨੂੰ ਸਮਝਾਉਂਦੇ ਸਮੇਂ ਉਨ੍ਹਾਂ ਲਈ 'ਸਾਧ' ਅਤੇ 'ਭਗਤ' ਵਰਗੇ ਪ੍ਰਸ਼ੰਸਾਯੋਗ ਸ਼ਬਦਾਂ ਦੀ ਵਰਤੋਂ ਕਰਦੇ ਹਨ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਬੁਰਾ ਭਲਾ ਕੋਈ ਨ ਕਹੀਜੈ

**ਸ. ਬਲਦੇਵ ਸਿੰਘ ਸੰਧੂ,**
ਮੋਬਾਇਲ 941780-0020
ਮੁਖੀ ਕੈਰੀਅਰ ਐਂਡ ਕੋਰਸਿਜ਼,
ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ।

ਸੰਸਾਰ ਦੀ ਰਚਨਾ ਪ੍ਰਮਾਤਮਾ ਨੇ ਇੱਕ ਹੁਕਮ ਨਾਲ ਹੀ ਕਰ ਦਿੱਤੀ ਸੀ।

ਕੀਤਾ ਪਸਾਉ ਏਕੋ ਕਵਾਉ ॥ ਅੰਗ 3॥. ਇਸ ਤੋਂ ਇਹ ਸਾਫ ਜ਼ਾਹਰ ਹੋ ਗਿਆ ਕਿ ਸਾਰੇ ਜੀਅ ਪ੍ਰਮਾਤਮਾ ਦੇ ਰਚੇ ਹੋਏ ਹਨ। ਇਸ ਲਈ ਜੇ ਹਰ ਇੱਕ ਮਨੁੱਖ ਪ੍ਰਮਾਤਮਾ ਦੀ ਅੰਸ਼ ਹੈ ਤਾਂ ਕਿਸੇ ਮਨੁੱਖ ਨੂੰ ਪ੍ਰਮਾਤਮਾ ਦੀ ਰਚੀ ਹੋਈ ਰਚਨਾ ਦੀ ਨਿੰਦਾ ਕਰਨ ਦਾ ਕੋਈ ਅਧਿਕਾਰ ਨਹੀ ਹੈ, ਫਿਰ ਵੀ ਅਗਰ ਉਹ ਨਿੰਦਾ ਕਰਦਾ ਹੈ ਤਾਂ ਉਹ ਪ੍ਰਮਾਤਮਾ ਦੀ ਬਖਸ਼ਿਸ਼ ਦਾ ਪਾਤਰ ਨਹੀ ਬਣ ਸਕਦਾ। ਤੀਜੇ ਪਾਤਸ਼ਾਹ ਜੀ ਨਿੰਦਿਆ ਨੂੰ ਬਹੁਤ ਮਾੜਾ ਗਿਣਦੇ ਹਨ। ਇਸ ਸਬੰਧ ਵਿੱਚ ਰਾਗੁ ਸੂਹੀ ਅੰਦਰ ਜੀਵਾਂ ਨੂੰ ਨਿੰਦਿਆ ਕਰਨ ਤੋ ਮਨਾਹੀ ਕਰਦੇ ਹੋਏ ਉਪਦੇਸ਼ ਕਰਦੇ ਹਨ ਕਿ ਕਿਸੇ ਮਨੁੱਖ ਦੀ ਨਿੰਦਾ ਕਰਨੀ ਚੰਗੀ ਗੱਲ ਨਹੀਂ ਹੈ। ਨਿੰਦਾ ਕੇਵਲ ਮਨਮੁੱਖ ਅਤੇ ਮੂਰਖ ਹੀ ਕਰਿਆ ਕਰਦੇ ਹਨ। ਨਿੰਦਕ ਲੋਕ ਪਰਲੋਕ ਵਿੱਚ ਬੇਇੱਜਤ ਹੁੰਦੇ ਹਨ ਅਤੇ ਭਿਆਨਕ ਨਰਕ ਵਿੱਚ ਪੈਂਦੇ ਹਨ।

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥6॥ ਅੰਗ 765 ਪੁਨਹੇ ਜਿਹੜੇ ਨਿੰਦਾ ਕਰਦੇ ਹਨ ਉਨ੍ਹਾਂ ਦੇ ਪ੍ਰਮਾਤਮਾ ਦੇ ਦਰਬਾਰ ਵਿੱਚ ਮੂੰਹ ਕਾਲੇ ਕੀਤੇ ਜਾਂਦੇ ਹਨ।

ਮੁਹ ਕਾਲੇ ਤਿਨ ਨਿੰਦਕਾ ਤਿਤੁ ਸਚੈ ਦਰਬਾਰਿ ॥ ਅੰਗ 649॥.

ਇਸ ਸਬੰਧ ਵਿੱਚ ਪੰਜਵੇਂ ਪਾਤਿਸ਼ਾਹ ਜੀ ਆਸਾ ਰਾਗੁ ਅੰਦਰ ਉਪਦੇਸ਼ ਕਰਦੇ ਹਨ ਕਿ, ਹੇ ਪ੍ਰਭੂ ! ਸਾਰੇ ਜੀਵ ਤਾਂ ਤੇਰੇ ਪੈਦਾ ਕੀਤੇ ਹੋਏ ਹਨ, ਫਿਰ ਦੱਸੋ ਕਿਸ ਨੂੰ ਬੁਰਾ ਅਤੇ ਕਿਸ ਨੂੰ ਭਲਾ ਕਹੀਐ?

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ ॥ 1॥ ਰਹਾਉ ॥ ਅੰਗ 383

ਇਸ ਸਬੰਧ ਵਿਚ ਪਹਿਲੇ ਪਾਤਸ਼ਾਹ ਜੀ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਦੱਸੋ, ਕਿਸ ਨੂੰ ਭਲਾ ਕਹੀਐ ਅਤੇ ਕਿਸ ਨੂੰ ਬੁਰਾ ਕਹੀਐ? ਜਦੋਂ ਕਿ ਹਰੇਕ ਮਨੁੱਖ ਅੰਦਰ ਪ੍ਰਮਾਤਮਾ ਵੱਸਦਾ ਹੈ। ਪ੍ਰੰਤੂ ਇਹ ਪਤਾ ਤਾਂ ਹੀ ਲੱਗਦਾ ਹੈ ਜੇ ਮਨੁੱਖ ਗੁਰੂ ਦੇ ਸਨਮੁੱਖ ਹੋ ਕੇ ਸੰਸਾਰ ਵਿੱਚ ਰਹੇ।

ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥ ਅੰਗ 353

ਇਸ ਸਬੰਧ ਵਿਚ ਪੰਜਵੇਂ ਪਾਤਸ਼ਾਹ ਜੀ ਰਾਗ ਗਉੜੀ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ, ਕੋਈ ਵੀ ਮਨੁੱਖ ਕਿਸੇ ਨੂੰ ਬੁਰਾ ਭਲਾ ਨਾ ਕਹੇ।

ਬੁਰਾ ਭਲਾ ਕੋਈ ਨ ਕਹੀਜੈ ॥ ਅੰਗ 186 ॥

ਪਹਿਲੇ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਮੈਂ ਨਹੀ ਜਾਣਦਾ ਕਿ ਕੌਣ ਮੂਰਖ ਹੈ ਤੇ ਕੌਣ ਸਿਆਣਾ ਹੈ? ਚਾਹੇ ਕੋਈ ਮੂਰਖ ਹੈ ਅਤੇ ਚਾਹੇ ਕੋਈ ਸਿਆਣਾ ਹੈ, ਹਰੇਕ ਦੇ ਅੰਦਰ ਇੱਕ ਪ੍ਰਭੂ ਦੀ ਜੋਤਿ ਵੱਸ ਰਹੀ ਹੈ ਪਰ ਨਾਮ ਦੋ ਹਨ, ਇੱਕ ਮੂਰਖ ਅਤੇ ਦੂਜਾ ਸਿਆਣਾ।

ਜਿਹੜਾ ਆਦਮੀ ਪ੍ਰਭੂ ਦੇ ਨਾਮ ਨੂੰ ਨਹੀਂ ਮਨਦਾ ਉਹ ਮਹਾਂ ਮੂਰਖ ਹੈ।2।

ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ॥

ਮੂਰਖ ਸਿਆਣਾ ਏਕੁ ਹੈ ਏਕ ਜੋਤ ਦੁਇ ਨਾਉ॥ਮੂਰਖਾ ਸਿਰ ਮੂਰਖੁ ਹੈ ਜਿ ਮੰਨੇ ਨਾਹੀ ਨਾਉ॥2॥ ਮਾਰੂ ਮਹਲਾ ਪਹਿਲਾ।

ਪੰਜਵੇ ਪਾਤਸ਼ਾਹ ਜੀ ਰਾਗ ਮਾਝ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਆਪਣੇ ਆਪ ਵਿੱਚ ਨਾ ਕੋਈ ਮੂਰਖ ਹੈ ਤੇ ਨਾ ਕੋਈ ਸਿਆਣਾ ਹੈ। ਤੇਰੇ ਜਗਤ ਵਿਚ ਜਿਵੇਂ ਉਹ ਵਿਚਰ ਰਿਹਾ ਹੈ, ਸਭ ਕੁਝ ਤੇਰੇ ਹੁਕਮ ਅੰਦਰ ਵਿਚਰ ਰਿਹਾ ਹੈ।

ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ ॥ (ਅੰਗ 98)।

ਫਰੀਦ ਜੀ ਮਨੁੱਖੀ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਜੇ ਤੂੰ ਬਹੁਤ ਸਮਝਦਾਰ ਹੈ ਤਾਂ ਹੋਰਨਾ ਦੇ ਅਵਗੁਣ ਨਾ ਚਿਤਾਰ। ਸਗੋਂ ਤੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖ ਕਿ ਤੇਰੇ ਅੰਦਰ ਕਿੰਨੇ ਅਵਗੁਣ ਹਨ;

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ 6॥ (ਅੰਗ 1378)।

ਇਸ ਸਬੰਧ ਵਿਚ ਫਰੀਦ ਜੀ ਪੁਨਹ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ, ਹੇ ਫਰੀਦ ! ਪ੍ਰਮਾਤਮਾ ਸਾਰੀ ਖਲਕਤ ਵਿੱਚ ਮੌਜੂਦ ਹੈ ਅਤੇ ਖਲਕਤ ਪ੍ਰਮਾਤਮਾ ਵਿੱਚ ਵੱਸ ਰਹੀ ਹੈ। ਭਾਵ, 'ਓਤਿ ਪੋਤਿ ਰਵਿਆ ਰੂਪ ਰੰਗਾ" ॥ ਮ: ੫ ॥ ਰਾਗ ਗਉੜੀ (ਅੰਗ 287)।

ਯਾਨੀ ਪ੍ਰਭੂ ਤਾਣੇ ਪੇਟੇ ਵਾਂਗ ਸਾਰਿਆਂ ਰੂਪਾਂ ਅਤੇ ਰੰਗਾਂ ਵਿੱਚ ਵਿਆਪਕ ਹੈ। ਇਸ ਲਈ ਕਿਤੇ ਵੀ ਪ੍ਰਮਾਤਮਾ ਤੋਂ ਬਿਨਾ ਹੋਰ ਕੋਈ ਨਹੀਂ ਹੈ, ਤਾਂ ਕਿਸ ਜੀਵ ਨੂੰ ਮੰਦਾ ਅਖੀਐ?

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ 75॥ (ਅੰਗ 1381)।

ਪਹਿਲੇ ਪਾਤਸ਼ਾਹ ਜੀ ਇਸ ਸਬੰਧ ਵਿਚ ਜਪੁਜੀ ਸਾਹਿਬ ਦੀ ਬਾਣੀ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ, ਪ੍ਰਮਾਤਮਾ (ਹੁਕਮੀ) ਦੇ ਹੁਕਮ ਵਿੱਚ ਹੀ ਕੋਈ ਜੀਵ ਉਤਮ ਬਣ ਜਾਂਦਾ ਹੈ ਅਤੇ ਕੋਈ ਨੀਚੁ ਬਣ ਜਾਂਦਾ ਹੈ।

ਹੁਕਮੀ ਉਤਮੁ ਨੀਚੁ। (ਅੰਗ-1)।

ਪੰਜਵੇ ਪਾਤਸ਼ਾਹ ਜੀ ਰਾਗੁ ਗਾਉੜੀ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਜੀਵ ਚੰਗੇ ਤੇ ਮੰਦੇ ਕਾਰ ਵਿਹਾਰ ਪ੍ਰਭੂ ਦੇ ਹੁਕਮ ਅਨੁਸਾਰ ਹੀ ਕਰਦਾ ਹੈ; ਹੁਕਮੇ ਊਚ ਨੀਚ ਬਿਉਹਾਰ॥ (ਅੰਗ-277)।

ਪੰਜਵੇ ਪਾਤਸ਼ਾਹ ਜੀ ਰਾਗ ਰਾਮਕਲੀ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਜਿਸ ਕੰਮ ਵਿਚ ਪ੍ਰਮਾਤਮਾ ਨੇ ਕਿਸੇ ਨੂੰ ਲਾਇਆ ਹੋਇਆ ਹੈ ਉਹ ਉਸੇ ਕੰਮ ਵਿਚ ਲੱਗਾ ਹੋਇਆ ਹੈ। ਇਸ ਲਈ ਨਾ ਕੋਈ ਜੀਵ ਮੂਰਖ ਹੈ ਅਤੇ ਨਾ ਹੀ ਸਿਆਣਾ ਹੈ; ਜਿਤੁ ਕੋਈ ਲਾਇਆ ਤਿਤ ਹੀ ਲਗਾਨਾ॥ ਨਾ ਕੋ ਮੂੜ ਨਹੀ ਕੋ ਸਿਆਨਾ॥ ਰਾਮਕਲੀ ਮ.੫॥ (ਅੰਗ-914)।

ਇਸ ਵਿਸ਼ੇ 'ਤੇ ਕਬੀਰ ਜੀ ਰਾਗ ਪ੍ਰਭਾਤੀ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਸਭ ਤੋਂ ਪਹਿਲਾਂ ਅੱਲਾ (ਪ੍ਰਭੂ) ਦਾ ਨੂਰ ਹੀ ਹੈ ਜਿਸ ਨੇ ਜਗਤ ਪੈਦਾ ਕੀਤਾ ਅਤੇ ਸਾਰੇ ਜੀਵ ਜੰਤ ਰੱਬ ਦੀ ਕੁਦਰਤ ਦੇ ਬਣਾਏ ਹੋਏ ਹਨ। ਇਕ ਪ੍ਰਭੂ ਦੀ ਜੋਤ ਤੋਂ ਹੀ ਸਾਰਾ ਜਗਤ ਪੈਦਾ ਹੋਇਆ ਹੈ, ਭਾਵ ਸਾਰੇ ਭਰਾ ਹੀ ਹਨ ਸੋ ਇਨ੍ਹਾਂ ਵਿਚੋਂ ਕੌਣ ਚੰਗੇ ਅਤੇ ਕੌਣ ਮੰਦੇ? ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ॥ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥1॥ (ਅੰਗ 1349)।




ਪਹਿਲੇ ਪਾਤਸ਼ਾਹ ਜੀ ਜਪੁਜੀ ਸਾਹਿਬ ਗੁਰਬਾਣੀ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ, ਅਕਾਲ ਪੁਰਖ ਦੀ ਰਚਨਾ ਵਿੱਚ ਅਣਗਿਣਤ ਜੀਵ ਜਪ ਕਰਦੇ ਹਨ ਅਤੇ ਬੇਅੰਤ ਜੀਵ ਹੋਰਨਾਂ ਨਾਲ ਪਿਆਰ ਦਾ ਵਰਤਾਉ ਕਰਦੇ ਹਨ। ਅਣਗਿਣਤ ਜੀਵ ਪੂਜਾ ਕਰ ਰਹੇ ਹਨ ਅਤੇ ਤਪ ਸਾਧ ਰਹੇ ਹਨ।

ਬੇਅੰਤ ਜੀਵ ਵੇਦਾਂ ਅਤੇ ਹੋਰ ਪੁਸਤਕਾਂ ਦੇ ਪਾਠ ਮੂੰਹ ਨਾਲ ਕਰ ਰਹੇ ਹਨ।

ਬੇਅੰਤ ਹੀ ਜੋਗ ਸਾਧਨਾ ਕਰਦੇ ਹਨ ਅਤੇ ਆਪਣੇ ਮਨ ਵਿੱਚ ਸੰਸਾਰ ਵੱਲੋਂ ਉਪਰਾਮ ਰਹਿੰਦੇ ਹਨ।

ਬੇਅੰਤ ਹੀ ਭਗਤ ਹਨ ਜੋ ਪ੍ਰਮਾਤਮਾ ਦੇ ਗੁਣਾਂ ਅਤੇ ਗਿਆਨ ਦੀ ਵੀਚਾਰ ਕਰਦੇ ਹਨ।

ਬੇਅੰਤ ਹੀ ਦਾਨੀ ਅਤੇ ਦਾਤੇ ਹਨ। ਬੇਅੰਤ ਹੀ ਸੂਰਮੇ ਹਨ ਜੋ ਦੂਜੇ ਦੇ ਸਨਮੁੱਖ ਹੋ ਕੇ ਸ਼ਾਸਤਰਾਂ ਦੇ ਵਾਰ ਸਹਿੰਦੇ ਹਨ ਪਰ ਪਿੱਠ ਨਹੀਂ ਦਿੰਦੇ। ਬੇਅੰਤ ਦੀ ਮੋਨੀ ਹਨ ਜੋ ਇਕ ਰਸ ਬਿਰਤੀ ਜੋੜ ਕੇ ਬੈਠੇ ਰਹਿੰਦੇ ਹਨ। ਮੇਰੀ ਕੀ ਤਾਕਤ ਹੈ ਕਿ ਕਰਤਾਰ ਦੀ ਕੁਦਰਤ ਦੀ ਮੈਂ ਵਿਚਾਰ ਕਰ ਸਕਾਂ। ਭਾਵ ਮੈ ਇੱਕ ਵਾਰੀ ਵੀ ਤੇਰੇ ਤੋਂ ਕੁਰਬਾਨ ਨਹੀਂ ਹੋ ਸਕਦਾ ਭਾਵ ਮੈਂ ਇਕ ਵਾਰੀ ਕੁਰਬਾਨ ਹੋਣ ਜੋਗਾ ਨਹੀਂ ਹਾਂ ਕਿਉਂਕਿ ਮੇਰੀ ਹਸਤੀ ਬਹੁਤ ਤੁੱਛ ਹੈ। ਇਸ ਲਈ ਜੋ ਤੈਨੂੰ ਚੰਗਾ ਲੱਗਦਾ ਹੈ ਉਹੋ ਹੀ ਕੰਮ ਭਲਾ ਹੈ (ਭਾਵ, ਤੇਰੀ ਰਜ਼ਾ ਵਿੱਚ ਰਹਿਣਾ ਠੀਕ ਹੈ)। ਹੇ ਨਿਰੰਕਾਰ! ਤੂੰ ਸਦਾ ਸਲਾਮਤ ਹੈਂ। ਤੇਰੇ ਵਿੱਚ ਕੋਈ ਉਣਤਾਈ ਨਹੀ ਹੈ (17)। ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥(17) ਜਪੁਜੀ ॥ (ਅੰਗ 3)।

ਇਸ ਸਤਾਰਵੀਂ ਪਉੜੀ ਵਿੱਚ ਪਹਿਲੇ ਪਾਤਸ਼ਾਹ ਜੀ ਨੇ ਬੇਅੰਤ ਚੰਗੇ ਕੰਮ ਕਰਨ ਵਾਲੇ ਬੰਦਿਆਂ ਦਾ ਜਿਕਰ ਕੀਤਾ ਹੈ ਪਰ ਅੰਤ ਵਿੱਚ ਤੱਤ-ਸਾਰ ਇਹੀ ਦਿੱਤਾ ਹੈ ਕਿ, ਹੇ ਪ੍ਰਭੂ। ਤੂੰ ਸਦਾ ਸਲਾਮਤ ਹੈਂ ਤੇ ਤੇਰੇ ਵਿੱਚ ਕੋਈ ਵੀ ਉਣਤਾਈ ਨਹੀਂ ਹੈ। ਜੀਵ ਉਹੀ ਕੰਮ ਕਰਦਾ ਹੈ ਜੋ ਤੈਨੂੰ ਚੰਗਾ ਲੱਗਦਾ ਹੈ। ਜੀਵਾਂ ਨੂੰ ਅੱਗੇ ਅਠਾਰਵੀਂ ਪਉੜੀ ਵਿੱਚ ਪਹਿਲੇ ਪਾਤਿਸ਼ਾਹ ਜੀ ਉਪਦੇਸ਼ ਕਰ ਰਹੇ ਹਨ ਕਿ ਜਿਹੜੇ ਮੂਰਖਾਂ ਵਾਲੇ ਕੰਮ ਕਰਦੇ ਹਨ ਉਹ ਵੀ ਬੇਅੰਤ ਹਨ ਪਰ ਉਹ ਵੀ ਪ੍ਰਭੂ ਦੇ ਹੁਕਮ ਅਨੁਸਾਰ ਸਾਰੇ ਕੰਮ ਕਰ ਰਹੇ ਹਨ।

ਪ੍ਰਮਾਤਮਾ ਦੀ ਰਚੀ ਹੋਈ ਸ੍ਰਿਸ਼ਟੀ ਵਿੱਚ ਬੇਅੰਤ ਹੀ ਮਹਾਂਮੂਰਖ ਹਨ। ਬੇਅੰਤ ਹੀ ਚੋਰ ਹਨ ਜੋ ਪਰਾਇਆ ਮਾਲ ਚੁਰਾ ਕੇ ਵਰਤ ਰਹੇ ਹਨ। ਬੇਅੰਤ ਹੀ ਇਹੋ ਜਿਹੇ ਮਨੁੱਖ ਹਨ, ਜੋ ਦੂਜਿਆਂ ਉੱਤੇ ਹੁਕਮ ਚਲਾ ਕੇ ਅਤੇ ਧੱਕਾ ਜੋਰੀ ਕਰਕੇ ਅੰਤ ਨੂੰ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਬੇਅੰਤ ਹੀ ਲੋਕ ਹਨ ਜੋ ਦੂਜਿਆਂ ਦੇ ਗਲ ਵੱਢ ਕੇ ਖੂਨ ਕਰਦੇ ਹਨ।

ਬੇਅੰਤ ਹੀ ਪਾਪੀ ਮਨੁੱਖ ਹਨ ਜੋ ਪਾਪ ਕਮਾ ਕੇ ਅੰਤ ਨੂੰ ਸੰਸਾਰ ਤੋਂ ਚਲੇ ਜਾਂਦੇ ਹਨ। ਬੇਅੰਤ ਹੀ ਝੂਠ ਬੋਲਣ ਵਾਲੇ ਮਨੁੱਖ ਝੂਠ ਬੋਲਣ ਵਿੱਚ ਹੀ ਰੁੱਝੇ ਪਏ ਹਨ।

ਬੇਅੰਤ ਹੀ ਮੰਦੀ ਇੱਛਾ ਵਾਲੇ ਮਨੁੱਖ ਮੈਲ ਖਾ ਕੇ ਆਪਣਾ ਅਹਾਰ ਕਰਦੇ ਹਨ। ਭਾਵ ਜਿਹੜੀਆਂ ਚੀਜ਼ਾਂ ਨਹੀਂ ਖਾਣ ਵਾਲੀਆਂ ਉਹ ਖਾਂਦੇ ਹਨ। ਬੇਅੰਤ ਹੀ ਨਿੰਦਕ ਹਨ ਉਹ ਨਿੰਦਾ ਕਰਕੇ ਆਪਣੇ ਸਿਰ ਉੱਤੇ ਨਿੰਦਿਆ ਦਾ ਭਾਰ ਚੁੱਕ ਰਹੇ ਹਨ।

ਨਾਨਕ ਵਿਚਾਰਾ ਇਹ ਉਪਰਲੀ ਵਿਚਾਰ ਨੂੰ ਵਿਚਾਰ ਕੇ ਕਹਿੰਦਾ ਹੈ ਕਿ ਮੈ ਪ੍ਰਮਾਤਮਾਂ ਤੋਂ ਇੱਕ ਵਾਰੀ ਵੀ ਕੁਰਬਾਨ ਹੋਣ ਜੋਗਾ ਨਹੀ ਹਾਂ, ਜੋ ਤੈਨੂੰ ਚੰਗਾ ਲੱਗਦਾ ਹੈ ਉਹੀ ਕੰਮ ਭਲਾ ਹੈ। ਹੇ ਨਿਰੰਕਾਰ! ਤੂੰ ਸਦਾ ਸਲਾਮਤ ਹੈਂ। (18)।

ਉਪਰੋਕਤ ਵਿਚਾਰ ਤੋਂ ਇਹ ਸਾਫ ਸਪਸ਼ਟ ਹੋ ਗਿਰਾ ਹੈ ਕਿ ਜੀਵ ਸੰਸਾਰ ਵਿੱਚ ਜੋ ਕੁਝ ਵੀ ਕਰਦਾ ਹੈ ਉਹ ਪ੍ਰਮਾਤਮਾ ਦੇ ਹੁਕਮ ਵਿੱਚ ਹੀ ਕਰਦਾ ਹੈ। ਮਨੁੱਖ ਦੇ ਆਪਣੇ ਵੱਸ ਵਿਚ ਕੁਝ ਨਹੀਂ ਹੈ।ਇਸ ਬਾਰੇ ਕਬੀਰ ਜੀ ਉਪਦੇਸ਼ ਕਰਦੇ ਹਨ ਕਿ ਹਰ ਮਨੁੱਖ ਦਾ ਮਨ ਸਭ ਕੁਝ ਜਾਣਦਾ ਹੈ ਕਿ ਉਹ ਇਹ ਮੰਦਾ ਕੰਮ ਹੈ ਯਾਨੀ ਅਵਗੁਣ ਹੈ, ਫਿਰ ਵੀ ਅਵਗੁਣ ਕਰਦਾ ਹੈ। ਕਬੀਰ ਜੀ ਉਦਾਹਰਣ ਦੇ ਕੇ ਸਮਝਾ ਰਹੇ ਹਨ ਕਿ ਮਨੁੱਖ ਦੇ ਵੱਸ ਵਿੱਚ ਕੁਝ ਨਹੀਂ ਹੈ, ਉਹ ਪ੍ਰਭੂ ਦੇ ਹੁਕਮ ਅੰਦਰ ਹੀ ਅਵਗੁਣ ਕਰਦਾ ਹੈ। ਜਦੋਂ ਕਿ ਕੋਈ ਵੀ ਆਦਮੀ ਖੂਹ ਵਿੱਚ ਡਿੱਗਣਾ ਨਹੀ ਚਾਹੁੰਦਾ। ਕੋਈ ਹਨੇਰੇ ਵਿੱਚ ਡਿੱਗ ਸਕਦਾ ਹੈ। ਮਨੁੱਖ ਨੂੰ ਫਿਰ ਹੱਥ ਵਿੱਚ ਦੀਵਾ ਰੱਖ ਕੇ ਚੱਲਣ ਦਾ ਕੀ ਸੁਖ ਹੈ। ਜੇ ਕੋਈ ਹੱਥ ਵਿਚ ਦੀਵਾ ਲੈ ਫਿਰ ਵੀ ਖੂਹ ਵਿੱਚ ਡਿੱਗ ਪਏ ?

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ 216 ॥ (ਅੰਗ 1376)।

ਪਹਿਲੇ ਪਾਤਸ਼ਾਹ ਜੀ ਸਿਰੀ ਰਾਗੁ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ, ਜੀਵ ਦੇ ਮੱਥੇ ਉੱਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਜਿਹੋ ਜਿਹੇ ਕਲਮ ਨਾਲ ਲੇਖ ਲਿਖੇ ਜਾਂਦੇ ਹਨ, ਉਹੋ ਹੀ ਉਸ ਦੇ ਜੀਵਨ ਦੀ ਰਾਸ ਪੂੰਜੀ ਹੈ।

ਜੈਸੀ ਕਲਮ ਵੁੜੀ ਹੈ ਮਸਤਕ ਤੈਸੀ ਜੀਅੜੇ ਪਾਸਿ॥ ਸਿਰੀ ਰਾਗੁ ਮ 1 ॥ (ਅੰਗ 74)।

ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਮਨੁੱਖ ਦੇ ਜਨਮ ਵੇਲੇ ਪ੍ਰਭੂ ਨੇ ਜੋ ਲੇਖ ਲਿਖੇ ਹਨ, ਉਸ ਮੁਤਾਬਕ ਜੀਵ ਆਪਣਾ ਜੀਵਨ ਜੀਉਂਦਾ ਹੈ। ਭਾਵ, ਕਿ ਸੰਸਾਰ ਇਕ ਡਰਾਮਾ ਹੈ, ਸਾਰੇ ਜੀਵ ਉਸਦੇ ਪਾਤਰ ਹਨ ਅਤੇ ਪ੍ਰਮਾਤਮਾ ਉਸਦਾ ਨਿਰਦੇਸ਼ਕ ਹੈ। ਇਸ ਬਾਰੇ ਨੌਵੇਂ ਪਾਤਿਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਜਿਵੇਂ ਸੁੱਤੇ ਪਿਆ ਸੁਪਨਾ ਆਉਂਦਾ ਹੈ। (ਪਰ ਇਹ ਅਸਲੀਅਤ ਨਹੀਂ ਹੁੰਦੀ)। ਦੂਜਾ ਜਿਵੇਂ ਪੁਤਲੀਆ ਦਾ ਤਮਾਸ਼ਾ ਹੈ, ਇਸ ਪ੍ਰਕਾਰ ਹੀ ਇਹ ਸੰਸਾਰ ਹੈ;

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ (ਅੰਗ 1427)।

ਭਾਵ ਕਿ ਜਿਵੇਂ ਪ੍ਰਭੂ ਪੁਤਲੀ ਨੂੰ ਨਚਾਉਂਦਾ ਹੈ ਉਹ ਉਵੇਂ ਨੱਚਦੀ ਹੈ। ਇਸ ਲਈ ਕਿਸੇ ਨੂੰ ਬੁਰਾ ਭਲਾ ਕਹਿਣ ਦਾ ਕੋਈ ਅਧਿਕਾਰ ਨਹੀਂ ਹੈ। ਕਬੀਰ ਸਾਹਿਬ ਜੀ ਇਸ ਸਬੰਧ ਵਿੱਚ ਉਪਦੇਸ਼ ਕਰਦੇ ਹਨ ਕਿ ਮਨੁੱਖ ਬਜਾਏ ਇਸ ਦੇ ਕਿ ਕਿਸੇ ਦੂਜੇ ਨੂੰ ਬੁਰਾ ਭਲਾ ਕਹੇ, ਆਪਣੇ ਆਪ ਨੂੰ ਸਭ ਤੋਂ ਬੁਰਾ ਮੰਨਣਾ ਚਾਹੀਦਾ ਹੈ ਤੇ ਆਪ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਭਲੇ ਸਮਝਣਾ ਚਾਹੀਦਾ ਹੈ।

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭ ਕੋਇ ॥ (ਅੰਗ 1364)। ਦੂਜਾ ਕਬੀਰ ਜੀ ਉਪਦੇਸ਼ ਕਰਦੇ ਹਨ ਕਿ, ਅਸੀਂ ਚੰਗੇ ਨਹੀਂ ਹਾਂ ਅਤੇ ਹੋਰ ਕੋਈ ਬੁਰਾ ਨਹੀਂ ਹੈ।

ਹਮ ਨਹੀ ਚੰਗੇ ਬੁਰਾ ਨਹੀ ਕੋਇ ॥ (ਅੰਗ 728)।

ਅਗਰ ਮਨੁੱਖ ਦੀ ਸੋਚ ਇਸ ਤਰ੍ਹਾਂ ਦੀ ਬਣ ਜਾਏ ਤਾਂ ਹਰ ਕੋਈ ਆਪਣੇ ਤੋਂ ਚੰਗਾ ਨਜ਼ਰ ਆਏਗਾ। ਉਹ ਤਾਂ ਹੀ ਹੋਏਗਾ ਜੇ ਸਾਡੀ ਹਉਮੈ ਮਰ ਜਾਏ, ਜੋ ਸਾਡੇ ਜਨਮ-ਮਰਨ (ਅਵਾਗਵਣ) ਦਾ ਮੂਲ ਕਾਰਨ ਹੈ।

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥ (ਅੰਗ 1358)। ਹੇ ਪਾਪੀ ਅਹੰਕਾਰ ! ਤੂੰ ਜੀਵਾਂ ਦੇ ਜਨਮ ਮਰਨ ਦਾ ਮੂਲ ਕਾਰਨ ਹੈ। ਮਨੁੱਖ ਨੂੰ ਕਿਸੇ ਨੂੰ ਬੁਰਾ ਭਲਾ ਨਹੀਂ ਕਹਿਣਾ ਚਾਹੀਦਾ। ਅਸੀਂ ਸਭ ਪ੍ਰਮਾਤਮਾ ਦੀ ਅੰਸ਼ ਹਾਂ। ਤੂੰ ਆਪਣੇ ਅਸਲੇ ਨੂੰ ਪਛਾਣ। ਹੇ ਮੇਰੇ ਮਨ ! ਤੂੰ ਉਸ ਪ੍ਰਮਾਤਮਾ ਦੀ ਅੰਸ਼ ਹੈਂ ਜੋ ਰੱਬੀ ਨੂਰ ਹੈ, ਇਸ ਲਈ ਆਪਣੇ ਅਸਲੇ ਨੂੰ ਪਛਾਣ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਅੰਗ 441)। ਕਿਸੇ ਨੂੰ ਬੁਰਾ ਭਲਾ ਬੋਲਣ ਬਾਰੇ ਪਹਿਲੇ ਪਾਤਿਸ਼ਾਹ ਜੀ ਰਾਗੁ ਆਸਾ ਅੰਦਰ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਹੇ ਨਾਨਕ! ਜੇ ਮਨੁੱਖ ਕਿਸੇ ਨੂੰ ਰੁੱਖੇ (ਬੁਰਾ ਭਲਾ) ਬਚਨ ਬੋਲਦਾ ਰਹੇ ਤਾਂ ਉਸ ਦਾ ਤਨ ਅਤੇ ਮਨ ਦੋਵੇਂ ਫਿਕੇ ਹੋ ਜਾਂਦੇ ਹਨ। ਭਾਵ ਮਨੁੱਖ ਦੇ ਅੰਦਰ ਦੂਜੇ ਪ੍ਰਤੀ ਘਿਣਾ ਪੈਦਾ ਹੋ ਜਾਂਦੀ ਹੈ ਅਤੇ ਪ੍ਰੇਮ ਉਡ ਜਾਂਦਾ ਹੈ। ਫਿਰ ਉਸ ਦਾ ਮਨ ਅਤੇ ਤਨ ਥੋਥੇ ਜਿਹੇ ਪੈ ਜਾਂਦੇ ਹਨ। ਬੁਰਾ ਭਲਾ ਬੋਲਣ ਵਾਲਾ ਮਨੁੱਖ ਲੋਕਾਂ ਵਿੱਚ ਵੀ ਬੁਰਾ ਮਸ਼ਹੂਰ ਹੋ ਜਾਂਦਾ ਹੈ ਅਤੇ ਲੋਕ ਵੀ ਉਸ ਨੂੰ ਬੁਰੇ ਨਾਮ ਨਾਲ ਬੁਲਾਉਂਦੇ ਹਨ। ਅਰਥਾਤ ਉਸ ਦਾ ਨਾਮ ਵੀ ਬੁਰਾ ਪੈ ਜਾਂਦਾ ਹੈ।

ਇਹੋ ਜਿਹਾ ਬੁਰਾ ਮਨੁੱਖ ਪ੍ਰਭੂ ਦੇ ਦਰ ਉੱਤੇ ਪ੍ਰਵਾਨ ਨਹੀਂ ਹੁੰਦਾ ਅਤੇ ਉਸ ਦੇ ਮੂੰਹ ਉੱਤੇ ਥੁੱਕਾਂ ਪੈਂਦੀਆਂ ਹਨ। ਭਾਵ ਉਸ ਦੇ ਮੂੰਹ 'ਤੇ ਫਿਟਕਾਰਾਂ ਪੈਂਦੀਆਂ ਹਨ।

ਬੁਰੇ ਮਨੁੱਖ ਨੂੰ ਮੂਰਖ ਆਖਿਆ ਜਾਂਦਾ ਹੈ, ਕਿਉਂਕਿ ਉਸ ਦੀ ਬੇਸਮਝੀ ਕਰਕੇ ਉਸ ਦੇ ਸਿਰ 'ਤੇ ਜੁੱਤੀਆ ਦੀ ਮਾਰ ਪੈਂਦੀ ਹੈ, ਭਾਵ ਉਸ ਦੀ ਹਰ ਥਾਂ ਬੜੀ ਬੇਇੱਜ਼ਤੀ ਹੁੰਦੀ ਹੈ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹਿ ਸਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ 1 ॥ (ਅੰਗ 473)।

ਇਸ ਵਿਸ਼ੇ ਬਾਰੇ ਭਗਤ ਸੇਖ ਫਰੀਦ ਜੀ ਆਪਣੇ ਸਲੋਕ 129-130 ਅੰਦਰ ਉਪਦੇਸ਼ ਕਰਦੇ ਹਨ ਕਿ, ਹੇ ਮਨੁੱਖ ! ਤੂੰ ਇਕ ਵੀ ਬੁਰਾ ਬਚਨ ਨਾ ਬੋਲ ਕਿਉਂਕਿ ਸਭ ਵਿੱਚ ਸੱਚਾ ਮਾਲਕ ਵੱਸ ਰਿਹਾ ਹੈ। ਕਿਸੇ ਦਾ ਵੀ ਦਿਲ ਨਾ ਦੁਖਾ ਕਿਉਂਕਿ ਸਾਰਿਆਂ ਜੀਵਾਂ ਦੇ ਹਿਰਦੇ ਅੰਦਰ ਅਮੋਲਕ ਮਾਣਕ ਰੂਪ ਪ੍ਰਭੂ ਵੱਸ ਰਿਹਾ ਹੈ (129)।

ਇਕੁ ਫਿਕਾ ਨ ਗਲਾਇ ਸਭਨਾ ਮੈ ਸਚਾ ਧਣੀ ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ 129॥ (ਅੰਗ 1384)। ਸਾਰਿਆਂ ਜੀਵਾਂ ਦੇ ਮਨ ਵਿੱਚ ਮਾਣਕ ਰੂਪੀ ਪ੍ਰਭੂ ਵੱਸ ਰਿਹਾ ਸੋ ਕਿਸੇ ਦਾ ਦਿਲ ਦੁਖਾਉਣਾ ਚੰਗਾ ਨਹੀਂ। ਜੇ ਤੈਨੂੰ ਪਿਆਰੇ (ਪ੍ਰਭੂ) ਨੂੰ ਮਿਲਣ ਦੀ ਤਾਂਘ ਹੈ ਤਾਂ ਕਿਸੇ ਦਾ ਦਿਲ ਨਾ ਦੁਖਾ। ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ 130॥ (ਅੰਗ 1385)।

ਪਹਿਲੇ ਪਾਤਿਸ਼ਾਹ ਜੀ ਅਤੇ ਭਗਤ ਸ਼ੇਖ ਫਰੀਦ ਜੀ ਦੇ ਉਪਦੇਸ਼ਾਂ ਤੋਂ ਇਹ ਗੱਲ ਸ਼ਪੱਸ਼ਟ ਹੈ ਕਿ ਕਿਸੇ ਨੂੰ ਬੁਰਾ ਭਲਾ ਬੋਲਣਾ ਬਹੁਤ ਹੀ ਮਾੜਾ ਹੈ। ਇਸ ਨਾਲ ਮਨੁੱਖ ਦਾ ਨਾਮ ਵੀ ਬੁਰਾ ਪੈ ਜਾਂਦਾ ਹੈ, ਸ਼ੋਭਾ ਵੀ ਬੁਰੀ ਹੋ ਜਾਂਦੀ ਹੈ ਅਤੇ ਪ੍ਰਭੂ ਦੇ ਦਰ 'ਤੇ ਬਹੁਤ ਬੇਇੱਜ਼ਤ ਹੁੰਦਾ ਹੈ।

ਇਸ ਦੇ ਨਾਲ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਮਨੁੱਖ ਅਗਰ ਕਿਸੇ ਨੂੰ ਬੁਰਾ ਭਲਾ ਬੋਲ ਕੇ ਕਿਸੇ ਦਾ ਦਿਲ ਦੁਖਾਉਂਦਾ ਹੈ ਤਾਂ ਉਸ ਦੀ ਪ੍ਰਮਾਤਮਾ ਨਾਲ ਮਿਲਣ ਦੀ ਤਾਂਘ ਪੂਰੀ ਨਹੀਂ ਹੋ ਸਕਦੀ, ਜੋ ਉਸ ਦਾ ਮਨੁੱਖਾ ਜਨਮ ਦਾ ਮਨੋਰਥ ਹੈ। ਅਰਥਾਤ ਉਸ ਦਾ ਮਨੁੱਖਾ ਜਨਮ ਵਿਅਰਥ ਚਲਾ ਜਾਏਗਾ।

ਆਉ ਉਸ ਪ੍ਰਮਾਤਮਾ ਅੱਗੇ ਅਰਦਾਸ ਕਰੀਏ ਕੇ ਹੇ ਪ੍ਰਮਾਤਮਾ ਤੂੰ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਖਸ਼ੇ ਹੋਏ ਉਪਦੇਸ਼ਾਂ ਉੱਤੇ ਚਲਣ ਦੀ ਰਹਿਮਤ ਬਖਸ਼ ।ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਉਤਸਵ 'ਤੇ ਨਤਮਸਤਕ ਹੋ ਕੇ ਪਹਿਲੇ ਪਾਤਸ਼ਾਹ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣੀਏ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦਾ ਧਰਮ ਯੁੱਧ ਤੇ ਇਨਸਾਫ਼

**ਡਾ. ਗੁਰਭਗਤ ਸਿੰਘ**

ਇਹ ਬਹੁਤ ਮਹੱਤਵਪੂਰਨ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਬਾਹਰਵਰਤੀ ਪਹੁੰਚ ਅਪਨਾਉਣ ਦੀ ਥਾਂ ਮੁਨਸਫ਼ ਨੂੰ ਅੰਤਰੀਵ ਵਿਚ, ਵਾਹਿਗੁਰੂ ਵੱਲੋਂ ਬੈਠਾਇਆ ਮੰਨਦੇ ਹਨ। ਇਸ ਅੰਦਰ ਬੈਠਾਏ ਮੁਨਸਫ਼ ਜੱਜ ਨੂੰ ਵਾਹਿਗੁਰੂ ਨੇ ਆਪਣਾ ਨਾਮ ਦਿੱਤਾ ਹੈ ਜਿਸ ਦਾ ਅਰਥ ਇਹ ਹੈ ਕਿ ਉਸ ਵਿਚ ਵਾਹਿਗੁਰੂ ਇਕ ਤੱਤ ਵੀ ਹੈ ਅਤੇ ਹਾਜ਼ਰੀ ਵੀ। ਇਸ ਚੇਤਨਤਾ ਨਾਲ ਉਹ ਅੰਤਰੀਵੀ ਮੁਨਸਫ਼ ਸੱਚ ਉੱਤੇ ਆਧਾਰਿਤ ਫ਼ੈਸਲੇ ਕਰਦਾ ਹੈ :

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
(ਗੁਰੂ ਗ੍ਰੰਥ ਸਾਹਿਬ, ਅੰਗ 463)

ਨਿਆਂ ਕਰਨ ਵਾਲਾ ਤਖ਼ਤ ਅੰਦਰ ਹੈ, ਆਪਣੇ ਬੈਠਾਏ ਮੁਨਸਫ਼ ਰਾਹੀਂ ਉਹ ਕਰਤਾ ਪੁਰਖ ਆਪੇ "ਨਿਆਉ" ਕਰਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਧਾਰਨਾ ਨੂੰ ਗੁਰੂ ਅਮਰਦਾਸ ਜੀ ਨੇ ਵਾਰ ਮਾਰੂ ਵਿਚ ਇਹ ਫ਼ੁਰਮਾ ਕੇ ਸਮਰਥਨ ਦਿੱਤਾ ਹੈ : "ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥" ਅੰਤਰੀਵ ਵਿਚ ਤਖ਼ਤ ਉੱਤੇ ਬੈਠਾ ਮੁਨਸਫ਼ ਬਹੁਤ ਸਖ਼ਤ ਹੈ। ਇਹ ਇਨਸਾਫ਼ ਦੁਆਉਣ ਵਾਲੇ ਭ੍ਰਿਸ਼ਟ ਦਲਾਲਾਂ ਨੂੰ ਮੁਆਫ਼ ਨਹੀਂ ਕਰਦਾ। ਰਾਗ ਆਸਾ ਵਿਚ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ :

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥
(ਗੁਰੂ ਗ੍ਰੰਥ ਸਾਹਿਬ, ਅੰਗ 472)

ਹੱਕ ਵਿਚ ਫੈਸਲਾ ਲੈਣ ਲਈ ਕੁਝ ਕੋਲੋਂ ਦੇਣਾ ਪੈਂਦਾ ਹੈ, ਇਹੀ ਖੱਟੀ ਜਾਂ ਘਾਲ ਹੈ। ਨਹੀਂ ਤਾਂ ਦੋਜਖ ਦੀ ਸਜ਼ਾ ਮਿਲਦੀ ਹੈ । ਇਹ ਘਾਲ ਸੱਚ ਦਾ ਚਿੰਤਨ ਅਤੇ ਅਮਲ ਹੈ, ਉਸ "ਸਚਿਆਰੇ" ਦੀ ਚੇਸ਼ਟਾ ਹੈ ਜੋ ਰੌਸ਼ਨੀ ਵੀ ਹੈ ਅਤੇ ਵਿਸਮਾਦ ਵੀ। ਰਾਗ ਆਸਾ ਵਿਚ ਖੱਟੀ/ਘਾਲ ਜਾਂ ਹੱਥ ਵਿਚ ਕੁਝ ਦੇਣ ਨੂੰ, ਜੋ ਦਿੱਤਾ ਜਾ ਸਕੇ, ਜ਼ਰੂਰੀ ਦੱਸਣ ਦੇ ਨਾਲ ਗੁਰੂ ਸਾਹਿਬ ਉਸ ਸਮੇਂ ਦੇ ਭ੍ਰਿਸ਼ਟ ਨਿਆਂ-ਪਾਲਿਕਾ, ਕਾਜ਼ੀਆਂ, ਬ੍ਰਾਹਮਣਾਂ ਉੱਤੇ ਵਿਅੰਗ ਵੀ ਕਰਦੇ ਹਨ, ਜੋ ਬਿਨਾਂ ਵੱਢੀ ਦੇ "ਇਨਸਾਫ਼" ਦਾ ਕੋਈ ਪ੍ਰਬੰਧ ਨਹੀਂ ਕਰਦੇ ਸਨ। ਰਾਗ ਆਸਾ ਵਿਚ ਹੀ ਉਹਨਾਂ ਦਾ ਫ਼ੁਰਮਾਨ ਹੈ :

ਰਾਜਾ ਨਿਆਉ ਕਰੇ ਹਥਿ ਹੋਇ।।
ਕਹੈ ਖੁਦਾਇ ਨ ਮਾਨੈ ਕੋਇ।।
(ਗੁਰੂ ਗ੍ਰੰਥ ਸਾਹਿਬ, ਅੰਗ 350)

ਕੇਵਲ ਖੁਦਾ ਦਾ ਨਾਮ ਲੈਣ ਨਾਲ ਵੀ ਇਨਸਾਫ਼ ਨਹੀਂ ਮਿਲਦਾ। ਇੱਥੇ "ਖੁਦਾ" ਸ਼ਬਦ ਦੀ ਵਰਤੋਂ ਇਹ ਜ਼ਾਹਿਰ ਕਰਦੀ ਹੈ ਕਿ ਉਹਨਾਂ ਦਾ ਇਸ਼ਾਰਾ ਇਸਲਾਮ ਦੀ ਜ਼ਾਲਮਾਨਾ ਸਟੇਟ ਦੇ ਨਿਆਂ-ਪ੍ਰਬੰਧ ਵੱਲ ਹੈ, ਜਿਸ ਵਿਚ ਕਾਜ਼ੀ ਅਤੇ ਹੋਰ ਨਿਆਂ-ਪਾਲਕ ਅਧਿਕਾਰੀ ਸਹੀ ਇਨਸਾਫ਼ ਨੂੰ ਸਮਰਪਿਤ ਨਹੀਂ ਸਨ । ਉਹ ਲੋਕਾਂ ਦਾ ਲਹੂ ਚੂਸਣ ਤੇ ਉੱਚ-ਅਧਿਕਾਰੀਆਂ ਦੇ ਗੋਲੇ ਬਣ ਕੇ ਹੀ ਰਹਿ ਗਏ ਸਨ। ਇਹਨਾਂ ਦਲਾਲਾਂ ਅਤੇ ਝੂਠੇ ਲੋਕਾਂ ਨੂੰ ਸਜ਼ਾ ਦੇਣ ਦਾ ਸੰਕਲਪ ਅੱਜ ਦੇ ਮੁਹਾਵਰੇ ਵਿਚ ਸੋਧਵਾਂ ਨਿਆਂ ਜਾਂ ਸਹੀ ਇਨਸਾਫ਼ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਨਿਆਂ ਦਾ ਅੰਤਿਮ ਫੈਸਲਾ ਰਾਜੇ ਤੱਕ ਜਾਂਦਾ ਸੀ, ਪਰ ਇਹ ਉੱਚਾ ਮੁਨਸਫ਼ ਜੇ ਹਉਮੈਂ ਭਰਪੂਰ ਹੋਵੇ ਤਾਂ ਵਾਹਿਗੁਰੂ ਦੇ ਹੁਕਮ ਅਨੁਸਾਰ ਫ਼ੈਸਲਾ ਨਹੀਂ ਦੇ ਦੇ ਸਕਦਾ। ਉਹ ਹਉਮੈਂ ਵਿਚ ਧਾਵੇ ਹੀ ਕਰ ਸਕਦਾ ਹੈ। ਹਉਮੈਂ ਬੇਇਨਸਾਫ਼ੀ ਪੈਦਾ ਕਰਦੀ ਹੈ, ਇਨਸਾਫ਼ ਨਹੀਂ। ਰਾਜਿਆਂ ਦੇ ਇਸ ਪੱਖ ਬਾਰੇ ਗੁਰੂ ਸਾਹਿਬ ਰਾਗ ਗਉੜੀ ਵਿਚ ਫ਼ੁਰਮਾਉਂਦੇ ਹਨ : "ਹਉਮੈ ਕਰਿ ਰਾਜੇ ਬਹੁ ਧਾਵਹਿ" (ਉਹੀ, 226)। ਇਹ ਹਉਮੈਂ-ਨਿਵਾਰਨ "ਗੁਰ ਸ਼ਬਦ" ਵਿਚਾਰਨ ਨਾਲ ਹੀ ਹੁੰਦਾ ਹੈ। ਅਜਿਹੀ ਹਉਮੈਂ ਦਾ ਇਕ ਪਰਦਰਸ਼ਨ ਹਿੰਦੀਆਂ ਉੱਤੇ ਬਾਬਰ ਦਾ ਹਮਲਾ ਸੀ, ਜਿਸ ਵਿਚ ਲੁੱਟਮਾਰ ਹੋਈ ਅਤੇ ਬਹੁਤ ਲਹੂ ਡੁੱਲ੍ਹਿਆ। ਉਸ ਹਮਲੇ ਵਿਚ ਸਕਤੇ ਨੇ ਕਮਜ਼ੋਰ ਨੂੰ ਮਾਰਿਆ। ਭਾਵੇਂ ਗੁਰੂ ਸਾਹਿਬ ਇਸ ਘਟਨਾ ਨੂੰ "ਆਪੇ ਜੋੜਿ ਵਿਛੋੜੇ" ਕਹਿ ਕੇ ਭਾਣੇ ਵਿਚ ਸ਼ਾਮਿਲ ਕਰ ਦਿੰਦੇ ਹਨ, ਪਰ ਸ਼ਕਤੀ ਦੇ ਅਜਿਹੇ ਹਉਮੈਂ-ਪਰਦਰਸ਼ਨ ਬਾਰੇ ਉਹ ਆਪਣਾ ਰੋਸ ਵੀ ਪ੍ਰਗਟ ਕਰਦੇ ਹਨ : "ਜੇ ਸਕਤਾ ਸਕਤੇ ਕਉ ਮਾਰੇ ਤਾ ਮਨੁ ਰੋਸੁ ਨ ਹੋਈ।।... ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ" ਆਪੇ ਦੇਖ ਤੇਰੀ ਵਡਿਆਈ (ਗੁਰੂ ਗ੍ਰੰਥ ਸਾਹਿਬ, ਅੰਗ, 360) । ਰਾਗ ਆਸਾ ਦੇ ਇਸ ਸ਼ਬਦ ਦੀ ਸਾਦਗੀ ਅਤੇ ਜਟਿਲਤਾ ਇਸ ਵਿਚ ਹੈ ਕਿ ਇੱਥੇ ਕਈ ਸੰਕਲਪ ਜੋੜ ਦਿੱਤੇ ਗਏ ਹਨ। ਜਿੱਥੇ ਰੋਸ ਅਤੇ ਪ੍ਰਵਾਨਗੀ ਹਨ, ਨਾਲ ਹੀ ਸੋਧਵੇਂ ਨਿਆਂ ਦਾ ਸੰਕਲਪ ਵੀ ਹੈ। ਕਰਤਾ ਨੇ ਵਕਤ ਦੇ ਰਾਜਿਆਂ ਦੀ ਲੋਕਾਂ ਵੱਲ ਅਣਗਹਿਲੀ ਕਾਰਣ ਉਹਨਾਂ ਨੂੰ ਸਜ਼ਾ ਦੇਣ ਲਈ ਮੁਗਲ ਨੂੰ "ਜਮ ਜਾਂ ਮੌਤ ਬਣਾ ਕੇ ਵੀ ਭੇਜਿਆ ਹੈ : "ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ" (ਗੁਰੂ ਗ੍ਰੰਥ ਸਾਹਿਬ, ਅੰਗ, 360)। ਬਾਬਰ ਬੇ-ਇਨਸਾਫ਼ੀ ਵੀ ਕਰ ਰਿਹਾ ਹੈ ਪਰ ਦੂਜੇ ਪਾਸੇ ਵਕਤ ਦੇ ਹਿੰਦੂ ਰਾਜਿਆਂ ਦੀ ਅਣਗਹਿਲੀ ਕਾਰਨ, ਉਹਨਾਂ ਨੂੰ ਸਜ਼ਾ ਵੀ ਦੇ ਰਿਹਾ ਹੈ। ਬਾਬਰ ਮੁਨਸਫ਼ ਵੀ ਹੈ ਅਤੇ ਜ਼ਾਲਮ ਵੀ। ਹਿੰਦੂ ਰਾਜੇ ਗੁਨਾਹਗਾਰ ਵੀ ਹਨ ਅਤੇ ਵਾਧੂ ਦੰਡ ਦੇ ਸ਼ਿਕਾਰ ਵੀ। ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਸਮਾਜ ਵਿਗਿਆਨੀ ਦੇ ਤੌਰ 'ਤੇ ਨਿਆਂ ਦੇ ਕਈ ਪੱਖ ਦੇਖ ਰਹੇ ਹਨ। ਇਸ ਸ਼ਬਦ ਵਿਚ ਗੁਰੂ ਸਾਹਿਬ ਦੀ ਇਸ ਬੇਇਨਸਾਫ਼ੀ ਬਾਰੇ ਬੁਲੰਦ ਆਵਾਜ਼ ਹੈ ਤੇ ਅਵਾਜ਼ ਵਿਚ ਦਰਦ ਵੀ ਸ਼ਾਮਲ ਹੈ ਅਤੇ ਇਤਿਹਾਸ ਵੱਲ ਇਕ ਪਰਾ-ਇਤਿਹਾਸਕ ਦ੍ਰਿਸ਼ਟੀ ਵੀ ਜੋ ਇਸ ਸ਼ਬਦ ਨੂੰ ਖਿਣ ਅਤੇ ਸਦੀਵਤਾ ਦਾ ਸੰਯੋਗ ਬਣਾ ਦਿੰਦੀ ਹੈ ।

ਗੁਰੂ ਨਾਨਕ ਸਾਹਿਬ ਦੇ ਇਸ ਬਹੁ-ਪਰਿਪੇਖੀ ਜਟਿਲ ਨਿਆਂ ਵਰਣਨ ਦਾ ਇਕ ਗੌਰਵ ਭਰਪੂਰ ਪੱਖ ਇਹ ਵੀ ਹੈ ਕਿ ਇੱਥੇ ਸੋਧਵੇਂ ਕਰਮ ਵਿਚ ਰਾਜੇ ਪਰਮ ਇਨਸਾਫ਼ ਦਾਮਾਧਿਅਮ ਤਾਂ ਬਣਦੇ ਹਨ, ਪਰ ਇਨਸਾਫ਼ ਦਾ ਅੰਤਿਮ ਅਧਿਕਾਰ ਉਹਨਾਂ ਕੋਲ ਨਹੀਂ। ਉਹ ਕਰਤਾ ਪੁਰਖ ਕੋਲ ਹੀ ਹੈ। ਰਾਗ ਆਸਾ ਵਿਚ ਹੀ ਇਹ ਫ਼ੁਰਮਾਇਆ ਹੈ : "ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ। ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ" (ਉਹੀ, 350) । ਇਨਸਾਫ਼ ਦੇ ਨਿਯਮ ਨੂੰ ਕਾਨੂੰਨ ਮਾਨਸਿਕ ਤਰਕ ਅਤੇ ਸ਼ਾਸਕਾਂ ਦੀ ਸ਼ਕਤੀ ਨਾਲੋਂ ਤੋੜ ਦਿੱਤਾ ਹੈ। ਨਿਆਂ ਨੂੰ ਪ੍ਰਥਾ ਨਾਲੋਂ ਵੀ ਵੱਖਰਾ ਕਰ ਲਿਆ ਹੈ। ਅਜੋਕੇ ਸਮੇਂ ਜਿਸ ਨੂੰ ਨਿਆਂ ਕਹਿੰਦੇ ਹਾਂ, ਉਸ ਨੂੰ ਗੁਰੂ ਨਾਨਕ ਸਾਹਿਬ ਦੇ ਚਿੰਤਨ ਵਿਚ ਸਵੀਕਾਰਿਆ ਨਹੀਂ ਗਿਆ। ਇੱਥੇ ਨਦਰਿ ਦੀ ਭੂਮਿਕਾ ਅਹਿਮ ਹੈ। ਨਦਰਿ ਹਰ ਕੇਸ ਦੀ ਵਿਲੱਖਣਤਾ ਅਨੁਸਾਰ ਫ਼ੈਸਲੇ ਦਾ ਮੌਕਾ ਬਣਾਉਂਦੀ ਹੈ ਅਤੇ ਫ਼ੈਸਲਾ ਨਿਸ਼ਚਿਤਤਾ ਦੇ ਖੇਤਰ ਤੋਂ ਬਾਹਰ ਆ ਜਾਂਦਾ ਹੈ। ਨਦਰਿ ਕੇਵਲ ਕ੍ਰਿਪਾ ਨਹੀਂ। ਨਿਆਂ ਦੇ ਪ੍ਰਸੰਗ ਵਿਚ ਨਦਰਿ ਇਕ ਵਿਅਕਤੀ ਜਾਂ ਸੱਭਿਆਚਾਰ ਦੇ ਕੇਸ ਨੂੰ ਕਾਰਣ-ਪ੍ਰਭਾਵ ਅਤੇ ਵਿਉਂਤਸਾਜ਼ੀ ਤੋਂ ਵੀ ਲਾਂਭੇ ਰੱਖਦੀ ਹੈ। ਅਚਨਚੇਤਨਤਾ ਦਾ ਅੰਸ਼ ਉਸੇ ਤਰ੍ਹਾਂ ਸ਼ਾਮਿਲ ਹੋ ਜਾਂਦਾ ਹੈ ਜਿਵੇਂ ਕੁਐਂਤਮ ਭੌਤਿਕ ਵਿਗਿਆਨ ਵਿਚ ਪਰਮਾਣੂਆਂ ਦੀ



ਉਲਾਂਘ ਜਾਂ "ਲੀਪ" ਵਿਚ। ਨਦਰਿ ਹੋਰ ਵੀ ਗੌਰਵਸ਼ੀਲ ਬਣ ਜਾਂਦੀ ਹੈ। ਜਦੋਂ ਇਹ ਧਿਆਨ ਵਿਚ ਰਹੇ ਕਿ ਉਹ ਨਦਰਿ ਉਸ ਕਰਤਾ ਪੁਰਖ ਦੀ ਹੈ ਜੋ ਅਤਿਰਿਕਤਾ ਵਿਚ ਕਰਮ ਕਰਦਾ ਹੈ, ਜਿਵੇਂ ਕਿ ਪਹਿਲਾਂ ਸਪੱਸ਼ਟ ਕੀਤਾ ਗਿਆ ਹੈ। ਇਹ ਅਤਰਿਕਤਾ ਹਰ ਚੌਖਟੇ ਤੋਂ ਪਾਰ ਦੀ ਬਹੁਲਤਾ ਹੈ, ਜਿਸ ਦੀ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ । ਅਸੀਮ, ਅਨਿਸ਼ਚਿਤ, ਬਹੁਲਤਾ ਨਾਲ ਭਰਪੂਰ ਕਰਤਾ ਪੁਰਖ ਦੀ ਨਦਰਿ ਹੈ ਜੋ ਅੰਤਿਮ ਨਿਰਣੇ ਨੂੰ ਰੂਪ ਦਿੰਦੀ ਹੈ। ਭਾਵੇਂ ਪਲੇਟੋ ਦੀਆਂ ਲਿਖਤਾਂ ਵਿਚ ਮੁਨਸਿਫ਼ ਦੀ ਦਿਆਨਦਾਰੀ ਜਾਂ ਇੰਟੈਗਰਿਟੀ ਬਾਰੇ ਚਰਚਾ ਮਿਲਦੀ ਹੈ, ਪਰ ਇਹ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਹੀ ਹੈ ਕਿ ਉਹ ਅਗੰਮ, ਅਪਾਰ ਹੋਵੇ, ਉਸ ਦੀ "ਚਾਲ ਸੁਹਾਵੀ ਮਧੁਰਾੜੀ ਬਾਣੀ" ਹੋਵੇ, ਜਿਵੇਂ ਕਿ ਰਾਗ ਵਡਹੰਸ ਵਿਚ ਫ਼ੁਰਮਾਇਆ ਗਿਆ ਹੈ (ਗੁਰੂ ਗ੍ਰੰਥ ਸਾਹਿਬ, ਅੰਗ 567)। ਉਹ ਏਨਾ ਪਿਆਰ ਜਗਾਵੇ ਕਿ ਮਨੁੱਖ ਸਿਰ ਕੁਰਬਾਨ ਕਰਨ ਲਈ ਤਿਆਰ ਹੋ ਜਾਏ ਅਤੇ ਬਿਨਾਂ ਸਿਰ ਸੇਵਾ ਲਈ ਸਮਰਪਿਤ ਹੋ ਜਾਵੇ । ਰਾਗ ਵਡਹੰਸ ਵਿਚ ਹੀ ਇਹ ਬਚਨ ਹੈ :

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
(ਗੁਰੂ ਗ੍ਰੰਥ ਸਾਹਿਬ, ਅੰਗ 558)

ਉਹ ਕਰਤਾ ਪੁਰਖੁ, ਅੰਤਿਮ ਮੁਨਸਫ਼, ਨਿਰੀ ਰੌਸ਼ਨੀ ਹੈ। ਆਪੇ ਸੂਰਜ ਹੈ, ਆਪੇ ਚੰਨ ਹੈ। ਮਾਰੂ ਸੋਲਹੇ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਉਹ "ਆਪੇ ਪੁਰਖੁ ਆਪੇ ਹੀ ਨਾਰੀ ਹੈ (ਉਹੀ, 1020)। ਇਸ ਦਾ ਅਰਥ ਇਹ ਹੈ ਕਿ ਉਸ ਦੇ ਫ਼ੈਸਲੇ ਵਿਚ ਲਿੰਗ ਪੱਖਤਾ ਨਹੀਂ ਹੋਵੇਗੀ। ਲਿੰਗ-ਪੱਖਤਾ ਵੀ ਇਕ ਚੌਖਟੇ ਦੀ ਦੇਣ ਹੁੰਦੀ ਹੈ, ਕਿਉਂਕਿ ਉਹ ਮੁਨਸਫ਼ ਚੌਖਟੇ ਤੋਂ ਪਾਰ ਹੈ, ਇਸ ਲਈ ਉਸ ਦੀ ਨਦਰ ਇਸ ਸੀਮਾ ਤੋਂ ਵੀ ਪ੍ਰਭਾਵਿਤ ਨਹੀਂ ਹੋਵੇਗੀ । ਉਹ "ਪੁਰਖੁ" ਆਪਣੇ ਸੱਚ, ਸੰਪੂਰਣਤਾ ਅਤੇ ਸਿਆਣਪ ਕਾਰਨ ਹੈ, ਕਿਸੇ ਲਿੰਗ ਨਿਸ਼ਚਿਤਤਾ ਕਾਰਣ ਨਹੀਂ। ਗੁਰੂ ਸਾਹਿਬ ਨੇ ਰਾਗ ਮਾਰੂ ਵਿਚ ਹੀ ਉਸ ਨੂੰ "ਨਾਰਿ ਨ ਪੁਰਖੁ ਨ ਪੰਖਣੁ ਸਾਚਉ ਚਤੁਰੁ ਸਰੂਪ" (ਉਹੀ, 1010) ਆਖਿਆ ਹੈ। ਅੰਤਿਮ ਮੁਨਸਫ਼ ਦੀ ਇਹ ਬਹੁਲਤਾ, ਸੱਚ ਅਤੇ ਪਾਰ-ਲਿੰਗਤਾ, ਨਿਆਂ-ਪਾਲਕਾ ਅਤੇ ਨਿਆਇ ਪ੍ਰਬੰਧ ਲਈ ਇਕ ਮਾਡਲ ਹੈ। ਇਹ ਸੋਚ ਕੇਵਲ ਪਲੈਟੋਨਿਕ ਪ੍ਰਕਾਰ ਦੀ ਇੰਟੈਗਰਿਟੀ ਤੋਂ ਅੱਗੇ ਜਾਂਦੀ ਹੈ, ਕਿਉਂਕਿ ਕਰਤਾ ਪੁਰਖੁ ਨੂੰ ਪਉਣ "ਪਾਣੀ ਬੈਸੰਤਰ" ਗਾਉਂਦੇ ਹਨ, ਅਨੇਕਾਂ ਰਾਗ ਤੇ ਰਾਗਣੀਆਂ ਅਲਾਪਦੇ ਹਨ ਜਿਵੇਂ ਕਿ "ਜਪੁਜੀ ਵਿਚ ਵਰਣਨ ਕੀਤਾ ਗਿਆ ਹੈ । ਇਸ ਦੇ ਬਾਵਜੂਦ ਰਾਗ ਆਸਾ ਵਿਚ ਆਏ ਕਥਨ ਅਨੁਸਾਰ ਉਸ ਦਾ ਕੋਈ ਰੂਪ ਜਾਂ ਰੇਖ ਨਹੀਂ, ਉਹ ਅੰਦਰ ਅਨਹਦ" ਸੰਗੀਤ ਹੀ ਜਗਾਉਂਦਾ ਹੈ। ਉਸ ਦੀ ਛੂਹ ਸ਼ਬਦ ਨੂੰ ਕਾਰਣ-ਪ੍ਰਭਾਵ ਦੇ ਚਮਤਕਾਰੀ ਤਰਕ ਤੋਂ ਦੂਰ ਰੱਖਦੀ ਹੈ, "ਨਿਰੰਜਨਿ" ਬਣਾਉਂਦੀ ਹੈ (ਉਹੀ, 351)। ਜੇ ਕੋਈ ਉਸ ਨੂੰ ਜਾਣ ਕੇ ਵਖਿਆਣ ਕਰੇ ਤਾਂ ਅੰਮ੍ਰਿਤ ਹੀ ਪੀਦਾ ਹੈ। ਅੰਤਿਮ ਮੁਨਸਫ਼ ਨੂੰ, ਸ਼ਾਇਰੀ, ਸੰਗੀਤ, ਗੁਣ ਗਾਇਣ ਦੇ ਸਰੋਤ ਵਜੋਂ ਪ੍ਰਗਟਾਉਣ ਨਾਲ ਨਿਆਂ ਪਾਲਕਾਂ ਦੀ ਹਸਤੀ ਬਾਰੇ ਬਹੁਤ ਗੰਭੀਰ ਅਤੇ ਉੱਦਾਤ ਮਾਡਲ ਸਿਰਜ ਦਿੱਤਾ ਗਿਆ ਹੈ, ਜੋ ਭਾਵੇਂ ਅਮਲ ਵਿਚ ਨਾ ਲਿਆਂਦਾ ਜਾ ਸਕੇ, ਪਰ ਰੌਸ਼ਨੀ ਦੇ ਤੌਰ 'ਤੇ ਜ਼ਰੂਰ ਕੰਮ ਕਰਦਾ ਰਹੇਗਾ। ਭਾਵੇਂ ਪੂੰਜੀਵਾਦ ਹੈ ਜਾਂ ਸਮਾਜਵਾਦ, ਜਾਂ ਕੋਈ ਵਿਕਸਿਤ ਹੋ ਰਿਹਾ ਆਪਣਾ ਰਾਹ ਤਲਾਸ਼ ਕਰ ਰਿਹਾ ਪ੍ਰਬੰਧ, ਹਰ ਇਕ ਵਿਚ ਪੂੰਜੀ ਅਤੇ ਇਸ ਦੀ ਵੰਡ ਇਕ ਵੱਡਾ ਸਰੋਕਾਰ ਹੈ। ਪੂੰਜੀ ਦਾ ਉਤਪਾਦਨ, ਇਸ ਨਾਲ ਜੁੜਿਆ ਉਤਪਾਦਕੀ ਨੈੱਟਵਰਕ ਸਮਾਜ ਵਿਚ ਰਹਿਣ ਵਾਲੇ ਹਰ ਵਿਅਕਤੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮਾਰਕਸ ਦੇ ਗ੍ਰੰਥ 'ਦਾਸ ਕੈਪੀਟਲ' ਦੇ ਪ੍ਰਕਾਸ਼ਿਤ ਹੋਣ ਤੋਂ ਪਿੱਛੋਂ ਪੂੰਜੀ ਅਤੇ ਇਸ ਦੇ ਵਹਿਣ ਇਕ ਬਹੁਤ ਅਹਿਮ ਮੁੱਦਾ ਬਣ ਗਏ ਹਨ। ਇਸ ਨਾਲ ਠੀਕ ਅਤੇ ਸਿਰਜਨਾਤਮਕ ਰਿਸ਼ਤਾ ਹੀ ਅੱਜ ਕਿਸੇ ਵਿਅਕਤੀ ਅਤੇ ਸਮਾਜ ਨੂੰ ਸਿਹਤਮੰਦ ਰੱਖ ਸਕਦਾ ਹੈ। ਪੂੰਜੀ ਦੀ ਠੀਕ ਵੰਡ ਹੀ ਪੂਰੇ ਨਿਆਂ ਨੂੰ ਅਮਲ ਵਿਚ ਲਿਆਉਂਦੀ ਹੈ। ਇਸ ਲਈ ਨਿਆਂ ਦਾ ਸੰਬੰਧ ਕੇਵਲ ਜੁਰਮ ਨਾਲ ਨਹੀਂ, ਸਗੋਂ ਕਾਣੀ ਵੰਡ ਨਾਲ ਵੀ ਹੈ। ਇਸ ਕਾਣੀ ਵੰਡ ਵਿਚੋਂ ਵੀ ਜੁਰਮ ਉਪਜਦੇ ਹਨ। ਪੂੰਜੀ ਕਿਵੇਂ ਲਾਈ ਜਾਵੇ ? ਵਣਜ ਕਿਵੇਂ ਕੀਤਾ ਜਾਵੇ ? "ਸਾਬਤੁ" ਪੂੰਜੀ ਕੀ ਹੈ ? "ਲਾਹਾ" ਕੀ ਹੈ ? ਇਹਨਾਂ ਪ੍ਰਸ਼ਨਾਂ ਬਾਰੇ ਵੀ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਕੁਝ ਮੁੱਢਲੇ ਉੱਤਰ ਮਿਲਦੇ ਹਨ।

ਮਾਰੂ ਸੋਲਹੇ ਵਿਚ ਹੇਠ ਲਿਖੇ ਸ਼ਬਦ ਬਹੁਤ ਮਹੱਤਵਪੂਰਨ ਹਨ :

ਗੁਰਮੁਖ ਵਣਜੁ ਕਰੇ ਪ੍ਰਭ ਭਾਵੈ।।
ਪੂੰਜੀ ਸਾਬਤੁ ਰਾਸ ਸਲਾਮਤਿ ਚੂਕਾ ਜਮ ਕਾ ਫਾਹਾ ਹੇ।।
(ਗੁਰੂ ਗ੍ਰੰਥ ਸਾਹਿਬ, ਅੰਗ 1033)

ਇਕ ਗੁਰਮੁਖ ਅਜਿਹਾ ਵਣਜ ਕਰੇ ਜੋ ਪ੍ਰਭ ਨੂੰ ਭਾਵੇ। ਭਾਵ ਇਹ ਹੈ ਕਿ ਪ੍ਰਭ ਜਾਂ ਰੌਸ਼ਨ ਅਗੰਮ ਦੇ ਹੁਕਮ ਵਿਚ ਹੀ ਵਣਜ ਕਰਨਾ ਠੀਕ ਹੈ। ਇੱਥੇ ਇਹ ਵੀ ਅਰਥ ਲੈ ਸਕਦੇ ਹਾਂ ਕਿ ਪੂੰਜੀ ਦਾ ਨਿਵੇਸ਼ ਉਸ ਦੇ ਹੁਕਮ ਵਿਚ ਹੀ ਰਹਿਣਾ ਚਾਹੀਦਾ ਹੈ। ਜਿਵੇਂ ਕਿ ਉੱਪਰ ਸਪੱਸ਼ਟ ਹੋ ਚੁੱਕਾ ਹੈ, ਉਸ ਦਾ ਹੁਕਮ ਦਮਨਕਾਰੀ ਨਹੀਂ, ਰੰਗ ਬਰੰਗੀ, ਭਾਂਤ-ਭਾਂਤ ਦੀ, ਵਿਲੱਖਣ ਰਚਨਾ ਨੂੰ ਦੇਖਣਾ ਅਤੇ ਨਦਰਿ ਨਾਲ ਨਿਹਾਲ ਕਰਨਾ ਤੇ ਹੋਣਾ ਹੈ। ਉਸ ਨੇ ਜੋ ਵਿਸਮਾਦੀ ਰਚਨਾ ਰਚੀ ਹੈ, ਉਸ ਨੂੰ ਕਾਇਮ ਰੱਖਣਾ, ਸਵੀਕਾਰ ਕਰਨਾ, ਉਸ ਵਿਚ ਜੋ ਵਾਪਰਦਾ ਹੈ, ਉਸ ਨੂੰ ਭਾਣਾ ਕਰਕੇ ਮੰਨਣਾ, ਇਹ ਸਭ ਹੁਕਮ ਵਿਚ ਹੈ। ਇਸ ਲਈ ਪੂੰਜੀ ਨਿਵੇਸ਼ ਜਾਂ ਪੂੰਜੀ ਉਤਪਾਦਨ, ਵਿਸਮਾਦ ਅਤੇ ਵਿਲੱਖਣਤਾ ਦੀ ਕੀਮਤ ਉੱਤੇ ਨਹੀਂ ਹੋ ਸਕਦਾ। ਅਜਿਹੇ ਰੂਪ ਵਿਚ ਹੀ ਹੋ ਸਕਦਾ ਹੈ ਕਿ ਉਸ ਰਚਣਹਾਰ ਦਾ ਅਨਹਦ ਸ਼ਬਦ ਸੁਣਦਾ ਰਹੇ। ਭ੍ਰਿਸ਼ਟ ਪੂੰਜੀ ਨਿਵੇਸ਼, ਜੋ ਸ਼ੋਸ਼ਣ ਜਾਂ ਰੱਤ ਪੀਣੀ ਲੁੱਟ ਨੂੰ ਜਨਮ ਦੇਵੇ, ਪ੍ਰਭ ਨੂੰ ਨਹੀਂ ਭਾ ਸਕਦਾ, ਕਿਉਂਕਿ ਅਜਿਹਾ ਅਮਲ ਰਚਨਾ ਦੀ ਨਿਰਮਲਤਾ ਨੂੰ ਭੰਗ ਕਰਦਾ ਹੈ, ਪਲੀਤ ਕਰਦਾ ਹੈ। ਰਾਗ ਮਾਝ ਵਿਚ ਗੁਰੂ ਨਾਨਕ ਸਾਹਿਬ ਆਪਣੇ ਸਮੇਂ ਵਿਚ ਅਜਿਹੇ ਰੱਤ ਪੀਣੇ ਨੂੰ ਨਿੰਦਦੇ ਹਨ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।।
ਜੋ ਰਤੁ ਪੀਵੈ ਮਾਣਸਾ ਤਿਨ ਕਿਉ ਨਿਰਮਲੁ ਚੀਤੁ।।
(ਗੁਰੂ ਗ੍ਰੰਥ ਸਾਹਿਬ, ਅੰਗ 140)

ਪੂੰਜੀ ਇਸ ਤਰ੍ਹਾਂ ਹੀ ਲਾਈ ਜਾਵੇ ਜਿਸ ਨਾਲ ਜੀਵਨ ਦੀ ਪਾਵਨਤਾ ਕਾਇਮ ਰਹੇ। "ਪੂੰਜੀ ਸਾਬਤੁ" ਅਜਿਹੀ ਲੱਗੀ ਹੋਈ ਪੂੰਜੀ ਹੈ, ਜਿਸ ਦਾ ਸਰੋਕਾਰ ਵਾਹਿਗੁਰੂ ਦੀ ਰਚੀ ਹੋਈ ਰਚਨਾ ਦੀ ਇੱਕਸੁਰ ਸਮੱਗਰਤਾ ਨਾਲ ਹੈ ਜਿਸ ਵਿਚੋਂ ਅਨਹਦ ਸ਼ਬਦ ਝਰਦਾ ਰਹੇ। ਸਾਡੇ ਅਜੋਕੇ ਅਰਥਾਂ ਵਿਚ ਪੂੰਜੀ ਸਾਬਤੁ ਵਿਰੱਕਤ ਜਾਂ ਏਲੀਅਨੇਟਿਡ ਪੂੰਜੀ ਨਹੀਂ, ਸਗੋਂ ਵਿਸਮਾਦੀ ਜੀਵਨ ਨਾਲ ਜੁੜੀ ਹੋਈ, ਇਸ ਦੀ ਤੋਰ ਨੂੰ ਕਾਇਮ ਰੱਖਣ ਵਾਲੀ ਪੂੰਜੀ ਹੈ। ਇਹ ਪੂੰਜੀ ਪਰਿਵਰਣਿਕ ਜ਼ਿੰਮੇਵਾਰੀ ਵੀ ਨਿਭਾਏਗੀ, ਕਿਉਂਕਿ ਇਹ ਜੀਵਨ ਦੀ ਸਮੱਗਰਤਾ ਬਾਰੇ ਚੇਤੰਨ ਹੈ। ਇਸ ਪੂੰਜੀ ਨਾਲ ਖਰੀਦੀ ਹੋਈ ਵਸਤ ਵੀ ਸਲਾਮਤ ਰਹੇਗੀ। ਇੱਥੇ ਵਸਤ ਤੋਂ ਭਾਵ ਨਾਮ ਹੈ, ਪਰ ਇਹ ਵਣਜ ਨੂੰ ਸਿਹਤਮੰਦ ਅਤੇ ਜ਼ਿੰਮੇਵਾਰ ਰੱਖਣ ਵੱਲ ਵੀ ਅਹਿਮ ਇਸ਼ਾਰਾ ਹੈ । ਰਾਗ ਮਾਝ ਵਿਚ ਹੀ "ਨਾਮ" ਨੂੰ "ਵਖਰੁ ਵਪਾਰ" ਕਿਹਾ ਗਿਆ ਹੈ ਅਤੇ ਗੁਰੂ ਸਾਹਿਬ ਨੇ ਆਪਣੇ ਆਪ ਨੂੰ "ਰਾਮ ਦੀ ਬਨਜਾਰਨਿ" ਆਖਿਆ ਹੈ।

ਮੈ ਬਨਜਾਰਨਿ ਰਾਮ ਕੀ।।
ਤੇਰਾ ਨਾਮੁ ਵਖਰੁ ਵਪਾਰੁ ਜੀ।।
(ਗੁਰੂ ਗ੍ਰੰਥ ਸਾਹਿਬ, ਅੰਗ 157)

"ਰਾਮ ਕੀ ਬਨਜਾਰਨਿ ਤਦ ਹੀ ਰਿਹਾ ਜਾ ਸਕਦਾ ਹੈ ਜੇ ਵਣਜ ਦੀ ਪ੍ਰਕਿਰਿਆ ਵਿਚ ਵਿਅਕਤੀ ਵਿਸਮਾਦ ਦੇ ਸਰੋਤ ਅਤੇ ਅਸਲੀਅਤ ਬਾਰੇ ਚੇਤੰਨ ਰਹੇ। ਪੂੰਜੀ ਉਤਪਾਦਕ, ਪੂੰਜੀ ਦੇ ਉਤਪਾਦਕ ਰਿਸ਼ਤੇ ਅਤੇ ਅੱਗੋਂ ਪੂੰਜੀ ਦਾ ਵਾਧਾ, ਵਿਸਮਾਦੀ ਨਿਯਮਾਂ ਦੀ ਉਲੰਘਣਾ ਨਾ ਕਰੇ। ਇਸ ਸਥਿਤੀ ਵਿਚ ਵਿਸਮਾਦੀ ਪੂੰਜੀ ਦੀ ਕਲਪਨਾ ਵੀ ਕੀਤੀ ਜਾ ਸਕਦੀ ਹੈ। ਵਿਰੱਕਤ ਪੂੰਜੀ, ਨਿਰਾ ਪੁਰਾ ਸੂਦ ਕਮਾਉਣ ਲਈ ਜਾਂ ਚੀਜ਼ਾਂ/ਵਸਤਾਂ ਦੇ ਵਾਧੇ ਲਈ ਲਾਈ ਪੂੰਜੀ, ਦੁੱਖ ਨੂੰ ਜਨਮ ਦੇਵੇਗੀ। ਇਹ ਦੁੱਖ/ਵਿਸਮਾਦੀ ਅਣਹੋਂਦ ਹੀ ਜਮ ਜਾਂ ਮੌਤ ਬਣੇਗੀ। ਸਾਡੀ ਅੱਜ ਦੀ ਸੋਚ ਅਜੇ ਸਾਬਤੁ ਜਾਂ ਵਿਸਮਾਦੀ ਪੂੰਜੀ ਤੱਕ ਨਹੀਂ ਅੱਪੜੀ। ਪੂੰਜੀ ਦੇ ਦੋਵੇਂ ਸੰਕਲਪ, ਪੂੰਜੀਵਾਦੀ ਅਤੇ ਸਮਾਜਵਾਦੀ, ਵਿਸਮਾਦ ਨਾਲੋਂ ਟੁੱਟੇ ਹੋਏ ਹਨ। ਉਹ ਦੋਵੇਂ ਪੂੰਜੀਆਂ ਸ਼ੂਨਯ ਵਿਚ ਸੰਚਾਲਨ ਕਰਦੀਆਂ ਹਨ। ਉਹਨਾਂ ਦੀ ਸਪੇਸ ਪਵਿੱਤਰ ਨਹੀਂ। ਹੁਣ ਪਰਿਵਰਣ-ਚੇਤਨਤਾ ਆਉਣ ਨਾਲ ਅਜਿਹੇ ਪਵਿੱਤਰ ਹੋਣ ਦੀ ਸੋਚ ਜ਼ਰੁਰ ਵਿਕਸਿਤ ਹੋਣ ਲੱਗੀ ਹੈ ਜਿਸ ਵਿਚ ਦੈਵੀ ਪਵਿੱਤਰਤਾ ਗੈਰ-ਹਾਜ਼ਰ ਹੈ। ਸਿਹਤਮੰਦ ਅਤੇ ਸੰਗਠਿਤ ਜੀਵਨ ਲਈ ਵਾਤਾਵਰਣ ਨੂੰ ਨਿਰਮਲ ਰੱਖਣਾ ਅਹਿਮ ਮੁੱਦਾ ਬਣਦਾ ਜਾ ਰਿਹਾ ਹੈ।

ਕੇਵਲ ਪੂੰਜੀ ਵਿਚ ਵਾਧਾ ਕਰਨਾ, ਇਸ ਨਾਲ ਬ੍ਰਹਿਮੰਡੀ ਜ਼ਿੰਮੇਵਾਰੀਆਂ ਨੂੰ ਨਾ ਜੋੜਨਾ, ਗੁਰੂ ਸਾਹਿਬ ਅਨੁਸਾਰ ਖੁਆਰ ਹੋਣਾ ਹੈ। ਰਾਗੁ ਆਸਾ ਵਿਚ ਉਹਨਾਂ ਦਾ ਕਥਨ ਹੈ : ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਕਰ ਘਣੀ ਖੁਆਈ (ਉਹੀ 417)। ਇੱਥੇ ਜਰ ਦਾ ਅਰਥ ਦੌਲਤ ਹੈ ਅਤੇ ਖੁਆਈ ਦਾ ਅਰਥ ਖੁਆਰੀ।

**ਬਾਕੀ ਸਫ਼ਾ 35 'ਤੇ**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# Classified

## BRIDE WANTED

Jatt sikh boy, Age 40 years, Single, Height-5"/11, Profession Dentist Doctor.

**Contact : 909 815 2797**

## ਵਿਦੇਸ਼ੀ ਸਿੱਖਾਂ ਦੀ ਕਾਲੀ ਸੂਚੀ ਨੂੰ ਖਤਮ ਕਰਨ ਦੀ ਅਸਲੀਅਤ

ਅਧਿਕਾਰੀ ਤੇ ਨਾ ਹੀ ਕੋਈ ਸਿਆਸਤਦਾਨ ਇਸ ਗੱਲ ਦਾ ਜ਼ੋਖਿਮ ਉਠਾਉਣਾ ਚਾਹੁੰਦਾ ਸੀ ਕਿ ਉਨ੍ਹਾਂ ਵਲੋਂ ਕੀਤੀ ਕਿਸੇ ਟਿੱਪਣੀ ਦੇ ਆਧਾਰ 'ਤੇ ਕਿਸੇ ਦਾ ਨਾਂਅ ਕਾਲੀ ਸੂਚੀ 'ਚੋਂ ਬਾਹਰ ਕੱਢ ਦਿੱਤਾ ਜਾਵੇ ਤੇ ਬਾਅਦ ਵਿਚ ਉਹੀ ਬੰਦਾ ਭਾਰਤ ਆ ਕੇ ਕਿਸੇ ਗੈਰ-ਕਾਨੂੰਨੀ ਗਤੀਵਿਧੀ 'ਚ ਸ਼ਾਮਲ ਹੋ ਕੇ ਸੂਬੇ ਤੇ ਦੇਸ਼ ਦਾ ਮਾਹੌਲ ਖਰਾਬ ਕਰ ਦੇਵੇ। ਕਿਉਂਕਿ ਅਜਿਹੇ 'ਚ ਸਿੱਧਾ ਦੋਸ਼ ਉਨ੍ਹਾਂ ਅਧਿਕਾਰੀਆਂ ਤੇ ਸਿਆਸਤਦਾਨਾਂ ਦੇ ਸਿਰ ਮੜ੍ਹੇ ਜਾਣੇ ਸਨ ਜਿਨ੍ਹਾਂ ਨੇ ਸਬੰਧਤ ਵਿਅਕਤੀ ਦਾ ਨਾਂਅ ਕਾਲੀ ਸੂਚੀ 'ਚੋਂ ਬਾਹਰ ਕੱਢਣ ਲਈ ਆਪਣੀਆਂ ਟਿੱਪਣੀਆਂ ਭੇਜੀਆਂ ਹੁੰਦੀਆਂ। ਲਿਹਾਜ਼ਾ ਉਨ੍ਹਾਂ ਸਿਆਸਤਦਾਨਾਂ ਤੇ ਪੁਲਿਸ ਅਧਿਕਾਰੀਆਂ ਨੇ ਬਿਨਾ ਕਿਸੇ ਹਾਂ ਪੱਖੀ ਟਿੱਪਣੀ ਦੇ ਹਰ ਵਾਰ ਆਪਣੀ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ, ਜਿਸ ਦੇ ਅਧਾਰ 'ਤੇ ਕੇਂਦਰ ਸਰਕਾਰ ਨੇ ਕਾਲੀ ਸੂਚੀ 'ਚ ਦਰਜ ਨਾਵਾਂ ਵਾਲੇ ਬੰਦਿਆਂ ਨੂੰ 'ਬਲੈਕ ਲਿਸਟ' ਕੀਤੀ ਰੱਖਿਆ।

ਅਜਿਹੇ 'ਚ ਸੂਚੀ ਵਿਚਲੇ ਨਾਵਾਂ ਵਾਲੇ ਸਿੱਖ ਅੱਜ ਤੱਕ ਲੱਗਪਗ ਸਾਢੇ ਤਿੰਨ ਦਹਾਕੇ ਤੋਂ ਵੱਧ ਸਮੇਂ ਤਕ ਨਾ ਤਾਂ ਆਪਣੇ ਘਰ ਪਰਤ ਸਕੇ ਤੇ ਨਾ ਹੀ ਆਪਣੇ ਸਕੇ ਸਬੰਧੀਆਂ ਨੂੰ ਮਿਲ ਪਾਏ। ਇਹ ਸੂਤਰ ਕਹਿੰਦੇ ਹਨ ਕਿ ਜੇਕਰ ਸਮਾਂ ਰਹਿੰਦਿਆਂ ਸਿਆਸਤਦਾਨ ਤੇ ਪੁਲਿਸ ਅਧਿਕਾਰੀ ਸਹੀ ਅਰਥਾਂ 'ਚ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾਉਂਦੇ, ਤਾਂ ਅੱਜ ਕਾਲੀ ਸੂਚੀ ਨਾਂਅ ਦੀ ਕੋਈ ਸ਼ੈਅ ਹੋਣੀ ਹੀ ਨਹੀਂ ਸੀ।

ਦੂਜੇ ਪਾਸੇ ਲੰਡਨ 'ਚ ਵਸੇ ਹਿਊਮਨ ਰਾਈਟ ਗਰੁੱਪ ਦੇ ਅਹੁਦੇਦਾਰ ਜਸਦੇਵ ਸਿੰਘ ਰਾਏ ਨੇ ਭਾਰਤ ਸਰਕਾਰ ਵਲੋਂ 312 ਸਿੱਖਾਂ ਦੇ ਨਾਂਅ ਕਾਲੀ ਸੂਚੀ 'ਚੋਂ ਬਾਹਰ ਕੱਢਣ ਦੇ ਕੀਤੇ ਗਏ ਐਲਾਨ ਦਾ ਸਵਾਗਤ ਸਵਾਗਤ ਕਰਕੇ ਦੁਨੀਆ ਭਰ ਦੇ ਸਿੱਖਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਦੱਸ ਦਈਏ ਕਿ ਜਸਦੇਵ ਸਿੰਘ ਰਾਏ ਹਿਊਮਨ ਰਾਈਟ ਸੰਸਥਾ ਲੰਡਨ ਦੇ ਉਨ੍ਹਾਂ ਨੁਮਾਇੰਦਿਆਂ 'ਚੋਂ ਇੱਕ ਹਨ, ਜਿਨ੍ਹਾਂ ਉਸ ਵੇਲੇ ਪ੍ਰਧਾਨ ਮੰਤਰੀ ਮੋਦੀ ਤੋਂ ਇਸ ਕਾਲੀ ਸੂਚੀ ਨੂੰ ਖਤਮ ਕੀਤੇ ਜਾਣ ਦੀ ਮੰਗ ਕੀਤੀ ਸੀ ਜਦੋਂ ਨਵੰਬਰ 2015 ਦੌਰਾਨ ਮੋਦੀ ਨੇ ਲੰਡਨ ਫੇਰੀ ਪਾਈ ਸੀ। ਉਸ ਤੋਂ ਬਾਅਦ ਇਹਨਾਂ ਨੁਮਾਇੰਦਿਆਂ ਦੀ ਭਾਰਤ ਸਰਕਾਰ ਨਾਲ ਕਈ ਦੌਰ ਦੀ ਗੱਲਬਾਤ ਹੋਈ ਜਿਸ 'ਚ ਭਾਰਤੀ ਜਨਤਾ ਪਾਰਟੀ ਦੇ ਆਗੂ ਰਾਮ ਮਾਧਵ ਵੀ ਸ਼ਾਮਲ ਹੋਏ। ਇਹਨਾਂ ਮੀਟਿੰਗਾਂ ਦੌਰਾਨ ਸਿੱਖਾਂ ਨੇ 5 ਮੁੱਖ ਮੰਗਾਂ ਭਾਰਤ ਸਰਕਾਰ ਅੱਗੇ ਰੱਖੀਆਂ ਸਨ ਜਿਨ੍ਹਾਂ 'ਚੋ ਕਾਲੀ ਸੂਚੀ ਖਤਮ ਕੀਤੇ ਜਾਣਾ, ਬੰਦੀ ਸਿੱਖਾਂ ਦੀ ਰਿਹਾਈ ਅਤੇ ਜੂਨ 1984 'ਚ ਦਰਬਾਰ ਸਾਹਿਬ 'ਤੇ ਹਮਲੇ ਲਈ ਦੁਨੀਆ ਭਰ 'ਚ ਵੱਸਦੇ ਸਿੱਖ ਭਾਈਚਾਰੇ ਤੋਂ ਮੁਆਫੀ ਮੰਗਣਾ ਸ਼ਾਮਲ ਹੈ। ਜਿਹੜੇ 2 ਹੋਰ ਮੁੱਦੇ ਅਜਿਹੇ ਵਿਚਾਰੇ ਜਾ ਰਹੇ ਹਨ, ਉਨ੍ਹਾਂ 'ਚੋਂ ਸਿੱਖਾਂ ਦੇ ਸਿਰਮੌਰ ਧਾਰਮਿਕ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਨੂੰ ਕਿਸੇ ਵੀ ਕਾਨੂੰਨੀ ਅਤੇ ਸਿਆਸੀ ਛਾਂ ਤੋਂ ਮੁਕਤ ਕੀਤਾ ਜਾਣਾ ਅਤੇ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵਲੋਂ ਕੀਤੇ ਗਏ ਹਮਲੇ ਸਬੰਧੀ ਅਜਿਹੀ ਖੁੱਲ੍ਹੀ ਬਹਿਸ ਕਰਵਾਉਣਾ ਸ਼ਾਮਲ ਹੈ, ਜਿਸ 'ਤੇ ਕੋਈ ਰੋਕ ਟੋਕ ਨਾ ਹੋਵੇ।

ਹੁਣ ਜੇਕਰ ਸਿਆਸੀ ਲੋਕਾਂ, ਪੁਲਿਸ ਅਧਿਕਾਰੀਆਂ ਅਤੇ ਸਿੱਖ ਜਥੇਬੰਦੀਆਂ ਵਲੋਂ ਕਾਲੀ ਸੂਚੀ ਸਬੰਧੀ ਆਪੋ ਆਪਣੇ ਢੰਗ ਨਾਲ ਕੀਤੇ ਗਏ ਯਤਨਾਂ ਨੂੰ ਦੇਖਿਆ ਜਾਵੇ ਤਾਂ ਉਨ੍ਹਾਂ ਲੋਕਾਂ ਦੀ ਗੱਲ ਮੰਨਣ ਨੂੰ ਦਿਲ ਕਰਨ ਲੱਗ ਪੈਂਦਾ ਹੈ ਜਿਹੜੇ ਇਹ ਕਹਿੰਦੇ ਨੇ ਕਿ ਕਾਲੀ ਸੂਚੀ ਖਤਮ ਕਰਾਉਣ ਵਾਲਾ ਸਿਹਰਾ ਲੈਣ ਲਈ ਤਾਂ ਐਂਵੇ ਵਿਹਲੀ ਦੌੜ ਹੈ, ਅਸਲ ਸਚਾਈ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ ਵੇਲੇ ਅਮਰੀਕਾ ਦਾ ਦੌਰਾ ਕਰਨਾ ਸੀ ਜਦੋਂ ਉੱਥੇ ਆਮ ਚੋਣਾਂ ਸਿਰ 'ਤੇ ਹਨ। ਅਜਿਹੇ 'ਚ ਅਮਰੀਕਾ ਤੇ ਕੈਨੇਡਾ 'ਚ ਵਸਦੇ ਸਿੱਖਾਂ ਦੀ ਬਹੁ ਗਿਣਤੀ ਨੂੰ ਦੇਖਦਿਆਂ ਉਸ ਫੇਰੀ ਦੌਰਾਨ ਮੋਦੀ ਦਾ ਵਿਰੋਧ ਹੋਣਾ ਸੰਭਵ ਸੀ, ਜੋ ਕਿ ਮੋਦੀ ਅਜਿਹੇ ਵੇਲੇ ਬਰਦਾਸ਼ਤ ਨਹੀਂ ਕਰ ਸਕਦੇ ਸਨ ਜਦੋਂ ਉਹ ਕਸ਼ਮੀਰ 'ਚ ਧਾਰਾ 370 ਖਤਮ ਕੀਤੇ ਜਾਣ ਨੂੰ ਲੈ ਕੇ ਦੁਨੀਆ ਭਰ ਅਤੇ ਖਾਸ ਕਰਕੇ ਅਮਰੀਕਾ ਤੋਂ ਸਮਰਥਨ ਲੈਣ ਦੀ ਤਾਕ ਵਿਚ ਹਨ। ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਮੋਦੀ ਉਥੇ ਜਾ ਕੇ ਭਾਰਤੀ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਨ ਵਾਲੇ ਸਨ, ਉਹ ਇਕੱਠ ਜਿਸ ਰਾਹੀਂ ਮੋਦੀ ਟਰੰਪ ਨੂੰ ਇਹ ਦੱਸਣ ਵਿਚ ਕਾਮਯਾਬ ਰਹਿੰਦੇ ਕਿ ਉਨ੍ਹਾਂ ਕੋਲ ਅਮਰੀਕਾ ਅੰਦਰ ਕਿੰਨੀਆਂ ਭਾਰਤੀ ਵੋਟਾਂ ਹਨ ਜਿਹੜੀਆਂ ਕਿ ਉਨ੍ਹਾਂ ਨਾਲ ਜੁੜੀਆਂ ਹੋਈਆਂ ਹਨ ਤੇ ਜੇਕਰ ਤੁਸੀ ਭਾਰਤ ਦਾ ਸਾਥ ਦੇਵੋਂਗੇ ਤਾਂ ਇਹ ਵੋਟਾਂ ਤੁਹਾਡੇ ਖਾਤੇ 'ਚ ਪੈ ਸਕਦੀਆਂ ਹਨ। ਕੁੱਲ ਮਿਲਾ ਕੇ ਇਹ ਸਭ ਸ਼ਕਤੀ ਪ੍ਰਦਰਸ਼ਨ ਕੀਤਾ ਜਾਣਾ ਸੀ। ਜੇਕਰ ਇਸ ਸ਼ਕਤੀ ਪ੍ਰਦਰਸ਼ਨ ਦੌਰਾਨ ਉਥੇ ਵੱਸਦੀਆਂ ਸਿੱਖ ਜਥੇਬੰਦੀਆਂ ਮੋਦੀ ਖਿਲਾਫ ਆਪਣਾ ਸ਼ਕਤੀ ਪ੍ਰਦਰਸ਼ਨ ਕਰ ਦਿੰਦੀਆਂ ਤਾਂ ਸਾਰਾ ਮਾਮਲਾ ਗੜਬੜ ਹੋ ਸਕਦਾ ਸੀ।

**ਸੂਚੀ ਖਤਮ ਕਰਨ ਦਾ ਸਵਾਗਤ-**

ਕੇਂਦਰ ਸਰਕਾਰ ਵਲੋਂ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦਾ ਨਾਮ ਕਾਲੀ ਸੂਚੀ ਵਿਚੋਂ ਹਟਾਏ ਜਾਣ ਤੇ ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸੀ ਸਰਕਾਰਾਂ ਨੇ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਦੀ ਕਾਲੀ ਸੂਚੀ ਤਿਆਰ ਕਰਕੇ ਉਹਨਾਂ ਦੇ ਭਾਰਤ ਆਉਣ ਉੱਤੇ ਪਾਬੰਦੀ ਲਾ ਦਿੱਤੀ ਸੀ, ਜਿਸ ਕਰਕੇ ਉਹ ਆਪਣੇ ਪਰਿਵਾਰਾਂ ਤੋਂ ਦੂਰ ਹੋ ਗਏ ਪਰ ਕੇਂਦਰ ਦੀ ਭਾਜਪਾ ਸਰਕਾਰ ਨੇ 312 ਸਿੱਖਾਂ ਦੇ ਨਾਮ ਕਾਲੀ ਸੂਚੀ 'ਚੋਂ ਹਟਾ ਕੇ ਉਹਨਾਂ ਨੂੰ ਰਾਹਤ ਪ੍ਰਦਾਨ ਕੀਤੀ ਹੈ, ਜਿਸ ਨਾਲ ਉਹ ਫਿਰ ਤੋਂ ਭਾਰਤ ਆ ਕੇ ਆਪਣੇ ਪਰਿਵਾਰਾਂ ਨੂੰ ਮਿਲ ਸਕਦੇ ਹਨ।

ਉਹਨਾਂ ਕਿਹਾ ਕਿ ਪਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਸਾਲ 2016 ਵਿਚ ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਦੇ ਨਾਂ ਇਸ ਗੁਪਤ ਕਾਲੀ ਸੂਚੀ 'ਚੋਂ ਹਟਾਉਣ ਲਈ ਚਿੱਠੀ ਲਿਖੀ ਸੀ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦਖ਼ਲ ਦੇ ਕੇ ਕਾਲੀ ਸੂਚੀ ਵਿਚੋਂ 212 ਨਾਵਾਂ ਨੂੰ ਕੱਟ ਦਿੱਤਾ ਗਿਆ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਨੇ ਉਨ੍ਹਾਂ ਦੀ ਮੰਗ ਮੰਨਦਿਆਂ ਸਿੱਖਾਂ ਨਾਲ ਵਿਤਕਰੇ ਵਾਲੀ ਸੂਚੀ ਖਤਮ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਚੀ ਵਿਚ ਹੁਣ ਦੋ ਲੋਕਾਂ ਦੇ ਨਾਂ ਰਹਿ ਗਏ ਹਨ ਜਿਨ੍ਹਾਂ ਦਾ ਸਬੰਧ ਪੰਜਾਬ ਨਾਲ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਇਹ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦਾ ਸ਼ਲਾਘਾਯੋਗ ਫੈਸਲਾ ਹੈ। ਇਸ ਨਾਲ ਸਮੁੱਚੇ ਸਿੱਖ ਭਾਈਚਾਰੇ ਅੰਦਰ ਖ਼ੁਸ਼ੀ ਦੀ ਲਹਿਰ ਹੈ। ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਤੇ ਕੇਂਦਰ ਸਰਕਾਰ ਦੇ ਫੈਸਲੇ ਨਾਲ ਪ੍ਰਭਾਵਿਤ ਸਿੱਖਾਂ ਨੂੰ ਵੱਡੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਵਿਦੇਸ਼ਾਂ ਵਿਚ ਲੰਮੇ ਸਮੇਂ ਤੋਂ ਰਹਿ ਰਹੇ ਸਿੱਖਾਂ ਦਾ ਆਪਣੇ ਦੇਸ਼ ਆਉਣ ਦਾ ਰਾਹ ਪੱਧਰਾ ਹੋ ਗਿਆ ਹੈ। ਲੌਂਗੋਵਾਲ ਨੇ ਆਖਿਆ ਕਿ ਕਾਲੀ ਸੂਚੀ ਵਿਚ ਸ਼ਾਮਲ ਸਿੱਖ ਆਪਣੇ ਪਰਿਵਾਰਾਂ ਨੂੰ ਮਿਲਣ ਤੋਂ ਵੀ ਵਾਂਝੇ ਰਹਿ ਗਏ ਸਨ।

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਹਰਨਾਮ ਸਿੰਘ ਖ਼ਾਲਸਾ ਨੇ ਭਾਰਤ ਸਰਕਾਰ ਵੱਲੋਂ 312 ਸਿੱਖਾਂ ਦੇ ਨਾਂ ਕਾਲੀ ਸੂਚੀ ਵਿੱਚੋਂ ਹਟਾਉਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਕਿਹਾ ਕਿ ਹੁਣ ਪੰਜਾਬ ਦੇ ਕਾਲੇ ਦੌਰ ਦੌਰਾਨ ਵਿਦੇਸ਼ਾਂ 'ਚ ਪਨਾਹ ਲੈਣ ਲਈ ਮਜਬੂਰ ਹੋਏ ਸਿੱਖਾਂ ਦੀ ਵਿਵਾਦਿਤ 'ਕਾਲੀ ਸੂਚੀ' ਦੇ ਮੁਕੰਮਲ ਖ਼ਾਤਮੇ ਨੂੰ ਅਮਲੀ ਰੂਪ ਦੇਣ ਦਾ ਵੇਲਾ ਹੈ।ਉਨ੍ਹਾਂ ਦੱਸਿਆ ਕਿ ਦਮਦਮੀ ਟਕਸਾਲ ਦੇ ਵਫ਼ਦ ਨੇ ਭਾਰਤੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲ ਕੇ ਸੰਬੰਧਤ ਕਾਲੀ ਸੂਚੀ ਖ਼ਤਮ ਕਰਨ ਦੀ ਅਪੀਲ ਕੀਤੀ ਸੀ।

## ਤਰਦੇ ਨਾਰੀਅਲ - ਡੁੱਬਦੇ ਬੱਚੇ !

ਕਿਨਾਰੇ ਖੇਡ ਰਹੇ ਤਿੰਨ ਬੱਚਿਆਂ ਹਰਪ੍ਰੀਤ ਸਿੰਘ, ਉਹਦਾ ਭਰਾ ਜਰਕਰਨ ਸਿੰਘ ਅਤੇ ਕਰਨਬੀਰ ਸਿੰਘ ਦੀ ਨਜ਼ਰ ਜਦੋਂ ਨਹਿਰ ਵਿੱਚ ਤਰਦੇ ਜਾਂਦੇ ਨਾਰੀਅਲ ਉੱਤੇ ਪਈ ਤਾਂ ਤਿੰਨੇ ਇੱਕ-ਦੂਜੇ ਦਾ ਹੱਥ ਫੜ ਕੇ ਚੇਨ ਜਿਹੀ ਬਣਾ ਕੇ ਖੋਪੇ ਦਾ ਗੁੱਟ ਕੱਢਣ ਲੱਗ ਪਏ। ਹਰਪ੍ਰੀਤ ਸਿੰਘ ਦਾ ਪੈਰ ਤਿਲਕਣ ਕਾਰਨ ਤਿੰਨੇ ਹੀ ਨਹਿਰ ਵਿੱਚ ਜਾ ਡਿੱਗੇ। ਕੋਲੋਂ ਦੀ ਲੰਘ ਰਹੇ ਅਮਰੀਕ ਸਿੰਘ ਨੇ ਜਦੋਂ ਬੱਚਿਆਂ ਨੂੰ ਡੁੱਬਦੇ ਦੇਖਿਆ, ਉਹਨੇ ਨਹਿਰ ਵਿੱਚ ਛਾਲ ਮਾਰ ਕੇ ਕਰਨਬੀਰ ਸਿੰਘ ਅਤੇ ਜਰਕਰਨ ਸਿੰਘ ਨੂੰ ਤਾਂ ਜਿਉਂਦਾ ਕੱਢ ਲਿਆ ਪ੍ਰੰਤੂ ਹਰਪ੍ਰੀਤ ਸਿੰਘ (ਉਮਰ 12 ਸਾਲ) ਪਾਣੀ ਦੇ ਤੇਜ਼ ਵਹਾਅ ਕਾਰਨ ਉਹਦੇ ਹੱਥੋਂ ਨਿਕਲ ਗਿਆ। ਜਿਸ ਕਿਸੇ ਨੇ ਇਹ ਗੁੱਟ ਨਹਿਰ ਵਿੱਚ ਛੁੱਟਿਆ ਹੋਵੇਗਾ, ਉਹਨੂੰ ਕਿਸੇ ਜਾਦੂ ਟੂਣੇ ਵਾਲੇ ਨੇ ਹੀ ਕਿਹਾ ਹੋਵੇਗਾ। ਨਾਰੀਅਲ ਸੁੱਟਣ ਵਾਲੇ ਦਾ ਭਲਾ ਹੋਇਆ ਹੋਵੇਗਾ ਜਾਂ ਨਹੀਂ, ਪ੍ਰੰਤੂ ਇਹ ਨਾਰੀਅਲ ਇੱਕ 12 ਸਾਲ ਦੇ ਬਾਲ ਦੀ ਜਾਨ ਜ਼ਰੂਰ ਲੈ ਗਿਆ। ਇਹ ਤਾਂ ਕੁਦਰਤੀ ਐਨ ਉਸੇ ਸਮੇਂ ਅਮਰੀਕ ਸਿੰਘ ਦੇ ਉੱਥੋਂ ਲੰਘਦੇ ਹੋਣ ਕਰਕੇ ਇਹ ਬੱਚੇ ਨਜ਼ਰ ਪੈ ਗਏ, ਜੇ ਕਿਤੇ ਉਹ ਦੋ-ਤਿੰਨ ਮਿੰਟ ਅੱਗੜ-ਪਿੱਛੜ ਹੁੰਦਾ ਤਾਂ ਇਨ੍ਹਾਂ ਤਿੰਨਾਂ ਬੱਚਿਆਂ ਨੇ ਹੀ ਡੁੱਬ ਜਾਣਾ ਸੀ। ਇਸੇ ਤਰ੍ਹਾਂ ਪਿਛਲੇ ਸਾਲ ਭਵਾਨੀਗੜ੍ਹ ਨੇੜਲੀ ਨਹਿਰ ਕਿਨਾਰੇ ਹੋਇਆ ਸੀ। ਉਦੋਂ ਇੱਕ ਵਿਅਕਤੀ ਨਹਿਰ ਵਿੱਚ ਪੂਜਾ ਸਮੱਗਰੀ ਜਲ-ਪਰਵਾਹ ਕਰਨ ਆਇਆ ਸੀ। ਉਹਨੇ ਇੱਕ ਹੱਥ ਵਿੱਚ ਪਾਠ-ਪੂਜਾ ਵਾਲੀ ਸਮੱਗਰੀ ਵਾਲਾ ਲਿਫ਼ਾਫ਼ਾ ਫੜਿਆ ਹੋਇਆ ਸੀ ਤੇ ਦੂਜੇ ਹੱਥ ਵਿੱਚ ਬੈਂਕ ਦੇ ਲਾਕਰ ਵਿੱਚ ਰੱਖਣ ਲਈ ਗਹਿਣਿਆਂ ਵਾਲਾ ਲਿਫ਼ਾਫ਼ਾ ਫੜਿਆ ਹੋਇਆ ਸੀ। ਕਾਹਲੀ ਵਿੱਚ ਜਾਂ ਭੁਲੇਖੇ ਵਿੱਚ ਕਹਿ ਲਓ ਉਹਨੇ ਸਮੱਗਰੀ ਵਾਲੇ ਲਿਫ਼ਾਫ਼ੇ ਦੀ ਥਾਂ ਗਹਿਣਿਆਂ ਵਾਲਾ ਲਿਫ਼ਾਫ਼ਾ ਹੀ ਨਹਿਰ ਵਿੱਚ ਵਗਾਹ ਮਾਰਿਆ। ਇਸ ਤੋਂ ਬਾਅਦ ਪਿੱਟ-ਸਿਆਪਾ ਪੈ ਗਿਆ ਪਰ ਨਹਿਰ ਵਿੱਚੋਂ ਮਿਲਿਆ ਕੁਝ ਨਹੀਂ।

ਵੈਸੇ ਵੀ ਨਹਿਰਾਂ ਵਿੱਚ ਇਸ ਤਰ੍ਹਾਂ ਦੀ ਸਮੱਗਰੀ ਜਿੱਥੇ ਪਾਣੀ ਗੰਧਲਾ ਕਰਦੀ ਹੈ ਉੱਥੇ ਅਜਿਹੀਆਂ ਵਸਤੂਆਂ ਵਾਤਾਵਰਣ ਲਈ ਵੀ ਹਾਨੀਕਾਰਕ ਹਨ। ਇਸਦੇ ਨਾਲ ਹੀ ਇਹ ਬੱਚਿਆਂ ਦੀਆਂ ਜਾਨਾਂ ਤਕ ਵੀ ਲੈਂਦੀਆਂ ਹਨ ਕਿਉਂਕਿ ਬਹੁਤੀ ਵਾਰ ਨਹਿਰਾਂ ਕਿਨਾਰੇ ਕਸਬਿਆਂ ਅਤੇ ਪਿੰਡਾਂ ਦੇ ਬੱਚੇ ਕੁਝ ਖਾਣ ਦੇ ਲਾਲਚਵੱਸ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਅਨਪੜ੍ਹ ਲੋਕਾਂ ਦੀ ਗੱਲ ਤਾਂ ਰਹੀ ਇੱਕ ਪਾਸੇ, ਪੜ੍ਹੇ-ਲਿਖੇ ਬੱਚੇ ਵੀ ਅਜਿਹੇ ਕੁਰਾਹੇ ਰਾਹੀਂ ਪੈ ਜਾਂਦੇ ਹਨ। ਇਸ ਤਰ੍ਹਾਂ ਕਈ ਘਰਾਂ ਦੇ ਚਿਰਾਗ ਬੁਝ ਜਾਂਦੇ ਹਨ।

## ਗੁਰੂ ਨਾਨਕ ਦਾ ਧਰਮ ਯੁੱਧ ਤੇ ਇਨਸਾਫ਼

ਵਿਸਮਾਦੀ ਪੂੰਜੀ ਦਾ ਸਰੋਤ ਵਿਸਮਾਦੀ ਵਾਹਿਗੁਰੂ, ਵਾਹਿ ਜਾਂ ਵਿਸਮਾਦ ਦਾ ਗੁਰੂ ਅਤੇ ਵਿਸਮਾਦੀ ਜਗਤ ਹਨ। ਇਸ ਦੇ ਫੈਲਾਉ ਅਤੇ ਵਾਧੇ ਦੇ ਨਾਲ ਵਿਸਮਾਦ ਜੁੜਿਆ ਰਹੇਗਾ। ਕਿਉਕਿ ਵਿਲੱਖਣਤਾ, ਰੰਗ, ਰੂਪ ਆਦਿ ਦੀ ਭਿੰਨਤਾ ਦੀ ਹੈਰਾਨਗੀ ਵਿਚ ਹੀ ਇਸ ਪੂੰਜੀ ਦਾ ਸੰਚਾਲਨ ਹੋਵੇਗਾ, ਇਹ ਕਿਆਸ ਲਾਇਆ ਜਾ ਸਕਦਾ ਹੈ ਕਿ ਇਹ ਪੂੰਜੀ ਇਕਸਾਰਤਾ ਨਹੀਂ ਲਿਆਏਗੀ। ਇਸ ਦੇ ਨਿਵੇਸ਼ ਅਤੇ ਵਿਕਾਸ ਲਈ ਵਿਸਮਾਦੀ ਬ੍ਰਹਿਮੰਡ ਨਾਲ ਸੰਗਠਿਤ ਰਾਹ ਹੀ ਤਲਾਸ਼ੇ ਜਾਣਗੇ। ਇਸ ਪੂੰਜੀ ਨਾਲ ਸੰਬੰਧਿਤ ਸੰਸਥਾਵਾਂ ਅਤੇ ਸੰਰਚਨਾਵਾਂ 'ਲਾਹੇ' ਜਾਂ ਨਫ਼ੇ ਨਾਲ ਚੱਲਣਗੀਆਂ, ਪਰ ਇਹ ਲਾਹਾ 'ਨਾਮੁ' ਦੇ ਰੂਪ ਵਿਚ ਹੈ, ਜਿਵੇਂ ਗੁਰੂ ਨਾਨਕ ਦੇਵ ਨੇ ਰਾਗ ਮਾਰੂ ਵਿਚ ਦੱਸਿਆ ਹੈ:

ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ॥
ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ॥
(ਗੁਰੂ ਗ੍ਰੰਥ ਸਾਹਿਬ, ਅੰਗ 1009)

"ਨਾਮ" ਇੱਥੇ ਵਿਆਕਰਣ ਦਾ ਪਰਵਰਗ ਨਹੀਂ। ਇਹ ਸਮੁੱਚੇ ਬ੍ਰਹਿਮੰਡ, ਜੀਵਨ, ਕੁਦਰਤ ਦੇ ਸੰਚਾਲਕ ਨਿਯਮ ਦਾ ਤੱਤ ਅਤੇ ਅਸਤਿਤਵੀ ਅਨੁਭਵ ਹੈ। ਗੁਰੂ ਸਾਹਿਬ ਨੇ ਆਰਥਿਕਤਾ ਨਾਲ ਸੰਬੰਧਿਤ ਸਾਰੇ ਮਹੱਤਵਪੂਰਨ ਸੰਕਲਪਾਂ ਨੂੰ ਬਦਲਿਆ ਹੈ। ਇਹਨਾਂ ਵਿਚੋਂ ਵਿਸ਼ੇਸ਼ ਹਨ : ਪੂੰਜੀ, ਵਪਾਰ, ਸੌਦਾ, ਰਾਸ, ਵੱਖਰ, ਵਣਜਾਰਾ। ਇਹਨਾਂ ਨੂੰ ਚਿੰਨ੍ਹ ਵਜੋਂ ਨਵੇਂ ਸਿਗਨੀਫਾਈਡ ਦੇ ਦਿੱਤੇ ਹਨ। ਇਹ ਜਿਸ ਚਿੰਨ੍ਹ ਸ਼ਾਸਤਰ ਵਿਚ ਵਿਚਰਦੇ ਹਨ, ਉਸ ਨੂੰ ਵਿਸਮਾਦੀ ਚਿੰਨ-ਸ਼ਾਸਤਰ ਆਖਿਆ ਜਾ ਸਕਦਾ ਹੈ। ਇਹ ਚਿੰਨ੍ਹ-ਸ਼ਾਸਤਰ ਵਿਸਮਾਦੀ ਆਰਥਿਕਤਾ ਵਿਕਸਿਤ ਕਰਨ ਦੀ ਸੰਭਾਵਨਾ ਉਜਾਗਰ ਕਰਦਾ ਹੈ।

ਸਾਡੇ ਸਮੇਂ ਵਿਚ ਇਹ ਵੱਡਾ ਸਰੋਕਾਰ ਹੈ ਕਿ ਲਾਹੇ ਨੂੰ ਖ਼ਤਮ ਕਿਵੇਂ ਕੀਤਾ ਜਾਵੇ। ਇਹ ਚਿੰਤਨ ਮਾਰਕਸ ਨੇ ਹੀ ਸਿਰਜਿਆ ਹੈ। ਨਫ਼ੇ ਦੀ ਇੱਛਾ ਤੋਂ ਪ੍ਰੇਰਿਤ ਪੂੰਜੀ ਸ਼ੋਸ਼ਣ ਨੂੰ ਜਨਮ ਦਿੰਦੀ ਹੈ। ਇਸ ਨਾਲ ਵਾਧੂ ਕੀਮਤ ਦਾ ਸੰਕਲਪ ਅਤੇ ਅਭਿਆਸ ਹੋਂਦ ਵਿਚ ਆਏ ਹਨ। ਇਕ ਕਿਰਤੀ ਜਿੰਨੇ ਘੰਟੇ ਮਿਹਨਤ ਕਰਕੇ ਇਕ ਵਸਤ ਦਾ ਉਤਪਾਦਨ ਕਰਦਾ ਹੈ, ਉਸ ਦੀ ਉਜਰਤ ਉਸ ਨੂੰ ਦੇਣ ਤੋਂ ਵੱਧ ਜੋ ਮੁੱਲ ਰੱਖਿਆ ਜਾਂਦਾ ਹੈ, ਉਹ ਪੂੰਜੀਪਤੀ ਦਾ ਨਫ਼ਾ ਹੁੰਦਾ ਹੈ। ਇਸ ਨਫ਼ੇ ਜਾਂ ਲਾਹੇ ਨੂੰ ਪੂੰਜੀਪਤੀ ਫੇਰ ਨਿਵੇਸ਼ ਕਰਦਾ ਹੈ ਤਾਂ ਕਿ ਉਤਪਾਦਨ ਪ੍ਰਬੰਧ ਵਿਚ ਵਾਧਾ ਕੀਤਾ ਜਾ ਸਕੇ॥ ਪੂੰਜੀ ਨੂੰ ਬੇ-ਤਹਾਸ਼ਾ ਵਧਾਇਆ ਜਾ ਸਕੇ। ਇਸ ਪ੍ਰਕਿਰਿਆ ਵਿਚ ਵਾਧੂ ਮੁੱਲ ਦੀ ਪ੍ਰਾਪਤੀ ਇਕ ਵਿਹਲੜਅਤੇ ਸ਼ੋਸ਼ਣਕਾਰੀ ਲੁਟੇਰਾ ਵਰਗ ਤਿਆਰ ਕਰਦੀ ਹੈ। ਅਜਿਹੀ ਪੂੰਜੀ ਦਾ ਪਾਸਾਰ ਵਸਤਾਂ ਦੀ ਮਾਰਕਿਟ ਅਤੇ ਮੁਕਾਬਲੇ ਨੂੰ ਜਨਮ ਦਿੰਦਾ ਹੈ। ਵਿਕਸਿਤ ਪੂੰਜੀਵਾਦ ਵਿਚ ਇਹ ਵਸਤਾਂ ਬਿਹਤਰ ਮਸ਼ੀਨਾਂ ਅਤੇ ਸਿੱਖਿਅਤ ਕਿਰਤੀਆਂ ਰਾਹੀਂ, ਵਾਧੂ ਮੁੱਲ ਰੱਖਣ ਦੇ ਬਾਵਜੂਦ ਮੁਕਾਬਲੇ ਵਿਚ ਸਸਤੀਆਂ ਵੀ ਵਿਕਦੀਆਂ ਹਨ। ਮਾਰਕਿਟ ਦਾ ਇਹ ਮੁਕਾਬਲਾ, ਪੂੰਜੀਵਾਦ ਦੇ ਸਮਰਥਕਾਂ ਅਨੁਸਾਰ ਵੰਡ-ਨਿਆਂ ਜਾਂ ਡਿਸਟਰੀਬਿਊਟਿਵ ਜਸਟਿਸ ਅਮਲ ਵਿਚ ਲਿਆਉਂਦਾ ਹੈ।

ਸਮਾਜਵਾਦ ਦੇ ਹਮਾਇਤੀ ਮੁਕਾਬਲੇ ਦੀ ਆਰਥਿਕਤਾ ਨੂੰ ਸੰਕਟ ਅਤੇ ਅਸੰਤੁਲਨ ਦੀ ਆਰਥਿਕਤਾ ਮੰਨਦੇ ਹਨ ਜੋ ਜੀਵਨ ਨੂੰ ਸਿਹਤਮੰਦ ਅਤੇ ਰਿਸ਼ਤੇ ਨਾਤਿਆਂ ਨੂੰ ਸ਼ੋਸ਼ਣ ਮੁਕਤ ਨਹੀਂ ਰੱਖ ਸਕਦੀ। ਕਿਰਤੀ ਨਾਲ ਨਿਆਂ ਲਈ ਅਤੇ ਉਸ ਨੂੰ ਆਪਣੀ ਮਿਹਨਤ ਦੀ ਪੂਰੀ ਉਜਰਤ ਦੇਣ ਲਈ ਵਾਧੂ ਮੁੱਲ ਜਾਂ ਨਫ਼ਾ ਖ਼ਤਮ ਕਰਨ ਦੀ ਲੋੜ ਹੈ। ਇਹ ਗੱਲ ਵਿਵਾਦ ਗ੍ਰਸਿਤ ਹੈ ਕਿ ਸਮਾਜਵਾਦੀ ਆਰਥਿਕਤਾਵਾਂ ਨੇ ਨਫ਼ਾ ਖ਼ਤਮ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ ਜਾਂ ਨਹੀਂ। ਔਕਸਫੋਰਡ ਯੂਨੀਵਰਸਿਟੀ ਦੀ ਸਾਬਕਾ ਪ੍ਰੋਫੈਸਰ ਜੋਨ ਰਾਬਿਨਸਨ ਨੇ ਆਪਣੀ ਪੁਸਤਕ 'ਐਨ ਐਸੇ ਔਨ ਮਾਰਕਸੀਅਨ ਇਕਨੋਮਿਕਸ' (1954 : 96) ਵਿਚ ਮਾਰਕਸ ਦੀ ਉਠਾਈ ਸਮੱਸਿਆ ਦੇ ਹੱਲ ਦੀ ਵਕਾਲਤ ਕੀਤੀ ਹੈ ਪਰ ਉਸ ਦਾ ਵਿਚਾਰ ਹੈ ਕਿ ਇਹ ਹੱਲ ਅਕਾਦਮਿਕ ਵਿਧੀਆਂ ਰਾਹੀਂ ਨਹੀਂ ਹੋ ਸਕਦਾ। ਉਸ ਦਾ ਭਾਵ ਇਹ ਹੈ ਕਿ ਇਸ ਕਾਰਜ ਲਈ ਰਾਜਨੀਤਿਕ ਸਾਧਨ ਵਰਤਣੇ ਪੈਣਗੇ। ਉਤਪਾਦਨ ਪ੍ਰਬੰਧ ਵਿਚ ਹੀ ਗੁਣਾਤਮਕ ਤਬਦੀਲੀ ਲਿਆਉਣੀ ਪਵੇਗੀ। ਪਰ ਜੇ ਮਾਰਕਸ ਵੱਲੋਂ ਧਿਆਨ ਵਿਚ ਲਿਆਂਦੀ ਸਮੱਸਿਆ ਤੇ ਪ੍ਰਸ਼ਨ ਦਾ ਪੂਰਾ ਹੱਲ ਵੀ ਕਰ ਲਿਆ ਜਾਵੇ ਤਦ ਵੀ ਪੂੰਜੀ ਵਿਸਮਾਦ ਅਤੇ ਵਿਚਿੱਤਰਤਾ ਨਾਲ ਨਹੀਂ ਜੁੜਦੀ। ਸਮਾਜਵਾਦ ਦੀ ਪੂੰਜੀ ਅਤੇ ਪੂੰਜੀਵਾਦ ਦੀ ਪੂੰਜੀ ਦੋਵੇਂ ਹੀ ਸੈਕੂਲਰ ਸ਼ੂਨਯ ਵਿਚ ਵਿਚਰਦੀਆਂ ਹਨ ਅਤੇ ਆਪਣੇ ਵਿਕਾਸ ਲਈ ਉਹਨਾਂ ਦੇ ਮਾਪ ਤੋਲ ਵਸਤਾਂ ਦੇ ਵੱਧ ਉਤਪਾਦਨ ਦੇ ਸੰਕਲਪ ਨਾਲ ਹੀ ਜੁੜੇ ਹੋਏ ਹਨ।

ਦੋਨੋਂ ਪ੍ਰਕਾਰ ਦੀਆਂ ਪੂੰਜੀਆਂ ਉੱਤੇ ਆਧਾਰਿਤ ਆਰਥਿਕਤਾਵਾਂ ਨੇ ਭਾਸ਼ਾਵਾਂ ਨੂੰ ਇਕਾਂਗੀ ਅਤੇ ਇਕਸਾਰ ਬਣਾਉਣ ਵਿਚ ਹਿੱਸਾ ਪਾਇਆ ਹੈ, ਕਿਉਂਕਿ ਇਹਨਾਂ ਆਰਥਿਕਤਾਵਾਂ ਦੇ ਪਾਸਾਰ ਲਈ ਜਿਸ ਵਿਚ ਵਿਰੱਕਤ ਪੂੰਜੀ ਪ੍ਰਧਾਨ ਹੈ, ਇਕਸਾਰਤਾ ਦੀ ਲੋੜ ਹੈ। ਇਹ ਇੱਕਸਾਰਤਾ ਵਿਵੇਕ ਉੱਤੇ ਆਧਾਰਿਤ ਹੈ ਅਤੇ ਵਿਵੇਕ ਜਗਤ ਦੇ ਮੁੱਢਲੇ ਸੰਕਲਪਾਂ ਉੱਤੇ। ਇਕ ਇਹ ਕਿ ਜਗਤ ਦਵੰਦਮੁਖੀ ਜਾਂ ਡਾਇਲੈਕਟੀਕਲ ਹੈ ਅਤੇ ਦੂਜਾ ਇਸ ਦੀ ਪ੍ਰਧਾਨ ਪ੍ਰੇਰਣਾ ਇਕ ਸ਼ਕਤੀ ਦਾ ਦੂਜੀ ਉੱਤੇ ਫ਼ਤਹਿ ਹਾਸਿਲ ਕਰਨਾ ਹੈ। ਇਸ ਵਿਚਾਰ ਦਾ ਸੰਬੰਧ ਡਾਰਵਿਨ ਨਾਲ ਵੀ ਜਾ ਜੁੜਦਾ ਹੈ, ਮਾਰਕਸ ਨਾਲ ਤਾਂ ਸਪੱਸ਼ਟ ਸੰਬੰਧ ਹੈ ਹੀ। ਇਹਨਾਂ ਦੋ ਸੰਕਲਪਾਂ ਨਾਲ ਉਸਾਰੇ ਜਗਤ ਵਿਚ ਪ੍ਰਕਿਰਤੀ ਅਤੇ ਪ੍ਰੇਮ ਸ਼ਕਤੀ ਜਾਂ ਲਿਬਿਉਡੋ ਨਾਲੋਂ ਵਿਛੋੜਾ ਹੋਇਆ ਹੈ, ਘੱਟੋ-ਘੱਟ ਉਹਨਾਂ ਦਾ ਸਤਿਕਾਰ ਕਾਇਮ ਨਹੀਂ ਰਿਹਾ। ਇਸ ਕਾਰਣ ਭਾਸ਼ਾ ਵੀ ਤਰਕਸ਼ੀਲ ਅਤੇ ਇਕਸਾਰੀ ਹੋ ਗਈ ਹੈ, ਚਿੰਨਾਂ ਦੇ ਸਿਗਨੀਫਾਈਡ ਵੀ ਇਕ ਤੋਂ ਵੱਧ ਨਹੀਂ ਰਹੇ। ਭਾਸ਼ਾ ਨੂੰ ਕਿਵੇਂ ਮੁੜ ਅਨਿਕ-ਸਿਗਨੀਫਾਈਡਾਂ ਵਾਲੀ ਬਣਾਇਆ ਜਾਵੇ, ਜਿਸ ਨਾਲ ਵਿਅਕਤੀ ਦੇ ਮਨ ਅਤੇ ਦੇਹ ਵਿਚ ਸਰਬਪੱਖਤਾ ਅਤੇ ਜਟਿਲ ਬ੍ਰਹਿਮੰਡੀ ਰਿਸ਼ਤੇਦਾਰੀ ਉੱਸਰੇ ? ਇਹ ਇਕ ਵੱਡਾ ਪ੍ਰਸ਼ਨ ਹੈ। ਇਸ ਨੂੰ ਪਾਬਲੋ ਨੇਰੂਦਾ, ਫੈਜ਼ ਅਹਿਮਦ ਫ਼ੈਜ਼ ਵਰਗੇ ਖੱਬੇ ਪੱਖੀ ਕ੍ਰਾਂਤੀਕਾਰੀਆਂ ਨੇ ਜਾਂ ਪੈਸਟਰਨਾਕ ਵਰਗੇ ਕ੍ਰਾਂਤੀ ਦੇ ਪੁਨਰ-ਚਿੰਤਕਾਂ ਨੇ ਆਪਣੀਆਂ ਕਿਰਤਾਂ ਦਾ ਮੁੱਦਾ ਬਣਾਇਆ ਹੈ ਅਤੇ ਕਈ ਸਿਗਨੀਫਾਈਡ ਜਗਾਉਣ ਵਾਲੇ ਚਿੰਨ-ਸ਼ਾਸਤਰਾਂ ਦਾ ਸਿਰਜਣ ਕੀਤਾ ਹੈ ਪਰ ਫਿਰ ਵੀ ਭਾਸ਼ਾ ਦਾ ਇਕਹਿਰਾਪਣ ਅਜੇ ਸਮੱਸਿਆ ਬਣਿਆ ਖੜਾ ਹੈ।

ਇਹ ਮਸਲਾ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਵੀ ਦਰਪੇਸ਼ ਹੈ। ਓਦੋਂ ਵਿਲੱਖਣ ਧਾਰਮਿਕ ਸੰਗਠਨ ਭਾਸ਼ਾ ਨੂੰ ਆਪਣੇ ਪਰਿਪੇਖ ਪ੍ਰਗਟਾਉਣ ਲਈ ਵਰਤ ਰਹੇ ਸਨ, ਪਰ ਭਾਸ਼ਾ ਅਜੇ ਇਕਾਂਗੀ ਜਾਂ ਇਕ ਪਾਸਾਰੀ ਨਹੀਂ ਸੀ ਬਣੀ। ਉਹ ਵਿਸਮਾਦੀ ਵਾਹਿਗੁਰੂ, ਪਰਕਿਰਤੀ, ਪ੍ਰੇਮ-ਭਾਵ, ਸਾਂਝੇ ਜੀਵਨ ਦੀ ਇੱਛਾ ਨਾਲ ਜੁੜੀ ਹੋਈ ਸੀ। ਗੁਰੂ ਨਾਨਕ ਦੇਵ ਜੀ ਇਸ ਜੋੜ ਨੂੰ ਕਾਇਮ ਰੱਖਦੇ ਹਨ ਅਤੇ ਉਸ ਵਿਚ ਰਹਿ ਕੇ ਹੀ ਚਿੰਤਨ ਪਰਿਵਰਤਨ ਕਰਦੇ ਹਨ। ਉਹਨਾਂ ਦਾ ਸ਼ਬਦ ਜਾਂ ਚਿੰਨ 'ਵਪਾਰ ਵਾਹਿਗੁਰੂ ਪ੍ਰਕਿਰਤੀ, ਪ੍ਰੇਮ-ਭਾਵ ਤੋਂ ਲੈ ਕੇ ਸਾਧਾਰਨ ਜੀਵਨ-ਕਿਰਿਆ ਤੱਕ ਸਫ਼ਰ ਕਰਦਾ ਹੈ। ਆਪਣੇ ਵੱਖ-ਵੱਖ ਸਿਗਨੀਫਾਈਡ ਸੰਭਾਲ ਕੇ ਸਰਗਰਮ ਰਹਿੰਦਾ ਹੈ।

ਗੁਰੂ ਨਾਨਕ ਸਾਹਿਬ ਦੇ ਸ਼ਬਦ ਵਿਚ ਕਈ ਪ੍ਰਕਾਰ ਦੀ ਪਰਤਾ ਜਾਂ ਅਦਰਨੈਸ ਸੁਰੱਖਿਅਤ ਹੈ। ਇਕ ਪਰਤਾ ਦੂਜੇ ਨਾਲ ਸੰਵਾਦ ਵਿਚ ਵੀ ਹੈ। ਇਸ ਪ੍ਰਕਿਰਿਆ ਨਾਲ ਜੀਵੰਤ ਭਾਸ਼ਾ ਜਾਂ ਚਿੰਨ੍ਹ ਵਿਧਾਨ ਸਾਜਣਾ ਅੱਜ ਸਾਡਾ ਇਕ ਵਿਸ਼ੇਸ਼ ਮੁੱਦਾ ਹੈ। ਫ਼ਤਹਿ ਦੇ ਨਿਸ਼ਾਨੇ ਤੋਂ ਪ੍ਰੇਰਿਤ ਪ੍ਰਧਾਨ ਵਰਗ ਹਰ ਸੱਭਿਆਚਾਰ ਵਿਚ ਭਾਸ਼ਾ ਨੂੰ ਹਥਿਆ ਰਹੇ ਹਨ। ਇਸ ਦੇ ਚਿੰਨ੍ਹਾਂ ਵਿਚੋਂ ਬਹੁਤੇ ਸਿਗਨੀਫਾਈਡ ਖਾਰਜ ਕਰਕੇ ਚਿੰਨ੍ਹਾਂ ਨੂੰ ਆਪਣੀ ਰਾਜਨੀਤੀ ਲਈ ਸਹੂਲਤ ਦੇਣ ਵਾਲੇ ਸਿਗਨੀਫਾਈਡਾਂ ਨਾਲ ਭਰ ਰਹੇ ਹਨ। ਸੰਚਾਰ ਦੇ ਵਧੇ ਵਿਸ਼ਾਲ ਨੈੱਟਵਰਕ ਨਾਲ ਇਹ ਨਵ-ਬਸਤੀਵਾਦ ਦੇ ਸ਼ਕਤੀਸ਼ਾਲੀ ਹੋਣ ਦੀ ਸੰਭਾਵਨਾ ਵੱਧ ਰਹੀ ਹੈ। ਭਾਸ਼ਾ ਦੀ ਇਸ ਇਕਾਂਗਿਤਾ ਬਾਰੇ ਲਿਉਤਾਰ(ਦ) ਨੇ ਆਪਣੀ ਪੁਸਤਕ ਡਿਫ਼ਰੰਡ ਵਿਚ ਚਿੰਤਾ ਪ੍ਰਗਟ ਕੀਤੀ ਹੈ। ਲਿਉਤਾਰ (ਦ) ਲਈ ਡਿਫ਼ਰੰਡ ਅਜਿਹਾ ਕਾਨੂੰਨੀ ਕੇਸ ਹੈ। ਜਿਸ ਵਿਚ ਦਾਅਵੇਦਾਰ ਨੂੰ "ਚੁੱਪ ਕਰਾ ਦਿੱਤਾ ਜਾਂਦਾ ਹੈ। ਕੇਸ ਨੂੰ ਰੈਗੁਲੇਟ ਕਰਨ ਲਈ ਅਜਿਹੀ ਭਾਸ਼ਾ ਜਾਂ ਮੁਹਾਵਰਾ ਵਰਤਿਆ ਜਾਂਦਾ ਹੈ, ਜਿਸ ਨਾਲ ਦਾਅਵੇਦਾਰ ਨੇ ਜੋ ਨੁਕਸਾਨ ਉਠਾਇਆ ਹੈ ਅਤੇ ਜਿਸ ਲਈ ਦਾਅਵਾ ਕੀਤਾ ਹੈ, ਉਹ ਚਿੰਨ-ਬੱਧ ਨਹੀਂ ਹੁੰਦਾ। ਸਾਧਾਰਣ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਭਾਸ਼ਾ ਇਕ ਪਾਸਾਰੀ ਹੋਣ ਕਾਰਨ ਪਰਤਾ ਨੂੰ ਨਹੀਂ ਪਛਾਣਦੀ। ਇੱਕੋ ਵਰਗ ਦੇ ਹੱਕ ਵਿਚ ਜਾਣ ਵਾਲਾ ਮੁਹਾਵਰਾ ਅਤੇ ਵਾਕ-ਅੰਸ਼, ਪਰ ਨੂੰ ਅੱਖੋਂ ਉਹਲੇ ਕਰਦੇ ਹਨ ਜਾਂ ਤ੍ਰਿਸਕਾਰਦੇ ਹਨ। ਕਈ ਪਰਾਂ ਵਿਚ ਇੱਕੋ ਵੇਲੇ ਯਾਤਰਾ ਕਰ ਸਕਣ ਵਾਲਾ ਸ਼ਬਦ ਹੀ ਬਹੁ-ਧਿਰੀ ਸੰਵਾਦ ਰਚ ਸਕਦਾ ਹੈ ਅਤੇ ਪਰ ਨੂੰ ਪਛਾਣਨ ਦੀ ਪੂਰੀ ਜ਼ਿੰਮੇਵਾਰੀ ਨਿਭਾ ਸਕਦਾ ਹੈ। ਨਵੇਂ ਪ੍ਰਸੰਗ ਵਿਚ ਭਾਸ਼ਾ/ਚਿੰਨ ਦੀ ਕਈ ਪਰਾਂ ਜਾਂ ਦੂਜਿਆਂ ਨੂੰ ਪਛਾਣਨ ਅਤੇ ਉਹਨਾਂ ਨਾਲ ਸੰਵਾਦ ਵਿਚ ਰਹਿ ਸਕਣ ਦੀ ਸਮਰੱਥਾ ਮੁੜ ਸਾਜਣ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਯੋਗ ਅਧਿਐਨ ਮੰਗਦੀ ਹੈ।

ਹੁਣ ਵੱਡਾ ਪ੍ਰਸ਼ਨ ਇਹ ਹੈ ਕਿ ਭਾਸ਼ਾ ਨੂੰ ਅਨੇਕਾਂ ਪਰਾਂ ਵੱਲ ਸੰਵੇਦਨਸ਼ੀਲ ਬਣਾਉਣ ਲਈ ਕਿਸ ਕਿਸਮ ਦੇ ਯਤਨ ਦੀ ਲੋੜ ਹੈ ? ਕੀ ਇਹ ਰਾਜਸੀ ਹੋਵੇ, ਭਾਸ਼ਾਈ ਹੋਵੇ ਜਾਂ ਆਤਮ ਨੂੰ ਨਵ-ਸਿਰਜਣ ਵਾਲੇ ਪਾਸਿਉਂ ਆਰੰਭ ਹੋਵੇ। ਬਹੁ-ਪਰਾਂ ਵੱਲ ਸੰਵੇਦਨਸ਼ੀਲ ਭਾਸ਼ਾ ਸਾਜਣਾ ਕੋਈ ਇਕਹਿਰਾ ਯਤਨ ਨਹੀਂ ਹੋ ਸਕਦਾ। ਇਸ ਵਿਚ ਰਾਜਸੀ, ਆਤਮਕ ਅਤੇ ਭਾਸ਼ਾਈ-ਚਿੰਨ੍ਹਕ ਤਿੰਨੋਂ ਉੱਦਮ ਹੀ ਸ਼ਾਮਿਲ ਹਨ। ਇਹ ਇਕ ਬਹੁ-ਪਰਤੀ ਅਤੇ ਉਲਟਾਉ ਯਤਨ ਹੀ ਹੋ ਸਕਦਾ ਹੈ। ਪਿੱਛੇ ਹਵਾਲਿਤ ਪੁਸਤਕ ਐਮਪਾਇਰ ਦੇ ਕਰਤਾ ਹਾਰਡਟ ਅਤੇ ਨੇਗਰੀ ਉਲਟਾਊ ਕਿਰਿਆ ਨੂੰ ਵੀ ਪ੍ਰੇਮ-ਪ੍ਰੋਜੈਕਟ ਹੀ ਮੰਨਦੇ ਹਨ। ਕੁਝ ਸਮਾਂ ਪਹਿਲਾਂ ਨੌਰਮਨ ਓ. ਬਰਾਉਨ ਅਤੇ ਹਰਬਰਟ ਮਾਰਕੁਸੇ ਆਪਣੀਆਂ ਲਿਖਤਾਂ ਵਿਚ ਸਾਨੂੰ ਦੱਸ ਚੁੱਕੇ ਹਨ ਕਿ ਨਵ-ਸਿਰਜਣ ਜਾਂ ਉਲਟਾਊ ਕਿਰਿਆ ਲਈ ਆਤਮ ਨੂੰ ਪ੍ਰੇਮ-ਸ਼ਕਤੀ ਨਾਲ ਭਰਪੂਰ ਹੋਣਾ ਚਾਹੀਦਾ ਹੈ। ਅਜਿਹਾ ਆਤਮ ਜੋ ਬਹੁਤੇ ਪਰਾਂ ਨਾਲ ਸੰਵਾਦ ਰਚ ਸਕੇ। ਉਹਨਾਂ ਦੀ ਸ਼ਕਤੀ ਨਾਲ ਨਿਕਟਵਰਤੀ ਆਦਾਨ-ਪ੍ਰਦਾਨ ਕਰ ਸਕੇ। ਰਾਜ, ਆਤਮ ਅਤੇ ਭਾਸ਼ਾ/ਚਿੰਨ੍ਹ ਦਾ ਨਵ-ਨਿਰਮਾਣ ਇਕੱਲੇ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਇੱਕ-ਜੁੱਟ ਯਤਨ ਦੀ ਪ੍ਰਤੱਖ ਉਦਾਹਰਣ ਹੈ। ਇਸ ਵਿਚ ਫਤਹਿ ਦਾ ਉਹ ਪਰਤੰਤਰ ਕਰਨ ਵਾਲਾ ਮੁੱਦਾ ਨਹੀਂ ਹੈ ਜਿਸ ਦੇ ਆਉਣ ਨਾਲ ਪਰ ਬਾਰੇ ਅਣਸੰਵੇਦਨਸ਼ੀਲਤਾ ਆਉਂਦੀ ਹੈ। ਪੱਛਮ ਦੇ ਚਿੰਨ੍ਹ ਸ਼ਾਸਤਰ ਵਿਚ ਇਹ ਕਿਵੇਂ ਅਤੇ ਕਿਨ੍ਹਾਂ ਨਤੀਜਿਆਂ ਨਾਲ ਵਾਪਰਿਆ, ਉੱਥੇ ਚਿੰਨ੍ਹ ਕਿਵੇਂ ਲਿਬਿਡੋ ਤੋਂ ਖਾਲੀ ਹੋਇਆ, ਇਸ ਬਾਰੇ ਭਰਪੂਰ ਚਰਚਾ ਲਿਉਤਾਰ(ਦ) ਨੇ ਆਪਣੀ ਪੁਸਤਕ ਲਿਬਿਡਿਨਲ ਇਕੋਨੌਮੀ ਵਿਚ ਕੀਤੀ ਹੈ।

ਰਾਜ, ਆਤਮ, ਲਿਬਿਡੋ, ਭਾਸ਼ਾ/ਚਿੰਨ ਦੇ ਅੰਤਰ-ਸੰਵਾਦ ਨਾਲ ਹੀ ਨਵ-ਨਿਰਮਾਣ ਹੋ ਸਕਦਾ ਹੈ ਜੋ ਹਰ ਵਿਅਕਤੀ ਅਤੇ ਸੱਭਿਆਚਾਰ ਨੂੰ ਇਕ ਦੂਜੇ ਵੱਲ ਵੱਧ ਸੰਵੇਦਨਸ਼ੀਲ ਬਣਾਏ ਵਿਰੋਧ ਨੂੰ ਦਬਾਉਣ ਅਤੇ ਘਟਾਉਣ ਦੀ ਥਾਂ "ਵਿਗਾਸ ਵੱਲ ਲੈ ਜਾਣਾ ਅਤੇ ਇਸ ਲਈ ਮਾਧਿਅਮ ਤਿਆਰ ਕਰਨੇ ਹੀ ਅੱਜ ਅਹਿਮ ਸਰੋਕਾਰ ਹਨ। ਗੁਰੂ ਨਾਨਕ ਸਾਹਿਬ ਦੀ ਬਾਣੀ ਵੀ ਅਜਿਹੇ ਯਤਨਾਂ ਦੀ ਉਦਾਹਰਣ ਹੈ ਅਤੇ ਪ੍ਰੇਰਨਾ ਲਈ ਸਾਡੇ ਕੋਲ ਮੌਜੂਦ ਹੈ, ਇਹ ਬਹੁਤ ਸੰਤੋਖ ਦੇਣ ਵਾਲੀ ਗੱਲ ਹੈ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇੰਸਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




# 22

## GET FLAT 22 CENTS DISCOUNT AT




TA TravelCenters of America

PETRO Stopping Centers

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com